## ਅਧਿਆਇ 5

# ਪ੍ਰਭੂ ਦਾ ਦਿਨ ਅਤੇ ਨਸੀਹਤਾਂ

## ਮਸੀਹ ਦੀ ਦੂਜੀ ਆਮਦ ਦੇ ਸਮੇਂ ਬਾਰੇ ਸਿੱਖਿਆ (5:1-11)

**1ਪਰ ਹੇ ਭਰਾਵੋ, ਤੁਹਾਨੂੰ ਕੋਈ ਲੋੜ ਨਹੀਂ ਜੋ ਤੁਹਾਡੀ ਵੱਲ ਸਮਿਆਂ ਅਤੇ ਵੇਲਿਆਂ
ਲਈ ਕੁਝ ਲਿਖਿਆ ਜਾਵੇ। 2ਕਿਉਂ ਜੋ ਤੁਸੀਂ ਆਪ ਠੀਕ ਤਰ੍ਹਾਂ ਜਾਣਦੇ ਹੋ ਭਈ ਪ੍ਰਭੂ ਦਾ
ਦਿਨ ਇਸ ਤਰਾਂ ਆਵੇਗਾ ਜਿਸ ਤਰ੍ਹਾਂ ਰਾਤ ਨੂੰ ਚੋਰ। 3ਜਦ ਲੋਕ ਆਖਦੇ ਹੋਣਗੇ ਭਈ
ਅਮਨ ਚੈਨ ਅਤੇ ਸੁਖ-ਸਾਂਦ ਹੈ ਤਦ ਜਿਵੇਂ ਗਰਭਵੰਤੀ ਇਸਤ੍ਰੀ ਨੂੰ ਪੀੜਾਂ ਲੱਗਦੀਆਂ
ਹਨ ਤਿਵੇਂ ਉਨ੍ਹਾਂ ਦਾ ਅਚਾਣਕ ਨਾਸ ਹੋ ਜਾਵੇਗਾ ਅਤੇ ਓਹ ਕਦੀ ਨਾ ਬਚਣਗੇ। 4ਪਰ ਹੇ
ਭਰਾਵੋ, ਤੁਸੀਂ ਅਨ੍ਹੇਰੇ ਵਿੱਚ ਨਹੀਂ ਹੋ ਜੋ ਤੁਹਾਡੇ ਉੱਤੇ ਉਹ ਦਿਨ ਚੋਰ ਦੀ ਨਿਆਈਂ ਆਣ
ਪਵੇ। 5ਕਿਉਂ ਜੋ ਤੁਸੀਂ ਸੱਭੇ ਚਾਨਣ ਦੇ ਪੁੱਤ੍ਰ ਅਤੇ ਦਿਨ ਦੇ ਪੁੱਤ੍ਰ ਹੋ। ਅਸੀਂ ਰਾਤ ਦੇ ਨਹੀਂ,
ਨਾ ਅਨ੍ਹੇਰੇ ਦੇ ਹਾਂ। 6ਸੋ ਇਸ ਲਈ ਅਸੀਂ ਹੋਰਨਾਂ ਵਾਂਙੁ ਨਾ ਸਵੀਏਂ ਸਗੋਂ ਜਾਗਦੇ ਰਹੀਏ
ਅਰ ਸੁਚੇਤ ਰਹੀਏ। 7ਕਿਉਂਕਿ ਜਿਹੜੇ ਸੌਂਦੇ ਹਨ ਓਹ ਰਾਤ ਨੂੰ ਹੀ ਸੌਂਦੇ ਹਨ ਅਤੇ
ਜਿਹੜੇ ਮਤਵਾਲੇ ਹੁੰਦੇ ਹਨ ਓਹ ਰਾਤ ਨੂੰ ਹੀ ਮਤਵਾਲੇ ਹੁੰਦੇ ਹਨ। 8ਪਰ ਅਸੀਂ ਜਦੋਂ
ਦਿਨ ਦੇ ਹਾਂ ਤਾਂ ਨਿਹਚਾ ਅਤੇ ਪ੍ਰੇਮ ਦੀ ਸੰਜੋ ਅਤੇ ਮੁਕਤੀ ਦੀ ਆਸ ਨੂੰ ਟੋਪ ਦੇ ਥਾਂ
ਪਹਿਨ ਕੇ ਸੁਚੇਤ ਰਹੀਏ। 9ਕਿਉਂ ਜੋ ਪਰਮੇਸ਼ੁਰ ਨੇ ਸਾਨੂੰ ਕ੍ਰੋਧ ਦੇ ਲਈ ਨਹੀਂ ਸਗੋਂ ਇਸ
ਲਈ ਥਾਪਿਆ ਭਈ ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਮੁਕਤੀ ਨੂੰ ਪਰਾਪਤ
ਕਰੀਏ। 10ਜਿਹੜਾ ਸਾਡੇ ਲਈ ਮੋਇਆ ਭਈ ਅਸੀਂ ਭਾਵੇਂ ਜਾਗਦੇ ਭਾਵੇਂ ਸੁੱਤੇ ਹੋਈਏ ਉਹ
ਦੇ ਨਾਲ ਹੀ ਜੀਵੀਏ। 11ਇਸ ਕਾਰਨ ਤੁਸੀਂ ਇੱਕ ਦੂਏ ਨੂੰ ਤਸੱਲੀ ਦਿਓ ਅਤੇ ਇੱਕ ਦੂਏ
ਦੀ ਉੱਨਤੀ ਕਰੋ ਜਿਵੇਂ ਤੁਸੀਂ ਕਰਦੇ ਵੀ ਹੋ।**

**ਆਇਤ 1.** ਪੌਲੁਸ ਥੱਸਲੁਨੀਕੇ ਦੇ ਲੋਕਾਂ ਦੇ ਉਸ ਰਵੱਈਏ ਦੇ ਬਾਰੇ ਚਿੰਤਾ ਕਰਦਾ ਸੀ ਜੋ ਉਨ੍ਹਾਂ ਦੇ ਮਰ ਚੁੱਕੇ ਪਿਆਰਿਆਂ ਦੇ ਵਿਸ਼ੇ ਵਿੱਚ ਸੀ, ਪਰ ਇਸ ਤੋਂ ਵੀ ਵੱਧ ਕੇ ਉਸ ਨੂੰ ਮਸੀਹ ਦੀ ਦੂਸਰੀ ਆਮਦ ਦੇ ਵਿਸ਼ੇ ਵਿੱਚ ਉਨ੍ਹਾਂ ਆਪਣੀ ਸਮਝ ਦੀ ਚਿੰਤਾ ਸੀ। ਨਤੀਜੇ ਵਜੋਂ, ਉਹ ਆਮਦ "ਕਦੋਂ" ਹੋਵੇਗੀ ਤੋਂ ਤਿਆਰ ਰਹਿਣ ਦੀ ਇੱਕ ਚੇਤਾਵਨੀ ਵੱਲ ਮੁੜਿਆ। ਉਸ ਨੇ ਕਿਹਾ **ਸਮਿਆਂ ਅਤੇ ਵੇਲਿਆਂ ਲਈ** ਉਸ ਨੂੰ ਸਚਮੁੱਚ ਲਿਖਣ ਦੀ ਲੋੜ ਨਹੀਂ ਸੀ (4:9 ਵਿੱਚ ਸਮਾਨ ਭਾਸ਼ਾ ਵੇਖੋ), ਸਪੱਸ਼ਟ ਹੈ ਕਿ ਮਸੀਹ ਦੀ ਦੂਸਰੀ ਆਮਦ ਦੀ ਕੁੱਝ ਜਾਣਕਾਰੀ ਪਰਮੇਸ਼ੁਰ ਨੇ ਆਪਣੇ ਕੋਲ ਹੀ ਬਚਾ ਕੇ ਰੱਖੀ ਹੋਈ ਹੈ।

"ਸਮਿਆਂ" ਸ਼ਬਦ ਯੂਨਾਨੀ ਦੇ ਸ਼ਬਦ χρόνος (*ਕ੍ਰੋਨੋਸ*) ਤੋਂ ਹੈ, ਜਿਸ ਤੋਂ ਅਸੀਂ ਸ਼ਬਦ "ਕਾਲ-ਕ੍ਰਮ ਅਨੁਸਾਰ" ਪ੍ਰਾਪਤ ਕਰਦੇ ਹਾਂ, ਜਿਸ ਦਾ ਅਰਥ "ਸਮੇਂ ਦੇ ਕ੍ਰਮ ਵਿੱਚ" ਹੈ। *ਕ੍ਰੋਨੋਸ* ਅਰਥ ਵਿੱਚ ਸਾਡੇ ਸ਼ਬਦ "ਸਮਿਆਂ" ਦੇ ਨਾਲ ਮਿਲਦਾ-ਜੁਲਦਾ ਹੈ ਅਤੇ ਇਸ ਦਾ ਅਨੁਵਾਦ

ਆਸਾਨੀ ਦੇ ਨਾਲ ਕੀਤਾ ਜਾਂਦਾ ਹੈ। "ਵੇਲਿਆਂ" ਸ਼ਬਦ ਯੂਨਾਨੀ ਸ਼ਬਦ καιρός (*ਕਾਈਰੋਸ*) ਤੋਂ ਕੀਤਾ ਗਿਆ ਹੈ ਅਤੇ ਇਸ ਦਾ ਅਨੁਵਾਦ ਕਰਨਾ ਜ਼ਿਆਦਾ ਮੁਸ਼ਕਲ ਹੈ। ਇਹ ਇੱਕ "ਨਿਸ਼ਚਤ ਅਤੇ ਖਾਸ ਸਮੇਂ" ਨੂੰ ਸੂਚਿਤ ਕਰਦਾ ਹੈ, ਜੋ "ਵਿਸ਼ੇਸ਼ ਸਮਾਂ" ਹੁੰਦਾ ਹੈ, ਜਿਸ ਵਿੱਚ ਵਿਸ਼ੇਸ਼ਤਾ ਦੀ ਬਜਾਇ ਪਰਿਮਾਣ ਜਾਂ ਮਿਆਦ ਤੇ ਜ਼ੋਰ ਦਿੱਤਾ ਜਾਂਦਾ ਹੈ। ਇਸ ਲਈ, ਇਸ ਦਾ ਅਰਥ ਸ਼ਬਦ "ਮੌਕੇ"[1] ਦੇ ਸਮਾਨ ਕੁਝ ਹੁੰਦਾ ਸੀ। ਇਹੀ ਯੂਨਾਨੀ ਸ਼ਬਦ ਰਸੂਲਾਂ ਦੇ ਕਰਤੱਬ 1:7 ਵਿੱਚ ਵੀ ਇਸਤੇਮਾਲ ਹੋਏ ਹਨ।

**ਆਇਤ 2.** ਥੱਸਲੁਨੀਕੇ ਦੇ ਲੋਕ ਇਸ ਮਹਾਨ ਘਟਨਾ ਦੇ ਵਿਸ਼ੇ ਵਿੱਚ ਕੁਝ ਸੱਚਾਈਆਂ ਨੂੰ ਪਹਿਲਾਂ ਤੋਂ ਹੀ **ਠੀਕ ਤਰ੍ਹਾਂ** ਜਾਣ ਗਏ ਸਨ, ਉਦਾਹਰਣ ਦੇ ਤੌਰ ਤੇ ਜਦੋਂ ਪੌਲੁਸ ਮੌਜੂਦ ਸੀ, ਤਾਂ ਉਸਦੀਆਂ ਵਿਅਕਤੀਗਤ ਸਿੱਖਿਆਵਾਂ ਦੇ ਰਾਹੀਂ। ਏ. ਟੀ. ਰੋਬਰਟਸੰਨਜ਼ ਦਾ ਵਿਸ਼ਵਾਸ ਸੀ ਕਿ ਪੌਲੁਸ ਨੇ ਕਿਹਾ ਕਿ ਉਹ "ਠੀਕ ਤਰ੍ਹਾਂ" ਜਾਣਦੇ ਸਨ ਕਿ ਉਹ "ਸਮਿਆਂ ਅਤੇ ਵੇਲਿਆਂ" (ਆਇਤ 1) ਨੂੰ ਨਹੀਂ ਜਾਣ ਸਕਦੇ ਹਨ ਕਿਉਂਕਿ, ਆਪਣੀ ਦੇ ਮੌਜੂਦਗੀ ਦੇ ਸਮੇਂ ਉਸ ਨੇ ਉਨ੍ਹਾਂ ਨੂੰ ਸਿਖਾਇਆ ਸੀ, ਕਿ ਉਨ੍ਹਾਂ ਨੂੰ ਅਜਿਹੀ ਜਾਣਕਾਰੀ ਤੋਂ ਅਣਜਾਣ ਰਹਿਣਾ ਸੀ ਕਿਉਂਕਿ ਇਹ ਪਰਮੇਸ਼ੁਰ ਨੇ ਆਪਣੇ ਆਪ ਦੇ ਲਈ ਰੱਖੀ ਗਈ ਸੀ।[2] ਲੀਓਨ ਮੌਰਿਸ ਦੇ ਅਨੁਸਾਰ, ਇਹ ਇੱਕ ਯੋਗ ਵਿਆਖਿਆ ਹੈ।[3]

"ਠੀਕ ਤਰ੍ਹਾਂ" ਦੇ ਸੰਬੰਧ ਵਿੱਚ (ἀκριβῶς *ਅਕ੍ਰੀਬੋਸ*), ਜਿਸ ਦਾ ਅਰਥ "ਸ਼ੁੱਧਤਾ ਪੂਰਵਕ, ਹੋਰ ਵੀ ਠੀਕ-ਠੀਕ," ਰਾਬਰਟ ਜੂਏਟ ਨੇ ਸੁਝਾਅ ਦਿੱਤਾ,

> . . . ਹੋ ਸਕਦਾ ਹੈ ਕਿ ਪੌਲੁਸ ਨੇ ਥੱਸਲੁਨੀਕੇ ਦੇ ਲੋਕਾਂ ਦੇ ਇੱਕ ਪ੍ਰਸ਼ਨ ਦਾ ਉੱਤਰ ਦਿੱਤਾ ਹੋਵੇ [ਜਿਵੇਂ], "ਸਾਨੂੰ *ਠੀਕ ਠੀਕ* ਦੱਸੋ ਪਾਰਾਊਜ਼ੀਆ ਕਦੋਂ ਹੋਣ ਵਾਲਾ ਹੈ।" ਇਹੋ ਜਿਹੇ ਪ੍ਰਸ਼ਨ ਵਿੱਚ ਜੋ ਦ੍ਰਿਸ਼ਟੀਕੋਣ ਪਰਗਟ ਹੁੰਦਾ ਹੈ ਸ਼ਾਇਦ ਉਹ ਉਸ ਵਿੱਚ ਪਰੰਪਾਰਿਕ ਸਿੱਖਿਆ ਨੂੰ ਸਵੀਕਾਰ ਕਰਨ ਦੇ ਵਿਸ਼ੇ ਵਿੱਚ ਇੱਕ ਅਯੋਗਤਾ ਅਤੇ ਇਨਕਾਰ ਸ਼ਾਮਲ ਸੀ ਜਿਸ ਦੀ ਯਾਦ ਪੌਲੁਸ ਨੇ 1 ਥੱਸਲੁਨੀਕੀਆਂ 5:1–2 (2 ਥੱਸਲੁਨੀਕੀਆਂ 2:5 ਨਾਲ ਵੀ ਤੁਲਨਾ ਕਰਕੇ ਵੇਖੋ) ਵਿੱਚ ਦਿੱਤੀ ਹੈ। ਸਿੱਖਿਆ ਦੀ ਗਲਤ ਭਾਵਨਾ ਦੇ ਵਿਸ਼ੇ ਵਿੱਚ ਚੇਤਾਵਨੀ (1 ਥੱਸਲੁਨੀਕੀਆਂ 5:3) ਇਹ ਸੰਕੇਤ ਦਿੰਦੀ ਜਾਪਦੀ ਹੈ ਕਿ ਕਲੀਸਿਆ ਆਉਣ ਵਾਲੇ ਨਿਆਂ ਦੀ ਅਤਿਕਥਨੀ ਤੇ ਪੂਰੀ ਤਰ੍ਹਾਂ ਨਾਲ ਵਿਸ਼ਵਾਸ ਨਹੀਂ ਕਰਦੀ ਸੀ। ਪਾਰਾਊਜ਼ੀਆ ਦੇ ਸਾਯੇ ਹੇਠ ਉਹ ਇੱਕ ਜੀਵਨ ਦੇ ਲਈ ਜ਼ਰੂਰੀ ਤਿਆਰੀ ਵਾਲੀ ਸਥਿਤੀ ਨੂੰ ਕਾਇਮ ਰੱਖਣ ਦਾ ਵਿਰੋਧ ਕਰਦੇ ਪਰਗਟ ਹੁੰਦੇ ਹਨ (1 ਥੱਸਲੁਨੀਕੀਆਂ 5:6–8)। ਸ਼ਾਇਦ ਉਨ੍ਹਾਂ ਨੇ ਮਹਿਸੂਸ ਕੀਤਾ ਸੀ ਕਿ ਨਵੇਂ ਯੁੱਗ (1 ਥੱਸਲੁਨੀਕੀਆਂ 1:4) ਦੇ ਮੈਂਬਰਾਂ ਦੇ ਰੂਪ ਵਿੱਚ ਆਪਣੀ ਚੋਣ ਨੂੰ ਦਿੰਦੇ ਹੋਏ, ਉਨ੍ਹਾਂ ਦੀ ਸਥਿਤੀ ਸੁਰੱਖਿਅਕ ਹੋਣੀ ਚਾਹੀਦੀ ਹੈ। ਪਰ ਉਨ੍ਹਾਂ ਦੇ ਬਿਪਤਾ ਦੇ ਅਨੁਭਵ ਨੇ ਨਵੇਂ ਯੁੱਗ ਦੀ ਪ੍ਰਤਿਗਿਆ ਦਾ ਇਨਕਾਰ ਕੀਤਾ ਜਾਪਦਾ ਹੈ। ਇਸ ਲਈ, ਉਹ 1 ਥੱਸਲੁਨੀਕੀਆਂ 5:14 ਦਾ ਵਰਣਨ ਜਿਵੇਂ "ਕਮਦਿਲਿਆਂ," ਦੇ ਅਨੁਸਾਰ ਪੂਰੇ ਉਤਰਦੇ ਸਨ ਉਸ ਤਰ੍ਹਾਂ ਉਹ "ਘਬਰਾਏ ਹੋਏ," "ਨਿਰਾਸ਼," ਅਤੇ … "ਸਮੱਸਿਆ ਦੇ ਨਾਲ ਉਤਾਵਲੇ" ਹੋ ਗਏ ਸਨ। ਪਰਲੋਕ ਵਿੱਦਿਆ ਦਾ ਅਨੁਭਵ ਕੀਤਾ ਗਿਆ ਉਨ੍ਹਾਂ ਦਾ ਗਹਿਰਾ ਤਜਰਬਾ, ਭਵਿੱਖ ਵਿੱਚ ਪਰਲੋਕ ਵਿਦਿਆ ਦੀ ਅਨਿਸ਼ਚਤਤਾ ਦੇ ਨਾਲ ਜੀਉਣ ਗੁਜ਼ਾਰਣ ਦੀ ਇੱਕ ਨਿਰੰਤਰ ਅਣਇੱਛਾ ਦੀ, ਗੱਲ ਕਰਦਾ ਹੈ।[4]

**ਪ੍ਰਭੂ ਦਾ ਦਿਨ** ਪੁਰਾਣੇ ਨੇਮ ਵਿੱਚ ਅਕਸਰ ਇਸ ਦੀ ਗੱਲ ਕੀਤੀ ਗਈ ਸੀ। ਅਸਲ ਵਿੱਚ, ਇਹ ਵਾਕ ਆਮੋਸ ਦੇ ਸਮੇਂ (c. 750 ਈ.ਪੂ.) "ਚਾਨਣ," ਜਾਂ ਬਰਕਤ ਦੇ ਦਿਨ ਦਾ

ਉਲੇਖ ਕਰਨ ਦੇ ਲਈ ਵਿੱਚ ਵਰਤਿਆ ਗਿਆ ਸੀ, ਪਰ ਨਬੀ ਨੇ ਚੇਤਾਵਨੀ ਦਿੱਤੀ ਹੈ ਕਿ ਉਨ੍ਹਾਂ ਦੀ ਬੁਰਾਈ ਦੇ ਕਾਰਣ ਇਹ ਇੱਕ "ਹਨੇਰੇ," ਜਾਂ ਨਿੰਦਾ ਦਾ ਦਿਨ ਹੋਵੇਗਾ (ਆਮੋਸ 5:18). ਕਈ ਵਾਰ "ਪ੍ਰਭੂ ਦਾ ਦਿਨ" ਇਸ ਧਰਤੀ ਉੱਤੇ ਮਨੁੱਖ ਦੇ ਅਸਤਿੱਤਵ ਦੇ ਸਮੇਂ ਹੀ ਹੋ ਗਿਆ ਸੀ, ਜਿਵੇਂ ਕਿ 70 ਈ.ਸੀ. ਵਿੱਚ ਯਰੂਸ਼ਲਮ ਦਾ ਵਿਨਾਸ਼, ਪਰ ਇਹ ਸਾਰੇ ਦਿਨ ਇੱਕ ਮਹਾਨ "ਪ੍ਰਭੂ ਦੇ ਦਿਨ" ਨੂੰ ਦਰਸਾਉਂਦੇ ਹਨ-ਇਤਿਹਾਸ ਦੇ ਅੰਤ ਵਿਚ ਅੰਤਿਮ ਨਿਆਂ ਦਾ ਦਿਨ, ਇੱਥੇ ਉਸੇ ਦਿਨ ਦੇ ਬਾਰੇ ਦੱਸਿਆ ਗਿਆ ਹੈ (1 ਕੁਰਿੰਥੀਆਂ 1:8; 5:5; ਫ਼ਿਲਿੱਪੀਆਂ 1:6 ਵੀ ਵੇਖੋ)। ਇਹ ਕੁਝ ਲੋਕਾਂ ਦੇ ਲਈ ਇੱਕ "ਕ੍ਰੋਧ" ਜਾਂ ਸਜ਼ਾ ਦਾ ਦਿਨ ਹੋਵੇਗਾ (ਰੋਮੀਆਂ 2:5), ਅਤੇ ਹੋਰਨਾਂ ਦੇ ਲਈ "ਛੁਟਕਾਰੇ" ਦਾ ਦਿਨ ਹੋਵੇਗਾ (ਅਫ਼ਸੀਆਂ 4:30)।

ਇਸ ਦਿਨ ਦੇ ਵਿਸ਼ੇ ਵਿੱਚ ਉਹ ਪਹਿਲਾਂ ਤੋਂ ਹੀ ਜੋ ਕੁਝ ਜਾਣਦੇ ਸਨ ਉਹ ਇਹ ਹੈ ਕਿ ਇਹ **ਇਸ ਤਰਾਂ ਆਵੇਗਾ ਜਿਸ ਤਰ੍ਹਾਂ ਰਾਤ ਨੂੰ ਚੋਰ**। ਅਸਲੀਅਤ ਵਿੱਚ ਉਨ੍ਹਾਂ ਦੇ ਨਾਲ ਰਹਿੰਦਿਆਂ ਹੋਇਆਂ ਪੌਲੁਸ ਨੇ ਉਨ੍ਹਾਂ ਨੂੰ ਇਹ ਸੱਚਾਈ ਦੱਸੀ ਸੀ। ਜਦੋਂ ਅਸੀਂ ਨਿਗਰਾਨੀ ਨਹੀਂ ਕਰ ਰਹੇ ਹੁੰਦੇ ਹਾਂ, ਤਾਂ ਉਸ ਸਮੇਂ ਇੱਕ ਚੋਰ ਅਚਾਨਕ ਸਾਡੇ ਤੇ ਆਣ ਪੈਂਦਾ ਹੈ। ਉਸੇ ਤਰ੍ਹਾਂ, ਯਿਸੂ ਅਚਾਨਕ ਅਤੇ ਆਕਸਮਿਕ ਢੰਗ ਦੇ ਨਾਲ ਆ ਜਾਵੇਗਾ (ਮੱਤੀ 24:43, 44; 2 ਪਤਰਸ 3:10)। ਜਿਵੇਂ ਪਹਿਲਾਂ ਹੀ ਦੱਸਿਆ ਗਿਆ ਹੈ, ਕੇਵਲ ਪਿਤਾ ਜਾਣਦਾ ਹੈ ਕਿ ਉਹ ਕਦੋਂ ਆਵੇਗਾ (ਮੱਤੀ 24:36; ਮਰਕੁਸ 13:32), ਪਰ ਇਹ ਗੱਲ ਪੱਕੀ ਹੈ ਕਿ ਉਹ ਕਿਸੇ ਵੀ ਸਮੇਂ ਆ ਜਾਵੇਗਾ, ਇਸ ਲਈ ਸਾਨੂੰ ਹਰ ਸਮੇਂ ਤਿਆਰ ਰਹਿਣਾ ਚਾਹੀਦਾ ਹੈ (ਪਰਕਾਸ਼ ਦੀ ਪੋਥੀ 16:15; ਇਬਰਾਨੀਆਂ 10:31)।

ਆਈ. ਹਾਵਰਡ ਮਾਰਸ਼ਲ ਨੇ ਇੱਥੇ ਇੱਕ ਉਚਿਤ ਚੇਤਾਵਨੀ ਨੂੰ ਜੋੜਿਆ ਹੈ:

> ਇਹ ਗੱਲ ਧਿਆਨ ਦੇਣ ਦੇ ਯੋਗ ਹੈ ਕਿ ਅੱਜ ਬਹੁਤ ਸਾਰੇ ਲੋਕ ਅੰਤ ਦੇ ਸਮੇਂ ਅਤੇ ਉਸ ਦੀਆਂ ਘਟਨਾਵਾਂ ਦੇ ਕ੍ਰਮ ਦੋਵਾਂ ਦੇ ਵਿਸ਼ੇ ਵਿੱਚ ਵਿਸਥਾਰ ਨਾਲ ਜਾਣਕਾਰੀ ਲੈਣ ਦੀ ਬਹੁਤ ਹੀ ਲਾਲਸਾ ਰੱਖਦੇ ਹਨ, ਅਤੇ ਉੱਥੇ ਅਜਿਹੇ ਲੇਖਕ ਮੌਜੂਦ ਹਨ ਜੋ ਪ੍ਰਸ਼ਨ ਦਾ ਉੱਤਰ ਮਿੰਟ ਮਿੰਟ ਦੇ ਵੇਰਵੇ ਨਾਲ ਅਤੇ ਬਿਨਾਂ ਕਿਸੇ ਕਲਪਨਾ ਦੇ ਦੇਣ ਲਈ ਤਿਆਰ ਹਨ। "ਵਿਧਾਨ ਦੇ ਉਲਟ" ਸਿੱਖਿਆ ਦੇ ਕੁਝ ਹਿਮਾਇਤੀ ਯਿਸੂ ਦੀ ਦੂਸਰੀ ਆਮਦ ਦੇ ਵਿਸ਼ੇ ਵਿੱਚ ਖਾਸ ਤੌਰ ਤੇ ਭਵਿੱਖ ਦੀਆਂ ਘਟਨਾਵਾਂ ਦੀ ਸੰਪੂਰਨ ਅਤੇ ਵਿਸਤ੍ਰਿਤ ਸਮਾਂ-ਸਾਰਣੀਆਂ ਦੀ ਪੇਸ਼ਕਸ਼ ਕਰਨ ਦੇ ਇੱਛੁਕ ਹਨ। ਪੌਲੁਸ ਨੇ [ਰਾਹੀਂ] ਅਜਿਹਾ ਨਹੀਂ ਕੀਤਾ। ਜਦੋਂ ਉਸ ਕੋਲੋਂ ਵਿਸਥਾਰ ਪੂਰਵਕ ਜਾਣਕਾਰੀ ਮੰਗੀ ਗਈ, ਤਾਂ ਉਸ ਦੇ ਕੋਲ ਕਹਿਣ ਦੇ ਲਈ ਇਸ ਤੋਂ ਵੱਧ ਕੇ ਹੋਰ ਕੁਝ ਵੀ ਨਹੀਂ ਸੀ ਜੋ ਉਸ ਨੇ ਇਸ ਬੰਦ ਵਿੱਚ ਕਿਹਾ ਸੀ। ਮਸੀਹੀ ਸਿੱਖਿਅਕਾਂ ਨੂੰ ਅੱਜ ਉਸ ਦੀ ਮਿਸਾਲ ਦਾ ਅਨੁਸਰਣ ਕਰਨਾ ਚਾਹੀਦਾ ਹੈ ਕਿ "ਜਿਹੜੀਆਂ ਗੱਲਾਂ ਲਿਖੀਆਂ ਹੋਈਆਂ ਹਨ ਉਨ੍ਹਾਂ ਤੋਂ ਪਰੇ ਨਾ ਵਧੋ" (1 ਕੁਰਿੰਥੀਆਂ 4:6, ਸ਼ਾਬਦਿਕ ਪੇਸ਼ਕਾਰੀ).[5]

**ਆਇਤ 3.** ਸੱਤਵੀਂ ਸ਼ਤਾਬਦੀ ਈ.ਪੂ. ਵਿੱਚ, ਜਦੋਂ ਯਿਰਮਿਯਾਹ ਨਬੀ ਨੇ ਯਰੂਸ਼ਲਮ ਦੇ ਲਈ ਕੈਦ ਅਤੇ ਵਿਨਾਸ਼ ਦੀ ਭਵਿੱਖਵਾਣੀ ਕੀਤੀ (ਯਿਰਮਿਯਾਹ 6:1), ਉੱਥੇ ਝੂਠੇ ਨਬੀ ਅਤੇ ਹੋਰ ਲੋਕ ਸਨ ਜਿਨ੍ਹਾਂ ਨੇ ਉਸ ਦਾ ਖੰਡਨ ਕੀਤਾ, ਅਤੇ ਆਤਮ-ਵਿਸ਼ਵਾਸ ਦੇ ਨਾਲ "ਸ਼ਾਂਤੀ" ਦੀ ਭਵਿੱਖਵਾਣੀ ਕੀਤੀ ਸੀ (ਯਿਰਮਿਯਾਹ 6:14)। ਫਿਰ ਵੀ, ਯਿਸੂ ਦੇ ਅਣਆਗਿਆਕਾਰੀ ਲੋਕਾਂ ਨੂੰ ਦੋਸ਼ੀ ਠਹਿਰਾਉਣ ਲਈ ਆਉਣ ਦੇ ਸਮੇਂ ਤੱਕ ਵੀ, ਬਹੁਤ ਸਾਰੇ ਵਿਸ਼ਵਾਸਘਾਤੀ ਸਿੱਖਿਅਕ ਕਹਿੰਦੇ ਹੋਏ ਆਉਣਗੇ ਕਿ "ਸ਼ਾਂਤੀ ਅਤੇ ਸੁਰੱਖਿਆ ਹੈ।"

(2 ਪਤਰਸ 3:3–9 ਦੇ "ਠੱਠਾ ਕਰਨ ਵਾਲਿਆਂ" ਦੇ ਨਾਲ ਤੁਲਨਾ ਕਰੋ।)

ਪੌਲੁਸ ਨੇ ਕਿਹਾ ਕਿ ਜਿਵੇਂ ਯਿਰਮਿਯਾਹ ਦੇ ਦਿਨਾਂ ਵਿੱਚ ਜਦੋਂ ਬਾਬੁਲ ਨੇ 586 ਈ. ਪੂ. ਵਿੱਚ ਯਰੂਸ਼ਲਮ ਦਾ ਵਿਨਾਸ਼ ਕੀਤਾ ਸੀ ਤਾਂ ਝੂਠੇ ਨਬੀ ਗਲਤ ਠਹਿਰੇ ਸਨ, ਉਸੇ ਤਰ੍ਹਾਂ ਇਸ ਯੁੱਗ ਵਿੱਚ ਵੀ ਉਹ ਗਲਤ ਠਹਿਰਣਗੇ। ਯਿਸੂ ਅਣਆਗਿਆਕਾਰੀ ਲੋਕਾਂ ਨੂੰ ਦੋਸ਼ੀ ਠਹਿਰਾਉਣ ਦੇ ਲਈ ਆਵੇਗਾ। ਅਸਲ ਵਿੱਚ, **ਉਨ੍ਹਾਂ ਦਾ ਅਚਾਣਕ ਨਾਸ ਹੋ ਜਾਵੇਗਾ।** "ਨਾਸ਼," ਸ਼ਬਦ ਯੂਨਾਨੀ ਸ਼ਬਦ ὄλεθρος (*ਓਲੀਥ੍ਰੋਸ*) ਤੋਂ ਆਇਆ ਹੈ ਜਿਸ ਦਾ ਅਰਥ ਹੋਂਦ ਨੂੰ ਪੂਰੀ ਤਰ੍ਹਾਂ ਦੇ ਨਾਲ ਖਤਮ ਕਰਨਾ ਨਹੀਂ ਹੈ, ਪਰ ਬਰਬਾਦ ਅਤੇ ਗੈਰ ਕਿਰਿਆਸ਼ੀਲ ਹਾਲਤ ਵਿੱਚ ਨਿਰੰਤਰ ਹੋਂਦ ਵਿੱਚ ਰੱਖਣਾ। ਇਹੀ ਸ਼ਬਦ 2 ਥੱਸਲੁਨੀਕੀਆਂ ਵਿੱਚ ਉਨ੍ਹਾਂ ਲੋਕਾਂ ਦੇ "ਅਨੰਤ ਵਿਨਾਸ਼" ਦੇ ਲਈ ਇਸਤੇਮਾਲ ਕੀਤਾ ਗਿਆ ਹੈ "ਜਿਹੜੇ ਪਰਮੇਸ਼ੁਰ ਨੂੰ ਨਹੀਂ ਜਾਣਦੇ ਅਤੇ ਸਾਡੇ ਪ੍ਰਭੂ ਯਿਸੂ ਦੀ ਇੰਜੀਲ ਨੂੰ ਨਹੀਂ ਮੰਨਦੇ" (2 ਥੱਸਲੁਨੀਕੀਆਂ 1:8, 9)। "ਛੇਤੀ ਆਪਣਾ ਨਾਸ" ਦੀ ਵੀ ਤੁਲਨਾ ਕਰੋ, ਜੋ (2 ਪਤਰਸ 2:1) ਦੇ ਅਨੁਸਾਰ ਧਰਮ ਵਿਰੋਧੀ ਸਿੱਖਿਆ ਦੇ ਦੁਆਰਾ ਆਉਂਦਾ ਹੈ।[6]

ਫਿਰ, ਇੱਥੇ "ਨਾਸ" ਦਾ ਅਰਥ ਲੋਪ ਹੋ ਜਾਣਾ ਨਹੀਂ ਹੈ। ਅਸਲ ਵਿੱਚ, *ਓਲੇਥ੍ਰੋਸਿਸ* 1 ਕੁਰਿੰਥੀਆਂ 5:5 ਵਿੱਚ ਵੀ ਇਸਤੇਮਾਲ ਕੀਤਾ ਗਿਆ ਹੈ ਜਿੱਥੇ ਇਸ ਦੇ ਅਰਥ ਨਾਸ ਦਾ ਅਰਥ ਲੋਪ ਹੋ ਜਾਣਾ ਨਹੀਂ ਹੈ, ਜਿਸ ਵਿੱਚ ਵਿਦ੍ਰੋਹੀ ਦੀ ਸਰੀਰਕ ਮੌਤ ਵੀ ਸ਼ਾਮਲ ਹੋਵੇਗੀ। ਅਜਿਹਾ "ਪ੍ਰਭੂ ਦੇ ਦਿਨ ਵਿੱਚ ਆਤਮਾ ਦੇ ਬਚਾਏ" ਜਾਣ ਨੂੰ ਰੋਕਣ ਦੀ ਸੰਭਾਵਨਾ ਹੋਵੇਗਾ। ਡੇਵਿਡ ਜੇ. ਵਿਲੀਅਮਜ਼ ਨੇ ਕਿਹਾ, "ਇਸ ਨਾਸ਼ ਨੂੰ ਪਰਮੇਸ਼ੁਰ ਵੱਲੋਂ ਕੀਤੇ ਗਏ ਨਾਸ ਦੇ ਰੂਪ ਵਿੱਚ ਨਹੀਂ ਸਗੋਂ ਪਰਮੇਸ਼ੁਰ ਕੋਲੋਂ ਵੱਖਰੇ ਹੋ ਜਾਣ ਦੇ ਰੂਪ ਵਿੱਚ ਵੇਖਣਾ ਚਾਹੀਦਾ ਹੈ।"[7] (2 ਥੱਸਲੁਨੀਕੀਆਂ 1:9 ਤੇ ਵਿਚਾਰ-ਵਟਾਂਦਰੇ ਨੂੰ ਵੇਖੋ।)

**ਜਿਵੇਂ ਗਰਭਵੰਤੀ ਇਸਤ੍ਰੀ ਨੂੰ ਪੀੜਾਂ ਲੱਗਦੀਆਂ ਹਨ ਤਿਵੇਂ**, ਅਣਆਗਿਆਕਾਰਾਂ ਤੇ "ਨਾਸ਼" **ਅਚਾਣਕ** ਜਾਂ ਇਕਦਮ ਆ ਜਾਵੇਗਾ। ਇੱਕ ਮਿੰਟ ਲਈ ਇੰਝ ਲੱਗ ਸਕਦਾ ਹੈ ਕਿ ਅਜਿਹੀ ਇਸਤਰੀ ਠੀਕ ਠਾਕ ਹੈ, ਪਰ ਕਈਆਂ ਕੇਸਾਂ ਵਿੱਚ ਜਣਨ ਦੀਆਂ ਪੀੜਾਂ ਇੰਨੀ ਤੇਜ਼ੀ ਨਾਲ ਲੱਗਦੀਆਂ ਹਨ ਕਿ ਉਸ ਨੂੰ ਹਸਪਤਾਲ ਲੈ ਜਾਣ ਦੇ ਸਮਾਂ ਵੀ ਨਹੀਂ ਰਹਿੰਦਾ। ਪ੍ਰਭੂ ਦੇ ਆਉਣ ਦੇ ਸਮੇਂ ਨੂੰ ਵੀ ਦੱਸਿਆ ਨਹੀਂ ਜਾ ਸਕਦਾ ਹੈ। ਇੱਕ ਵਾਰ ਫਿਰ, ਇੱਕ ਗੱਲ ਪੱਕੀ ਹੈ: ਉਹ ਆਵੇਗਾ, ਅਤੇ ਉਸ ਦੇ ਨਾਲ ਅਣਆਗਿਆਕਾਰੀ ਦੇ ਲਈ "ਨਾਸ਼ ਵੀ ਆਵੇਗਾ।" ਇਸ ਲਈ, ਜਿਵੇਂ ਇੱਕ ਗਰਭਵਤੀ ਇਸਤਰੀ ਤੇ ਜਣਨ ਦੀਆਂ ਪੀੜਾਂ ਦਾ ਆਉਣਾ ਅਟਲ ਹੈ, ਉਸੇ ਤਰ੍ਹਾਂ ਯਿਸੂ ਆਵੇਗਾ, ਅਤੇ ਅਣਆਗਿਆਕਾਰੀ ਦੋਸ਼ੀ ਠਹਿਰਾਏ ਜਾਣ ਅਤੇ ਨਾਸ਼ ਤੋਂ **ਓਹ ਕਦੀ ਨਾ ਬਚਣਗੇ** (2 ਥੱਸਲੁਨੀਕੀਆਂ 1:6–10)। ਉਸ ਸਮੇਂ ਅਵਿਸ਼ਵਾਸੀਆਂ ਅਤੇ ਵਿਸ਼ਵਾਸਘਾਤੀ ਮਸੀਹੀਆਂ ਦੋਵੇਂ ਉੱਤੇ ਵਿਨਾਸ਼ ਆ ਜਾਵੇਗਾ। ਉਹ "ਕਦੀ ਨਾ ਬਚਣਗੇ।"

**ਆਇਤ 4.** ਵਿਅਕਤੀਗਤ ਪੜਨਾਂਵ ਦੇ ਬਹੁਵਚਨ ਰੂਪ **ਤੁਸੀਂ** ਨੂੰ "ਇਸ ਆਇਤ ਵਿੱਚ ਦੋ ਵਾਰ ਜ਼ੋਰ ਦੇਣ ਦੀ ਜਗਾ ਠਹਿਰਾਇਆ ਗਿਆ ਹੈ, ਇਸ ਨੂੰ ਮਸੀਹੀਆਂ ਅਤੇ ਅਵਿਸ਼ਵਾਸੀ ਸੰਸਾਰ ਦੀ ਕਿਸਮਤ ਦੇ ਵਿਚਕਾਰ ਤੁਲਨਾ ਦੀ ਸੰਪੂਰਨਤਾ ਦੇ ਚਿੰਨ੍ਹ ਦੇ ਰੂਪ ਵਿੱਚ ਸਮਝਣਾ ਬੇਹਤਰ ਹੈ।"[8]

ਇੱਕ ਵਾਰ ਫਿਰ ਉਨ੍ਹਾਂ ਨੂੰ **ਭਰਾਵੋ** ਦੇ ਰੂਪ ਵਿੱਚ ਸੰਬੋਧਤ ਕਰਕੇ ਉਨ੍ਹਾਂ ਦੇ ਪ੍ਰਤਿ ਆਪਣੇ ਪ੍ਰੇਮ ਤੇ ਜ਼ੋਰ ਦਿੱਤਾ। ਸ਼ਬਦ "ਭਰਾ" ਅਤੇ "ਭਰਾਵੋ" ਕੁੱਲ ਵੀਹ ਵਾਰ 1:4; 2:1, 9, 14, 17;

3:2, 7; 4:1, 6, 9, 10 (ਦੋ ਵਾਰ), 13; 5:1, 4, 12, 14, 25, 26 ਅਤੇ 27 ਵਿੱਚ ਪਾਏ ਜਾਂਦੇ ਹਨ।

ਆਇਤ 3 ਦੇ ਅਵਿਸ਼ਵਾਸੀਆਂ ਦੇ ਵਾਂਗ ਭਾਈ **ਅਨ੍ਹੇਰੇ ਵਿੱਚ ਨਹੀਂ** ਸਨ। ਹਨੇਰਾ "ਦੁਸ਼ਟਤਾ ਦਾ ਰਾਜ" ਹੈ। ਉਹ ਦੁਸ਼ਟਤਾ ਜਾਂ ਹਨੇਰੇ ਦੇ ਵਿੱਚ ਨਹੀਂ ਸਨ ਕਿਉਂਕਿ ਉਨ੍ਹਾਂ ਨੇ ਯਿਸੂ ਦੇ ਪਿੱਛੇ ਚੱਲਣ ਨੂੰ ਚੁਣ ਲਿਆ ਸੀ ਜੋ "ਜਗਤ ਦਾ ਚਾਨਣ ਹੈ।" ਜੋ ਕੋਈ ਉਸ ਦੇ ਪਿੱਛੇ ਚਲੇਗਾ ਉਹ ਕਦੀ ਵੀ "ਅਨ੍ਹੇਰੇ ਵਿੱਚ ਕਦੇ ਨਾ ਚੱਲੇਗਾ ਸਗੋਂ ਉਹ ਦੇ ਕੋਲ ਜੀਉਣ ਦਾ ਚਾਨਣ ਹੋਵੇਗਾ" (ਯੂਹੰਨਾ 8:12)। ਉਨ੍ਹਾਂ ਨੂੰ, ਜਿਵੇਂ ਕੁਲੁੱਸੀਆਂ ਵਿੱਚ ਵੀ, ਕੀਤਾ ਗਿਆ ਸੀ ". . . ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ ਪਿਆਰੇ ਪੁੱਤ੍ਰ ਦੇ ਰਾਜ ਵਿੱਚ ਪੁਚਾ ਦਿੱਤਾ" (ਕੁਲੁੱਸੀਆਂ 1:13)। ਇਸ ਲਈ, ਇਹ ਯਿਸੂ ਦੇ ਆਉਣ ਦਾ **ਦਿਨ** (ਵੇਖੋ ਆਇਤ 2) ਉਨ੍ਹਾਂ ਨੂੰ **ਪਛਾੜ** ਨਹੀਂ ਸਕੇਗਾ। ਕੀ ਇਸ ਦਾ ਇਹ ਅਰਥ ਹੈ ਕਿ ਉਹ, ਅਣਆਗਿਆਕਾਰੀ ਦੇ ਉਲਟ, ਉਸ ਦਿਨ ਅਤੇ ਘੜੀ ਨੂੰ ਜਾਣਦੇ ਹੋਣਗੇ? ਪਵਿੱਤਰ ਸ਼ਾਸਤਰ ਦੇ ਅਨੁਸਾਰ ਨਹੀਂ। ਕੋਈ ਮਨੁੱਖ ਨਹੀਂ-ਇੱਥੋਂ ਤੱਕ ਕਿ ਮਸੀਹ ਵੀ-"ਦਿਨ ਯਾ ਘੜੀ" ਦੇ ਵਿਖੇ ਨਹੀਂ ਜਾਣਦਾ (ਮਰਕੁਸ 13:32)। ਅਸਲ ਵਿੱਚ, ਕਲਪਨਾ ਕੀਤੀ ਜਾਂਦੀ ਹੈ ਕਿ ਆਗਿਆਕਾਰੀ ਲੋਕ ਵੀ ਉਸ ਦੀ ਆਮਦ ਦੇ ਸਮੇਂ ਆਪਣੇ ਸਧਾਰਣ ਕੰਮ ਕਰ ਰਹੇ ਹੋਣਗੇ, ਜਿਵੇਂ ਕਿ ਮੱਤੀ 24:39–41 ਵਿੱਚ ਇੱਕ ਨੂੰ ਖੇਤ ਵਿੱਚੋਂ ਲੈ ਲਿਆ ਜਾਵੇਗਾ।

ਫਿਰ, ਕਿਸ ਅਰਥ ਵਿੱਚ, ਉਸ ਦਾ ਆਉਣਾ ਉਨ੍ਹਾਂ ਨੂੰ **ਇੱਕ ਚੋਰ ਦੀ ਨਿਆਂਈ** "ਪਛਾੜ" ਨਹੀਂ ਸਕੇਗਾ? ਉਹ ਆਤਮਿਕ ਤੌਰ ਤੇ ਤਿਆਰ ਹੋਣਗੇ ਅਤੇ ਉਸ ਦੇ ਆਉਣ ਤੇ "ਬੇਧਿਆਨੇ" ਨਹੀਂ ਉਠਾ ਲਏ ਜਾਣਗੇ। ਉਹ ਉਸ ਦੀ ਇੱਛਾ ਦਾ ਉਲੰਘਣ ਕਰਦੇ ਹੋਏ "ਫੜੇ" ਨਹੀਂ ਜਾਣਗੇ। ਮਸੀਹ ਦੀ ਦੂਸਰੀ ਆਮਦ ਦੇ ਵਿਸ਼ੇ ਦੀਆਂ ਜ਼ਿਆਦਾਤਰ ਚੇਤਾਵਨੀਆਂ ਦਾ ਅੰਤ ਇਹੀ ਹੁੰਦਾ ਹੈ ਕਿ ਉਸ ਦੇ ਆਉਣ ਦੇ ਸਮੇਂ ਅਸੀਂ ਤਿਆਰ ਪਾਏ ਜਾਣੇ ਚਾਹੀਦੇ ਹਾਂ (ਆਇਤ 6; ਮੱਤੀ 24:42; 25:13)।

**ਆਇਤ 5. ਕਿਉਂ ਜੋ ਤੁਸੀਂ ਸੱਭੇ** ਸ਼ਾਇਦ ਇਸ ਗੱਲ ਤੇ ਜ਼ੋਰ ਦੇ ਰਿਹਾ ਹੈ ਕਿ ਹਰ ਇੱਕ ਮੈਂਬਰ ਨੂੰ ਸ਼ਾਮਲ ਕੀਤਾ ਗਿਆ ਸੀ। ਜੇ. ਈ. ਫਰੇਮ ਨੇ ਕਿਹਾ ਕਿ ਸ਼ਬਦ "ਸਾਰੇ," ਯੂਨਾਨੀ ਸ਼ਬਦ πάντες (*ਪੈਂਟਸ*) "ਕਮਜ਼ੋਰ ਦਿਲ ਵਾਲਿਆਂ ਨੂੰ ਇੱਕ ਖਾਸ ਤਸੱਲੀ ਦੇਣ ਦੇ ਲਈ ਚੁਣਨਾ।"[9] ਲੀਓਨ ਮੌਰਿਸ ਨੇ ਟਿੱਪਣੀ ਕੀਤੀ ਕਿ ਇੱਥੇ "ਸੱਭੇ" ਵਿੱਚ ਕਮਜ਼ੋਰ ਮੈਂਬਰ ਵੀ ਸ਼ਾਮਲ ਹਨ।[10]

ਜਿਵੇਂ "ਚਾਨਣ ਅਤੇ ਹਨੇਰਾ" ਰੂਪਕ ਦੇ ਨਾਲ ਪਹਿਲਾਂ ਤੋਂ ਹੀ ਸੁਝਾਅ ਦਿੱਤਾ ਗਿਆ, ਜੋ ਨਵੇਂ ਨੇਮ ਵਿੱਚ ਆਮ ਹੈ, ਖਾਸ ਤੌਰ ਤੇ ਯੂਹੰਨਾ ਦੀਆਂ ਲਿਖਤਾਂ ਵਿੱਚ (ਉਦਾਹਰਣ ਦੇ ਲਈ, ਯੂਹੰਨਾ 1:1–9), ਹਨੇਰਾ ਇੱਕ "ਦੁਸ਼ਟਤਾ ਦੇ ਰਾਜ" ਵਿੱਚ ਹੋਣ ਦਾ ਵਿਚਾਰ ਹੈ, ਜਦਕਿ ਚਾਨਣ ਧਾਰਮਿਕਤਾ ਜਾਂ ਸਹੀ ਆਚਰਣ ਦਾ ਚਿੰਨ ਹੈ। ਇਹ ਸੱਚ ਕਿਉਂ ਹੈ? ਪਹਿਲਾ, ਜਦੋਂ ਇੱਕ ਵਿਅਕਤੀ ਕੁੱਝ ਗੈਰ-ਕਾਨੂਨੀ ਕੰਮ ਕਰਦਾ ਹੈ, ਤਾਂ ਰਾਤ ਦੇ ਸਮੇਂ ਫੜੇ ਜਾਣ ਤੋਂ ਬਚਣਾ ਸੌਖਾ ਹੁੰਦਾ ਹੈ। ਦੂਸਰਾ, ਉਨ੍ਹਾਂ ਦਿਨਾਂ ਵਿੱਚ, ਇੱਥੋਂ ਤੱਕ ਕਿ ਹੋਰ ਜ਼ਿਆਦਾ ਵਿਦ੍ਰੋਹੀ ਪਾਪੀਆਂ ਲਈ ਸ਼ਾਇਦ ਹੋਰ ਵੀ ਕਾਫੀ ਸ਼ਰਮ ਦੀਆਂ ਗੱਲਾਂ ਬਾਕੀ ਹੁੰਦੀਆਂ ਸਨ ਕਿ ਉਹ ਆਪਣੀ ਜ਼ਿਆਦਾਤਰ ਸ਼ਰਾਬ ਪੀਣੀ, ਦਾਵਤਾਂ, ਅਤੇ ਅਨੈਤਿਕਤਾ ਦੇ ਕੰਮ ਹਨੇਰੇ ਦੀ ਚਾਦਰ ਵਿੱਚ ਲੁਕ ਕੇ ਕਰਦੇ ਸਨ (ਵੇਖੋ ਰਸੂਲਾਂ ਦੇ ਕਰਤੱਬ 2:15; 2 ਪਤਰਸ 2:13)। ਇਸ ਲਈ ਅਵਿਸ਼ਵਾਸੀ **ਹਨੇਰੇ ਦੇ** ਜਾਂ **ਰਾਤ ਦੇ** ਹਨ ਕਿਉਂਕਿ ਉਨ੍ਹਾਂ ਨੇ ਚਾਨਣ ਦਾ ਇਨਕਾਰ ਕੀਤਾ ਹੈ।

ਹੋ ਸਕਦਾ ਹੈ ਕਿ ਕਈ ਵਾਰ ਉਹ ਕਹਿਣ ਉਹ ਰਾਤ ਜਾਂ ਹਨੇਰੇ ਨਾਲ ਸੰਬੰਧ ਨਹੀਂ ਰੱਖਦੇ ਹਨ, ਪਰ ਯਿਸੂ ਨੇ ਕਿਹਾ, "ਜੋ ਮੇਰੇ ਨਾਲ ਨਹੀਂ ਸੋ ਮੇਰੇ ਵਿਰੁੱਧ ਹੈ" (ਮੱਤੀ 12:30)। ਇਸ ਲਈ, ਜੇਕਰ ਕੋਈ ਚਾਨਣ ਦੀ ਸੰਤਾਨ ਨਹੀਂ ਹੈ, ਤਾਂ ਉਹ, ਅਸਲ ਵਿੱਚ, ਹਨੇਰੇ ਦੇ ਰਾਜ ਵਿੱਚ ਹੈ, ਜਿਸ ਦਾ ਮੁਖੀਆ ਸ਼ਤਾਨ ਹੈ (ਯੂਹੰਨਾ 8:44; 12:31)।

ਥੱਸਲੁਨੀਕੇ ਦੀ ਕਲੀਸਿਆ, ਅਤੇ ਸਾਰੇ ਮਸੀਹੀ, **ਚਾਨਣ ਦੇ ਪੁੱਤ੍ਰ ਅਤੇ ਦਿਨ ਦੇ ਪੁੱਤ੍ਰ** ਹਨ ਕਿਉਂਕਿ ਉਹ "ਜਗਤ ਦੇ ਚਾਨਣ" ਦੇ ਪਿੱਛੇ ਚੱਲਦੇ ਹਨ (ਯੂਹੰਨਾ 8:12)। ਇਸ ਲਈ, ਉਹ ਲੋਕ ਚਾਨਣ ਵਿੱਚ ਰਹਿੰਦੇ ਹਨ ਅਤੇ ਆਪਣੇ ਜੀਵਨ ਦੀ ਛਾਣਬੀਣ ਦੇ ਲਈ ਤਿਆਰ ਹਨ। ਉਹ ਦਿਨ ਨਾਲ ਸੰਬੰਧ ਰੱਖਦੇ ਹਨ ਜਿਵੇਂ ਦੁਸ਼ਟ ਰਾਤ ਨਾਲ ਸੰਬੰਧ ਰੱਖਦੇ ਹਨ। ਇਬਰਾਨੀ ਭਾਸ਼ਾ ਵਰਗੀਆਂ ਭਾਸ਼ਾਵਾਂ ਵਿੱਚ, ਕਿਸੇ ਚੀਜ਼ ਦਾ "ਪੁੱਤ੍ਰ ਹੋਣ" ਦਾ ਅਰਥ ਹੈ ਉਸ ਚੀਜ਼ ਦੀ ਵਿਸ਼ੇਸ਼ਤਾ ਨੂੰ ਦਰਸਾਉਣਾ। ਇਸ ਪ੍ਰਕਾਰ "ਚਾਨਣ ਦੇ ਪੁੱਤ੍ਰ" ਹੋਣ ਦਾ ਅਰਥ ਹੈ ਚਾਨਣ ਨੂੰ ਦਰਸਾਉਣਾ। ਲੂਕਾ 16:8 ਵਿੱਚ, ਯਿਸੂ ਵੀ ਪਰਮੇਸ਼ੁਰ ਦੇ ਲੋਕਾਂ ਨੂੰ "ਚਾਨਣ ਦੇ ਪੁੱਤ੍ਰ" ਕਹਿੰਦਾ ਹੈ। ਇਹ ਉਸੇ ਨਸ ਵਿੱਚੋਂ ਹੈ ਜੋ ਇਸੈਨਜ਼ ਦੀ ਹੈ, ਜੋ ਮ੍ਰਿਤ ਸਾਗਰ ਸਕ੍ਰੋਲਾਂ ਲਈ ਜ਼ਿੰਮੇਵਾਰ ਸਨ, ਉਨ੍ਹਾਂ ਨੇ ਇੱਕ ਸਕ੍ਰੋਲ ਲਿਖਿਆ ਸੀ ਜਿਸਨੂੰ *ਚਾਨਣ ਦੀ ਸੰਤਾਨ ਦਾ ਹਨੇਰੇ ਦੀ ਸੰਤਾਨ ਨਾਲ ਯੁੱਧ* ਕਿਹਾ ਜਾਂਦਾ ਸੀ। ਭਾਵੇਂ, ਉਨ੍ਹਾਂ ਨੇ ਇੱਕ ਅਸਲੀ ਯੁੱਧ ਦੀ ਗੱਲ ਕੀਤੀ ਹੈ, ਜਦੋਂ ਕਿ ਯਿਸੂ ਨੇ ਕਦੀ ਵੀ ਸਰੀਰਕ ਬਲ ਦੀ ਗੱਲ ਨਹੀਂ ਕੀਤੀ ਸੀ।

**ਆਇਤ 6.** ਅਵਿਸ਼ਵਾਸੀ—4:13 ਦੇ "ਹੋਰਨਾਂ ਵਾਂਙੁ"—ਉਹ ਲੋਕ ਹਨ ਜੋ ਤਿਆਰ ਨਹੀਂ ਹਨ ਅਤੇ ਉਹ "ਪ੍ਰਭੂ ਦੇ ਦਿਨ" (ਵੇਖੋ ਆਇਤ 2) ਨੂੰ ਵੇਖ ਕੇ ਦੰਗ ਰਹਿ ਜਾਣਗੇ। ਆਤਮਿਕ ਭਾਸ਼ਾ ਵਿੱਚ, ਉਹ "ਸੌਂ ਰਹੇ ਹਨ," ਪਰਮੇਸ਼ੁਰ ਦੀਆਂ ਆਗਿਆਵਾਂ ਤੋਂ ਪੂਰੀ ਤਰ੍ਹਾਂ ਦੇ ਨਾਲ ਅਣਜਾਣ ਹਨ। ਰਾਤ ਦੀ ਸੰਤਾਨ ਕੋਲੋਂ ਇਸ ਆਤਮਿਕ ਨੀਂਦ ਦੀ ਉਮੀਦ ਕੀਤੀ ਜਾਂਦੀ ਹੈ, ਪਰ ਇਹ ਗੁਣ ਮਸੀਹੀਆਂ ਵਿੱਚ ਨਹੀਂ ਹੋਣਾ ਚਾਹੀਦਾ ਹੈ ਜੋ "ਦਿਨ ਦੀ ਸੰਤਾਨ" ਹਨ। ਉਨ੍ਹਾਂ ਨੂੰ ਆਤਮਿਕ ਤੌਰ ਤੇ ਜਾਗਦੇ ਰਹਿਣਾ ਚਾਹੀਦਾ ਹੈ, ਜਿਵੇਂ "ਦਿਨ ਦੀ ਸੰਤਾਨ" ਲਈ ਯੋਗ ਹੈ।

ਜੋ ਉਸ ਨੇ ਹੁਣੇ ਹੁਣੇ ਸਿਖਾਇਆ ਸੀ ਉਸ ਦਾ ਆਧਾਰ ਤੇ ਚੇਤਾਵਨੀ ਦਿੰਦੇ ਹੋਏ, ਪੌਲੁਸ ਨੇ ਕਿਹਾ, **ਜਾਗਦੇ ਰਹੀਏ** (γρηγορέω *ਗ੍ਰੇਗੋਰੀਓ*)। "ਜਾਗਦੇ ਰਹਿਣਾ" ਸੌਣ ਜਾਂ ਅਸਥਿਰ ਹੋਣ ਤੋਂ ਉਲਟ ਹੈ ਅਤੇ ਇਸ ਵਿੱਚ ਜਾਗਦੇ ਰਹਿਣ ਦਾ ਦ੍ਰਿੜ ਸੰਕਲਪ ਸ਼ਾਮਲ ਕੀਤਾ ਜਾ ਸਕਦਾ ਹੈ, ਸ਼ਾਇਦ ਕਿਸੇ ਨੂੰ ਸੌਣ ਦੇ ਖਤਰੇ ਦਾ ਪਤਾ ਹੈ। ਜੇਕਰ ਕਿਸੇ ਨੇ ਆਪਣੇ ਆਪ ਨੂੰ ਝਪਕੀ ਲੈਣ ਦੀ ਇਜ਼ਾਜਤ ਦਿੱਤੀ ਹੋਈ ਹੈ, ਤਾਂ ਉਸ ਨੂੰ "ਜਾਗਣਾ" ਚਾਹੀਦਾ ਹੈ (ਰੋਮੀਆਂ 13:11; NIV) ਅਤੇ ਇੱਕ ਵਾਰ ਫਿਰ ਆਪਣੇ ਆਪ ਨੂੰ ਜਾਗ੍ਰਿਤ ਕਰਨਾ ਚਾਹੀਦਾ ਹੈ। ਮਸੀਹੀਆਂ ਨੂੰ **ਸੁਚੇਤ** ਵੀ ਹੋਣਾ ਚਾਹੀਦਾ ਹੈ (νήφω *ਨੇਫੋ*)। ਆਮ ਤੌਰ ਤੇ ਇਸ ਸ਼ਬਦ ਦਾ ਅਰਥ "ਸ਼ਰਾਬ ਨਾ ਪੀਣਾ ਹੈ," ਪਰ ਇਸ ਦੇ ਹੋਰ ਵੀ ਸਧਾਰਣ ਅਰਥ ਹਨ, ਜੋ ਕਿ ਇਨਸਾਨ ਹੋਣ ਦੇ ਨਾਤੇ ਆਪਣੀਆਂ ਗਿਆਨ ਇੰਦਰੀਆਂ ਤੇ ਨਿਯੰਤਰਣ ਰੱਖਣਾ ਹੈ। ਅਸਲ ਵਿੱਚ, ਕਿਸੇ ਦੁਆਰਾ ਆਪਣੀਆਂ ਗਿਆਨ ਇੰਦਰੀਆਂ ਨੂੰ ਵੱਸ ਵਿੱਚ ਕੀਤੇ ਬਿਨਾਂ ਇੱਕ ਪ੍ਰਭਾਵਸ਼ਾਲੀ ਢੰਗ ਨਾਲ ਸੁਚੇਤ ਹੋ ਸਕਣਾ ਅਸੰਭਵ ਹੈ। ਸ਼ਾਇਦ ਇੱਥੇ ਇਹੋ ਅਰਥ ਹੈ। NIV ਵਿੱਚ "ਸੁਚੇਤ" ਰਹਿਣ ਦੀ ਬਜਾਇ "ਸਵੈ-ਨਿਯੰਤ੍ਰਿਤ" ਹੈ।

**ਆਇਤ 7.** ਆਇਤ 6 ਦਾ "ਸੌਣਾ" ਆਤਮਿਕ ਨੀਂਦ ਦਾ ਇੱਕ ਪ੍ਰਤੀਕ ਹੈ, ਪਰ ਇੱਥੇ, ਪੌਲੁਸ ਉਸ ਚਿੱਤਰ ਦੇ ਸ਼ਾਬਦਿਕ ਤੱਥ ਵੱਲ ਮੁੜਿਆ ਜੋ ਹੁਣੇ ਹੀ ਇਸਤੇਮਾਲ ਕੀਤਾ ਗਿਆ

ਸੀ। ਆਇਤ 7 ਵਿੱਚ, ਉਹ ਅਸਲੀ **ਨੀਂਦ** ਅਤੇ ਸੱਚਮੁੱਚ **ਮਤਵਾਲੇ** ਹੋਣ ਦੇ ਬਾਰੇ ਗੱਲ ਕਰ ਰਿਹਾ ਹੈ। ਜਦਕਿ ਉੱਥੇ ਅਪਵਾਦ ਹਨ, ਪਰ ਆਮ ਤੌਰ ਤੇ ਇਨ੍ਹਾਂ ਨੂੰ ਰਾਤ ਦੀਆਂ ਗਤੀਵਿਧੀਆਂ ਮੰਨਿਆ ਜਾਂਦਾ ਹੈ (ਰਸੂਲਾਂ ਦੇ ਕਰਤੱਬ 2:15)।

ਸ਼ਾਬਦਿਕ ਤੌਰ ਤੇ, ਮੂਲ ਪਾਠ ਵਿੱਚ ਲਿਖਿਆ ਹੈ, "ਜਿਹੜੇ ਮਤਵਾਲੇ μεθύω (*ਮੈਥੁਓ*) ਹੁੰਦੇ ਹਨ, ਓਹ ਰਾਤ ਨੂੰ ਹੀ ਮਤਵਾਲੇ μεθύσκω (*ਮੈਥੁਸਕੋ*) ਹੁੰਦੇ ਹਨ।" ਰੋਬਰਟਸਨ ਦੇ ਅਨੁਸਾਰ, "*ਮੈਥੁਸਕੋ* ਅਤੇ *ਮੈਥੁਓ* ਦੇ ਵਿਚਕਾਰ ਕੋਈ ਸੱਚਾ ਅੰਤਰ ਨਹੀਂ ਹੈ . . . ਸਿਰਫ ਇਸ ਨੂੰ ਛੱਡ ਕੇ ਕਿ *ਮੈਥੁਸਕੋ* . . . ਦਾ ਅਰਥ ਹੈ ਜ਼ਿਆਦਾ ਪੀਣਾ।"[12]

**ਆਇਤ 8. ਦਿਨ ਦੇ ਹਾਂ** ਪਹਿਲਾਂ ਤੋਂ ਹੀ ਸਮਝਾਇਆ ਗਿਆ ਹੈ (ਵੇਖੋ ਆਇਤ 5), ਜਿਵੇਂ **ਸੁਚੇਤ** ਹੈ (ਵੇਖੋ ਆਇਤ 6)। ਇੱਥੇ ਪੌਲੁਸ ਨੇ ਸਮਝਾਇਆ ਹੈ ਕਿ ਅਸੀਂ ਆਤਮ-ਨਿਯੰਤਰਣ ਕਿਵੇਂ ਕਰ ਸਕਦੇ ਹਾਂ: ਵਿਸ਼ਵਾਸ, ਪ੍ਰੇਮ, ਅਤੇ ਆਸ਼ਾ, ਇਨ੍ਹਾਂ ਤਿੰਨਾਂ ਪਰਮੇਸ਼ੁਰ ਦੀਆਂ ਰਹਿਮਤਾਂ ਨੂੰ ਪਹਿਨਣ ਦੇ ਰਾਹੀਂ (ਵੇਖੋ 1:3; 1 ਕੁਰਿੰਥੀਆਂ 13:13)। ਜਦੋਂ ਜਾਪਦਾ ਹੈ ਕਿ ਚੀਜ਼ਾਂ ਗਲਤ ਜਾਂਦੀਆਂ ਜਾਪਦੀਆਂ ਹਨ, ਉਸ ਸਮੇਂ ਵੀ ਪਰਮੇਸ਼ੁਰ ਤੇ **ਨਿਹਚਾ**, ਜਾਂ ਭਰੋਸਾ ਰੱਖਣਾ, ਅਤੇ **ਪ੍ਰੇਮ** (ἀγάπη, *ਅਗਾਪੇ*), ਜਿਨ੍ਹਾਂ ਲੋਕਾਂ ਨੂੰ ਮਦਦ ਦੀ ਲੋੜ ਹੈ ਉਨ੍ਹਾਂ ਦੀ ਮਦਦ ਕਰਨ ਦੀ ਇੱਕ ਤੇਜ਼ ਇੱਛਾ ਹੋਣਾ ਭਾਵੇਂ ਉਹ ਤੁਹਾਡਾ ਮਖੌਲ ਹੀ ਕਿਉਂ ਨਾ ਉਡਾਉਣ, ਇਹ ਇੱਕ **ਸੰਜੋ** ਬਣ ਜਾਂਦਾ ਹੈ, ਇੱਕ ਆਤਮ-ਰੱਖਿਆ ਦੇ ਟੁਕੜੇ ਦਾ ਰੂਪਕ, ਆਤਮਿਕ ਸ਼ਸਤਰ ਜੋ ਉਸ ਸਮੇਂ ਸਾਡੀ ਰੱਖਿਆ ਕਰਦਾ ਹੈ ਜਦੋਂ ਸ਼ਤਾਨ ਸਾਨੂੰ "ਭੱਛ ਲੈਣ" ਦੀ ਕੋਸ਼ਿਸ਼ ਕਰਦਾ ਹੈ। ਇਸ ਸ਼ਸਤਰ ਦਾ ਹੋਰ ਹਿੱਸਾ **ਮੁਕਤੀ ਦੀ** [ਜਾਂ ਪ੍ਰਾਪਤ ਕਰਨ ਦੀ ਇੱਕ ਦ੍ਰਿੜ ਆਸ ਹੈ] **ਆਸ** ਹੈ। ਇਹ "ਮੁਕਤੀ" ਪਾਪ ਤੋਂ ਅੰਤਿਮ ਮੁਕਤੀ ਅਤੇ ਆਖਿਰਕਾਰ ਪੁੱਤ੍ਰਾਂ ਦੇ ਵਾਂਗ ਸਵਰਗ ਵਿੱਚ ਗ੍ਰਹਿਣ ਕੀਤਾ ਜਾਣਾ ਹੈ (ਰੋਮੀਆਂ 8:22–25 ਨਾਲ ਤੁਲਨਾ ਕਰੋ)। ਐੱਫ਼. ਐੱਫ਼. ਬਰੂਸ ਨੇ ਇੱਥੇ "ਮੁਕਤੀ ਦੀ ਆਸ" ਅਤੇ ਗਲਾਤੀਆਂ 5:5 ਵਿੱਚ "ਧਰਮ ਦੀ ਆਸਾ" ਦੇ ਵਿਚਕਾਰ ਸਮਾਨਤਾ ਨੂੰ ਦੱਸਿਆ ਹੈ।[13]

ਇਹ "ਮੁਕਤੀ ਦੀ ਆਸ" ਸਾਡੇ ਲਈ ਸ਼ਸਤਰ ਦਾ ਇੱਕ ਹੋਰ ਰੱਖਿਆਤਮਕ ਟੁਕੜੇ ਨੂੰ ਬਣਾਉਂਦੀ ਹੈ, ਜੋ ਸਿਰ ਦੀ ਰੱਖਿਆ ਕਰਨ ਦੇ ਲਈ ਟੋਪ ਹੈ। ਅਸਲ ਵਿੱਚ, ਜਦੋਂ ਸਵਰਗ ਦੀ ਇਹ ਆਸ ਸਾਡੇ ਅੰਦਰ ਦ੍ਰਿੜ ਹੁੰਦੀ ਹੈ ਤਾਂ ਅਸੀਂ ਉਨ੍ਹਾਂ ਸ਼ਕਤੀਸ਼ਾਲੀ ਪਰਤਾਵਿਆਂ ਨੂੰ ਜੋ ਸ਼ਤਾਨ ਦੇ ਦੁਆਰਾ ਸਾਡੇ ਤੇ ਸੁੱਟੇ ਜਾਂਦੇ ਹਨ ਪਿੱਛੇ ਮੋੜ ਸਕਦੇ ਹਾਂ। ਆਪਣੇ ਆਪ ਨੂੰ ਪਰਮੇਸ਼ੁਰ ਦੇ ਅਨੁਸਾਰ ਚਲਾਉਣ ਦੇ ਦੁਆਰਾ, ਅਸੀਂ ਤਿਆਰ ਹੋ ਸਕਦੇ ਹਾਂ-ਜਿਵੇਂ ਇੱਕ ਚੰਗੇ ਸਿਪਾਹੀ ਨੂੰ-ਪ੍ਰਭੂ ਦੇ ਦਿਨ ਦੇ ਲਈ ਹਮੇਸ਼ਾ ਹੋਣਾ ਚਾਹੀਦਾ ਹੈ, ਤਾਂ ਕਿ ਅਜਿਹਾ ਨਾ ਹੋਵੇ ਕਿ ਸਾਨੂੰ ਤਿਆਰ ਹੋਏ ਨਾ ਪਾ ਕੇ ਇੱਕ ਚੋਰ ਦੀ ਨਿਆਂਈ ਫੜ ਲਵੇ।

ਮਸੀਹੀ ਦੇ ਸ਼ਸਤਰ ਦੇ ਟੁਕੜੇ ਜਿਨ੍ਹਾਂ ਦਾ ਪੌਲੁਸ ਨੇ ਅਕਸਰ ਜ਼ਿਕਰ ਕੀਤਾ ਹੈ (ਅਫ਼ਸੀਆਂ 6:11–17) ਹਮੇਸ਼ਾ ਮਸੀਹੀ ਵਿੱਚ ਇੱਕੋ ਜਿਹੇ ਗੁਣਾਂ ਦੇ ਲਈ ਨਹੀਂ ਵਰਤੇ ਜਾਂਦੇ। ਉਦਾਹਰਣ ਦੇ ਤੌਰ ਤੇ, ਅਫ਼ਸੀਆਂ ਵਿੱਚ "ਧਾਰਮਿਕਤਾ ਦੀ" "ਸੰਜੋ" ਹੈ, ਜਦਕਿ ਇੱਥੇ ਇਹ "ਨਿਹਚਾ ਅਤੇ ਪ੍ਰੇਮ" ਹੈ। ਇਸ ਦਾ ਅਰਥ ਇਹ ਨਹੀਂ ਹੈ ਕਿ ਇਸ ਵਿੱਚ ਕੋਈ ਪਰਸਪਰ ਵਿਰੋਧ ਹੈ। ਉਦਾਹਰਣ ਦੇ ਤੌਰ ਤੇ, ਪਵਿੱਤਰ ਸ਼ਾਸਤਰ ਵਿੱਚ ਕਿਹਾ ਗਿਆ ਹੈ ਕਿ ਅਸੀਂ ਦੋਵੇਂ ਪਰਮੇਸ਼ੁਰ ਦੇ ਪਰਿਵਾਰ ਵਿੱਚ *ਜੰਮੇ* (ਯੂਹੰਨਾ 3:5) ਅਤੇ ਉਸ ਵਿੱਚ *ਲੇਪਾਲਕ ਪੁੱਤ੍ਰ* (ਰੋਮੀਆਂ 8:15; KJV) ਬਣਾਏ ਗਏ ਹਾਂ। ਭਾਵੇਂ ਇਹ ਦੋਵੇਂ ਵਿਚਾਰ ਸ਼ਾਬਦਿਕ ਖੇਤਰ ਵਿੱਚ ਆਪਸ ਵਿੱਚ ਵਿਰੋਧੀ ਹਨ, ਪਰ ਇਹ ਰੂਪਕ ਖੇਤਰ ਵਿੱਚ ਵਿਰੋਧੀ ਨਹੀਂ ਹਨ। ਇਹ

ਸਿਰਫ ਸਾਡੇ ਪੁੱਤ੍ਰ ਹੋਣ ਦੇ ਵੱਖ-ਵੱਖ ਪਹਿਲੂਆਂ ਨੂੰ ਦਰਸਾਉਂਦੇ ਹਨ।

ਆਇਤਾਂ 6 ਤੋਂ 8 ਤੱਕ ਦੇ ਹਵਾਲਿਆਂ ਦੀਆਂ ਰੋਮੀਆਂ 13:11–14 ਵਿੱਚ ਬਹੁਤ ਸਾਰੀਆਂ ਸਮਾਨਤਾਵਾਂ ਹਨ:

| | |
|---|---|
| *1 ਥੱਸਲੁਨੀਕੀਆਂ 5:6–8*<br>ਆਇਤ 6 — ਜਾਗਦੇ ਰਹੀਏ (ਆਤਮਿਕ ਤੌਰ ਤੇ)<br>ਆਇਤ 8 — ਸੁਚੇਤ ਰਹੀਏ (ਸੁਚੇਤ)<br>ਆਇਤ 8 — ਆਤਮਿਕ ਸ਼ਸਤਰ ਪਹਿਨ ਕੇ | *ਰੋਮੀਆਂ 13:11–14*<br>ਆਇਤ 11 — ਜਾਗਣਾ (ਆਤਮਿਕ ਤੌਰ ਤੇ)<br>ਆਇਤ 12 — ਬੁਰੇ ਕੰਮ ਛੱਡ ਦੇਈਏ (ਹਨੇਰੇ ਦੇ)<br>ਆਇਤ 12 — ਸੰਜੋ ਪਹਿਨ ਲਈਏ (ਚਾਨਣ ਦੀ)<br>ਆਇਤਾਂ 13, 14 — ਭਲਮਣਸਾਊ ਨਾਲ ਚੱਲੀਏ (ਨਾ ਕਿ ਰੰਗਰਲੀਆਂ ਵਿੱਚ) |

**ਆਇਤ 9.** ਇਨ੍ਹਾਂ ਭਾਈਆਂ ਨੂੰ ਆਇਤ 8 ਵਿੱਚ ਉਲੇਖ ਕੀਤੇ ਗਏ ਤਿੰਨ ਮਹਾਨ ਮਸੀਹੀ ਗੁਣਾਂ ਨੂੰ ਪਹਿਨਣਾ ਚਾਹੀਦਾ ਹੈ ਤਾਂ ਕਿ ਉਹ “ਪ੍ਰਭੂ ਦੇ ਦਿਨ” (ਆਇਤ 2) ਵਿੱਚ ਆਪਣੀ ਰੱਖਿਆ ਕਰ ਸਕਣ, **ਕਿਉਂ ਜੋ ਪਰਮੇਸ਼ੁਰ ਨੇ ਸਾਨੂੰ ਕ੍ਰੋਧ** [ਦੁੱਖ ਝੱਲਣ] **ਦੇ ਲਈ ਨਹੀਂ ਸਗੋਂ ... ਥਾਪਿਆ।** ਪਰਮੇਸ਼ੁਰ ਦੀ ਯੋਜਨਾ ਸਾਨੂੰ ਉਸ ਦੇ “ਕ੍ਰੋਧ” ਨੂੰ ਝੱਲਣ ਦੇ ਲਈ ਨਹੀਂ ਬੁਲਾਉਂਦੀ ਹੈ। ਉਸ ਦਿਨ ਵਿੱਚ “ਕ੍ਰੋਧ” ਸਜ਼ਾ ਨੂੰ ਜ਼ਾਹਿਰ ਕਰਦਾ ਹੈ (1:10; ਰੋਮੀਆਂ 2:5–11)। ਪਰਮੇਸ਼ੁਰ ਦੀ ਯੋਜਨਾ ਅਣਆਗਿਆਕਾਰੀ ਨੂੰ ਕ੍ਰੋਧ ਝੱਲਣ ਦੇ ਲਈ ਬੁਲਾਉਂਦੀ ਹੈ, ਪਰ ਵਫ਼ਾਦਾਰ ਮਸੀਹੀ **ਮੁਕਤੀ** ਨੂੰ ਪ੍ਰਾਪਤ ਕਰਣਗੇ ਅਤੇ ਸਵਰਗ ਵਿੱਚ ਪੁੱਤ੍ਰਾਂ ਦੇ ਰੂਪ ਵਿੱਚ ਗੋਦ ਲਏ ਜਾਣਗੇ (ਰੋਮੀਆਂ 8:22–25)। ਇਹ **ਸਾਡੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ** ਸੰਭਵ ਹੋਇਆ ਹੈ (ਵੇਖੋ ਅਫ਼ਸੀਆਂ 1:7)। ਉਸ ਦੀ ਸਲੀਬ ਉੱਤੇ ਮੌਤ ਤੋਂ ਬਿਨਾਂ, ਸਾਨੂੰ ਬਚਾਏ ਜਾਣ ਦਾ ਕੋਈ ਵੀ ਮੌਕਾ ਨਹੀਂ ਸੀ ਮਿਲਣਾ।[14]

**ਆਇਤ 10.** ਅਸੀਂ ਯਿਸੂ ਦੇ ਰਾਹੀਂ ਬਚਾਏ ਗਏ ਹਾਂ, ਅਤੇ ਇਹ ਇਸ ਲਈ ਸੰਭਵ ਹੈ ਕਿਉਂਕਿ ਉਹ **ਸਾਡੇ ਲਈ ਮੋਇਆ।** ਪੌਲੁਸ ਅਤੇ ਥੱਸਲੁਨੀਕੇ ਦੇ ਭਾਈ ਉਨ੍ਹਾਂ “ਬਹੁਤਿਆਂ” ਵਿੱਚੋਂ ਸਨ ਜਿਨ੍ਹਾਂ ਦੇ ਲਈ ਯਿਸੂ ਨੇ ਕਿਹਾ ਸੀ ਕਿ ਉਸ ਦਾ ਲਹੂ “ਵਹਾਇਆ ਜਾਂਦੇ ਹੈ” (ਮੱਤੀ 26:28)। ਥੱਸਲੁਨੀਕੇ ਵਿੱਚ ਮੌਜੂਦ ਹੁੰਦੇ ਸਮੇਂ, ਪੌਲੁਸ ਨੇ ਪ੍ਰਚਾਰ ਕੀਤਾ ਕਿ “ਮਸੀਹ ਦਾ ਦੁੱਖ ਭੋਗਣਾ” ਮਨੁੱਖ ਦੀ ਮੁਕਤੀ ਦੇ ਲਈ ਹੋਇਆ ਸੀ (ਰਸੂਲਾਂ ਦੇ ਕਰਤੱਬ 17:3; ਵੇਖੋ 1 ਪਤਰਸ 2:24)। ਪੌਲੁਸ ਨੇ ਕਿਹਾ, ਉਸ ਨੇ ਦੁੱਖ ਝੱਲਿਆ, ਤਾਂ ਕਿ **ਅਸੀਂ ਉਸ ਦੇ ਨਾਲ ਜੀਵੀਏ।** ਅਰਥਾਤ, ਮਸੀਹ ਨੇ ਉਸ ਪਾਪ ਨੂੰ ਮਿਟਾਉਣ ਦੇ ਲਈ ਦੁੱਖ ਝੱਲਿਆ ਜੋ ਸਾਨੂੰ ਉਸ ਤੋਂ ਵੱਖਰਾ ਕਰਦਾ ਸੀ ਤਾਂ ਕਿ ਅਸੀਂ ਉਸ ਦੇ ਨਾਲ ਮੇਲ-ਮਿਲਾਪ ਕਰ ਸਕੀਏ (2 ਕੁਰਿੰਥੀਆਂ 5:18, 19) ਅਤੇ ਹਮੇਸ਼ਾ ਹਮੇਸ਼ਾ ਦੇ ਲਈ ਉਸ ਦੇ ਨਾਲ ਰਹਿ ਸਕੀਏ (4:17)। ਬਰੂਸ ਨੇ ਕਿਹਾ ਹੈ ਕਿ ਇੱਥੇ “ζήσωμεν [*ਜ਼ੀਸੋਮੇਨ,* “ਅਸੀਂ ਜੀ ਸਕਦੇ ਹਾਂ”]

ਦਾ ਅਰਥ ਹੈ ਉਹ ਜੀਵਨ ਜੋ ਮਸੀਹ ਦੇ ਲੋਕ ਪ੍ਰਾਪਤ ਕਰਦੇ ਹਨ . . . ਉਹ ਪੁਨਰ ਉੱਥਾਨ ਦਾ ਜੀਵਨ ਹੈ ਉਸ ਦੀ ਦੂਸਰੀ ਆਮਦ ਵਿੱਚ ਪ੍ਰਵੇਸ਼ ਕਰਨਾ।"[15] ਉਸ ਦਿਨ "ਪ੍ਰਭੂ ਦੇ ਦਿਨ" ਦੇ ਆਉਣ ਦੇ ਸਮੇਂ ਇਹ ਲਾਭ ਸਾਡੇ ਹੋਣਗੇ **ਅਸੀਂ ਭਾਵੇਂ ਜਾਗਦੇ ਭਾਵੇਂ ਸੁੱਤੇ ਹੋਈਏ।** "ਜਾਗਦੇ" ਦਾ ਅਰਥ ਸਰੀਰਕ ਤੌਰ ਤੇ ਜੀਉਂਦਾ ਹੋਣਾ ਹੈ, ਅਤੇ "ਸੁੱਤੇ" ਦਾ ਅਰਥ ਸਰੀਰਕ ਤੌਰ ਤੇ ਮਰਿਆ ਹੋਇਆ ਹੈ। ਪੌਲੁਸ ਨਹੀਂ ਜਾਣਦਾ ਸੀ ਕਿ ਉਹ ਮਸੀਹ ਦੀ ਆਮਦ ਦੇ ਵੇਲੇ ਤੱਕ ਜੀਉਂਦਾ ਰਹੇਗਾ ਕਿ ਨਹੀਂ, ਅਤੇ ਉਸ ਨੂੰ ਸੱਚਮੁੱਚ ਇਸ ਦੀ ਪਰਵਾਹ ਨਹੀਂ ਸੀ। ਉਹ ਜਾਣਦਾ ਸੀ ਕਿ ਕੁੱਝ ਵੀ ਹੋਵੇ, ਉਹ ਅਤੇ ਸਾਰੇ ਮਸੀਹੀ ਉਸ ਦੀ ਆਮਦ ਦੇ ਸਮੇਂ ਉਸ ਦੇ ਆਸ-ਪਾਸ ਦੀਆਂ ਸ਼ਾਨਦਾਰ ਘਟਨਾਵਾਂ ਵਿੱਚ ਭਾਗੀ ਹੋਣਗੇ। ਥੱਸਲੁਨੀਕੀਆਂ ਨੂੰ ਆਪਣੇ ਉਨ੍ਹਾਂ ਪਿਆਰਿਆਂ ਦੇ ਵਿਸ਼ੇ ਵਿੱਚ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਸੀ ਜੋ ਮਰ ਚੁੱਕੇ ਸਨ।

**ਆਇਤ 11.** ਕਿਉਂਕਿ ਇਹ ਮਸੀਹ ਦੀ ਆਮਦ ਦੇ ਵਿਸ਼ੇ ਵਿੱਚ ਤੱਥ ਹਨ, ਪੌਲੁਸ ਨੇ ਕਿਹਾ, **ਇਸ ਕਾਰਨ ਤੁਸੀਂ ਇੱਕ ਦੂਏ ਨੂੰ ਤਸੱਲੀ ਦਿਓ** ["ਇੱਕ ਦੂਏ ਨੂੰ ਉਤਸ਼ਾਹ ਦਿਓ"; NEB] **ਅਤੇ ਇੱਕ ਦੂਏ ਦੀ ਉੱਨਤੀ ਕਰੋ ਜਿਵੇਂ ਤੁਸੀਂ ਕਰਦੇ ਵੀ ਹੋ।** ਉਹ ਪਹਿਲਾਂ ਤੋਂ ਹੀ ਅਜਿਹਾ ਕਰ ਰਹੇ ਸਨ, ਪਰ ਪੌਲੁਸ ਚਾਹੁੰਦਾ ਸੀ ਕਿ ਉਹ ਇਸ ਵਿੱਚ ਹੋਰ ਵੀ ਵੱਧਦੇ ਚਲੇ ਜਾਣ (ਵੇਖੋ 4:1)। ਯੂਨਾਨੀ ਸ਼ਬਦ οἰκοδομέω (*ਓਈਕੋਡੋਮੇਓ*) ਜਿਸ ਦਾ ਅਨੁਵਾਦ "ਉੱਨਤੀ ਕਰੋ" ਹੈ ਜੋ ਕਿ "ਘਰ ਬਣਾਉਣ ਵਰਗੇ ਮਾਮਲਿਆਂ ਵਿੱਚ ਪੂਰੀ ਤਰ੍ਹਾਂ ਦੇ ਨਾਲ ਲਾਗੂ ਹੁੰਦਾ ਹੈ, ਪਰ ਪੌਲੁਸ ਆਦਤਨ ਇਸ ਰੂਪਕ ਦਾ ਇਸਤੇਮਾਲ, ਮਸੀਹੀਆਂ ਦੇ ਵਿਸ਼ਵਾਸ ਦੀ ਇਮਾਰਤ ਨੂੰ ਉਸਾਰਣ ਦੇ ਲਈ ਕਰਦਾ ਹੈ।"[16]

ਇਹ ਪਹਿਲੀ ਵਾਰ ਨਹੀਂ ਹੈ ਕਿ ਪੌਲੁਸ ਨੇ ਇਸ ਪੱਤ੍ਰੀ ਵਿੱਚ ਇਨ੍ਹਾਂ ਭਾਈਆਂ ਨੂੰ ਸਲਾਹ ਦਿੱਤੀ ਹੋਵੇ, ਅਤੇ ਇਸ ਦੇ ਨਾਲ ਸਾਨੂੰ ਵੀ ਸਲਾਹ ਦਿੱਤੀ ਹੈ, ਕਿ "ਇੱਕ ਦੁਏ ਨੂੰ ਤਸੱਲੀ ਦਿਓ" (ਵੇਖੋ 4:18)। ਇਹ ਸਾਡੀ ਇੱਕ ਦੂਜੇ ਦੇ ਪ੍ਰਤਿ ਮਸੀਹੀ ਜ਼ਿੰਮੇਵਾਰੀ ਤੇ ਜ਼ੋਰ ਦਿੰਦਾ ਹੈ। ਜਦੋਂ ਇੱਕ ਭਾਰੀ ਗਿਰਾਵਟ ਵਿੱਚ ਜਾਂਦਾ ਹੈ, ਤਾਂ ਇਹ ਸਾਡੀ ਸਮੱਸਿਆ ਵੀ ਹੁੰਦੀ ਹੈ, ਅਤੇ ਜਦੋਂ ਅਸੀਂ ਆਤਮਿਕ ਤੌਰ ਤੇ ਲੋੜਮੰਦ ਹੁੰਦੇ ਹਾਂ, ਤਾਂ ਇਹ ਉਸ ਦੀ ਵੀ ਸਮੱਸਿਆ ਹੁੰਦੀ ਹੈ। ਹਰੇਕ ਮਸੀਹੀ ਜੋ ਪਰਮੇਸ਼ੁਰ ਦੀ ਪ੍ਰੇਰਣਾ ਦੇ ਵਚਨ ਨੂੰ ਗੰਭੀਰਤਾ ਦੇ ਨਾਲ ਲੈਂਦਾ ਹੈ ਉਹ ਆਪਣੇ ਭਾਈ ਦੇ ਪ੍ਰਤਿ ਆਪਣੀ ਜ਼ਿੰਮੇਵਾਰੀ ਨੂੰ ਵੀ ਗੰਭੀਰਤਾ ਨਾਲ ਚੁੱਕੇਗਾ।

## ਵਿਹਾਰਕ ਉਪਦੇਸ਼ (5:12-22)

**12ਹੁਣ ਹੇ ਭਰਾਵੋ, ਅਸੀਂ ਤੁਹਾਡੇ ਅੱਗੇ ਬੇਨਤੀ ਕਰਦੇ ਹਾਂ ਭਈ ਜਿਹੜੇ ਤੁਹਾਡੇ ਵਿੱਚ**
**ਮਿਹਨਤ ਕਰਦੇ ਅਤੇ ਪ੍ਰਭੂ ਵਿੱਚ ਤੁਹਾਡੇ ਆਗੂ ਹਨ ਅਤੇ ਤੁਹਾਨੂੰ ਚਿਤਾਰਦੇ ਹਨ ਤੁਸੀਂ**
**ਓਹਨਾਂ ਨੂੰ ਮੰਨੋ। 13ਅਤੇ ਓਹਨਾਂ ਦੇ ਕੰਮ ਦੀ ਖਾਤਰ ਪ੍ਰੇਮ ਨਾਲ ਓਹਨਾਂ ਦੇ ਬਹੁਤਾ ਹੀ**
**ਆਦਰ ਕਰੋ। 14ਹੇ ਭਰਾਵੋ, ਅਸੀਂ ਤੁਹਾਨੂੰ ਤਗੀਦ ਕਰਦੇ ਹਾਂ ਜੋ ਤੁਸੀਂ ਕੁਸੂਤਿਆਂ ਨੂੰ**
**ਸਮਝਾਓ, ਕਮਦਿਲਿਆਂ ਨੂੰ ਦਿਲਾਸਾ ਦਿਓ, ਨਿਤਾਣਿਆਂ ਨੂੰ ਸਮ੍ਹਾਲੋ, ਸਭਨਾਂ ਨਾਲ**
**ਧੀਰਜ ਕਰੋ। 15ਵੇਖਣਾ ਭਈ ਕੋਈ ਕਿਸੇ ਨਾਲ ਬੁਰੇ ਦੇ ਵੱਟੇ ਬੁਰਾ ਨਾ ਕਰੇ ਸਗੋਂ ਇੱਕ**
**ਦੂਏ ਲਈ ਅਤੇ ਸਭਨਾਂ ਲਈ ਸਦਾ ਭਲਿਆਈ ਦੇ ਪਿੱਛੇ ਲੱਗੇ ਰਹੋ। 16ਸਦਾ ਅਨੰਦ ਰਹੋ।**
**17ਨਿੱਤ ਪ੍ਰਾਰਥਨਾ ਕਰੋ। 18ਹਰ ਹਾਲ ਵਿੱਚ ਧੰਨਵਾਦ ਕਰੋ ਕਿਉਂ ਜੋ ਤੁਹਾਡੇ ਲਈ**
**ਮਸੀਹ ਯਿਸੂ ਵਿੱਚ ਪਰਮੇਸ਼ੁਰ ਦੀ ਇਹੋ ਇੱਛਿਆ ਹੈ। 19ਆਤਮਾ ਨੂੰ ਨਾ ਬੁਝਾਓ।**
**20ਅਗੰਮ ਵਾਕਾਂ ਨੂੰ ਤੁੱਛ ਨਾ ਜਾਣੋ। 21ਸਭਨਾਂ ਗੱਲਾਂ ਨੂੰ ਪਰਖੋ, ਖਰੀਆਂ ਨੂੰ ਫੜੀ ਰੱਖੋ।**

**[22]ਹਰ ਪਰਕਾਰ ਦੀ ਬਦੀ ਤੋਂ ਲਾਂਭੇ ਰਹੋ।**

**ਆਇਤਾਂ 12, 13.** ਇਹ ਆਇਤ ਵਿਹਾਰਕ ਸਲਾਹਾਂ ਦੀ ਇੱਕ ਲੜੀ ਦੇ ਨਾਲ ਸ਼ੁਰੂ ਹੁੰਦੀ ਹੈ ਜੋ ਆਇਤ 22 ਤੱਕ ਫੈਲੀ ਹੋਈ ਹੈ। ਪੌਲੁਸ ਉਨ੍ਹਾਂ ਨੂੰ ਹੁਕਮ ਦੇ ਸਕਦਾ ਸੀ, ਪਰ ਉਸ ਨੇ ਅਜਿਹਾ ਕਹਿਣਾ ਪਸੰਦ ਕੀਤਾ, **ਅਸੀਂ ਤੁਹਾਨੂੰ ਤਗੀਦ ਕਰਦੇ ਹਾਂ**, ਕਿਉਂਕਿ ਉਹ ਆਪਣੇ **ਭਰਾਵਾਂ** ਦੇ ਨਾਲ ਗੱਲ ਕਰ ਰਿਹਾ ਸੀ (5:4 ਦੀ ਚਰਚਾ ਨੂੰ ਵੇਖੋ)।

ਉਸ ਦੀ ਪਹਿਲੀ ਬੇਨਤੀ ਇਹ ਸੀ ਕਿ ਉਹ ਆਪਣੇ ਆਗੂਆਂ ਦੀ **ਕਦਰ** ਕਰਨ। ਯੂਨਾਨੀ ਸ਼ਬਦ ਜਿਸ ਦਾ ਅਨੁਵਾਦ "ਕਦਰ ਕਰਨਾ" ਕੀਤਾ ਗਿਆ ਹੈ ਉਹ οἶδα (*ਓਈਡਾ*) ਹੈ। ਭਾਵੇਂ *ਓਈਡਾ* ਦਾ ਸ਼ਾਬਦਿਕ ਅਰਥ "ਜਾਨਣਾ" (KJV) ਹੈ, ਪਰ ਇਸ ਮੂਲ ਪਾਠ ਵਿੱਚ, "ਕਦਰ ਕਰਨ" ਅਤੇ "ਆਦਰ ਕਰਨ" ਦੇ ਕ੍ਰਮ ਵਿੱਚ "ਜਾਣਨਾ" (NIV) ਵੀ, ਇਸ ਦੇ ਨਾਲ ਹੀ ਆਉਂਦਾ ਹੈ।

ਉਹ ਵਿਅਕਤੀ ਜਿਨ੍ਹਾਂ ਦੇ ਬਾਰੇ ਪੌਲੁਸ ਚਾਹੁੰਦਾ ਸੀ ਕਿ ਉਨ੍ਹਾਂ ਨੂੰ "ਜਾਣਿਆ" ਅਤੇ ਉਨ੍ਹਾਂ ਦਾ "ਆਦਰ" ਕੀਤਾ ਜਾਵੇ ਉਹ ਉਹ ਲੋਕ ਸਨ ਜਿਨ੍ਹਾਂ ਦੇ ਵਿਸ਼ੇ ਵਿੱਚ ਇਹ ਵਰਣਨ ਕੀਤਾ ਗਿਆ ਹੈ ਕਿ ਉਨ੍ਹਾਂ ਨੇ ਹੇਠਾਂ ਦਿੱਤੀਆਂ ਸਭ ਚੀਜ਼ਾਂ ਨੂੰ ਕੀਤਾ ਸੀ, ਕਿਉਂਕਿ ਇੱਥੇ ਸਿਰਫ ਇੱਕ ਯੂਨਾਨੀ ਉਪਪਦ ਹੈ।

ਉਹ ਉਹ ਲੋਕ ਸਨ [ਜੋ] **ਤੁਹਾਡੇ ਵਿੱਚ ਸਖਤ ਮਿਹਨਤ** ਕਰਦੇ [ਸਨ]। "ਮਿਹਨਤ" ਦੇ ਲਈ ਅਸਲੀ ਸ਼ਬਦ (κοπιάω, *ਕੋਪੀਆਓ*) ਹੈ ਜੋ ਕਠੋਰ ਮਿਹਨਤ ਨੂੰ ਦਰਸਾਉਂਦਾ ਹੈ। ਸਭ ਤੋਂ ਵੱਡੀ ਗੱਲ, ਇਹ ਉਹ ਲੋਕ ਸਨ ਜੋ ਸਿਰਫ ਫੈਸਲੇ ਹੀ ਨਹੀਂ ਲੈਂਦੇ ਸਨ। ਉਹ ਜਾ ਰਹੇ ਸਨ, ਘੁੰਮ ਰਹੇ ਸਨ, ਅਤੇ ਕੰਮ ਕਰ ਰਹੇ ਸਨ, ਆਪਣੇ ਸਮੇਂ ਨੂੰ ਅਤੇ ਆਪਣੇ ਆਪ ਨੂੰ ਕੁਰਬਾਨ ਕਰ ਰਹੇ ਸਨ।

ਉਹ **ਪ੍ਰਭੂ ਵਿੱਚ** [ਉਨ੍ਹਾਂ ਦੇ] **ਤੁਹਾਡੇ ਆਗੂ** ਸਨ। NEB ਵਿੱਚ ਹੈ "ਤੁਹਾਡੇ ਆਗੂ ਹਨ।" "ਨਿਯੁਕਤ ਹਨ" ਯੂਨਾਨੀ ਸ਼ਬਦ (προΐστημι, *ਪ੍ਰੋਇਸਤੇਮੀ*) ਤੋਂ ਨਿਕਲਿਆ ਹੈ, ਅਤੇ ਇਸ ਦਾ ਅਰਥ ਹੈ "ਸ਼ਾਸਨ ਕਰਨਾ, ਦਿਸ਼ਾ ਦੇਣਾ, ਮੁੱਖੀ ਹੋਣਾ।"[17] ਇਹ ਵਾਕ ਇਸ ਗੱਲ ਨੂੰ ਸਪੱਸ਼ਟ ਕਰਦਾ ਹੈ ਕਿ ਇਹ ਆਗੂ ਸਨ ਜੋ ਕਲੀਸਿਆ ਨੂੰ ਦਿਸ਼ਾ ਦੇਣ ਦੇ ਲਈ ਜ਼ਿੰਮੇਵਾਰ ਸਨ। "ਪ੍ਰਭੂ ਵਿੱਚ" ਪਰਗਟ ਕਰਦਾ ਹੈ ਕਿ ਜੋ ਜ਼ਿੰਮੇਵਾਰੀ ਇਨ੍ਹਾਂ ਆਗੂਆਂ ਦੇ ਉੱਪਰ ਸੀ ਉਹ ਮਸੀਹ ਦੀ ਆਤਮਿਕ ਦੇਹੀ, ਕਲੀਸਿਆ ਵਿੱਚ ਸੀ (ਅਫ਼ਸੀਆਂ 1:22, 23)।

ਉਨ੍ਹਾਂ ਨੇ [ਉਨ੍ਹਾਂ] ਨੂੰ ਚਿਤਾਰਣਾ ਸੀ। "ਚਿਤਾਰਣ" ਦੇ ਲਈ ਯੂਨਾਨੀ ਸ਼ਬਦ νουθετέω (*ਨਾਊਥੇਟੇਓ*) ਹੈ, ਅਤੇ ਇਸ ਦੇ ਨਾਲ ਇਸ ਵਿੱਚ ਵੱਡੇ, ਭਰਾ ਵੱਲੋਂ ਇੱਕ ਛੋਟੇ ਭਰਾ ਨੂੰ ਦਿੱਤੀ ਗਈ ਸਲਾਹ ਦਾ ਵਿਚਾਰ ਆਉਂਦਾ ਹੈ। 1 ਕੁਰਿੰਥੀਆਂ 4:14 ਵਿੱਚ ਉਸੇ ਸ਼ਬਦ ("ਸਮਝਾਉਣ"; NIV) ਨੂੰ ਇਸਤੇਮਾਲ ਕੀਤਾ ਗਿਆ ਹੈ ਅਤੇ ਸ਼ਬਦ ਨੂੰ ਸਵਾਦ ਦਿੰਦਾ ਹੈ।

ਚਰਚ ਵਿੱਚ ਕਿਹੜਾ ਸਮੂਹ ਇਨ੍ਹਾਂ ਤਿੰਨਾਂ ਕੰਮਾਂ ਨੂੰ ਕਰਨ ਦੇ ਲਈ ਜ਼ਿੰਮੇਵਾਰ ਹੈ? ਦੂਜਿਆਂ ਦੇ "ਉੱਪਰ" ਹੋਣਾ ਸਿਰਫ ਬਜ਼ੁਰਗਾਂ ਨੂੰ ਹੀ ਸ਼ੋਭਾ ਦਿੰਦਾ ਹੈ (ਰਸੂਲਾਂ ਦੇ ਕਰਤੱਬ 20:28; 1 ਤਿਮੋਥਿਉਸ 5:17), ਅਤੇ "ਮਿਹਨਤ" ਅਤੇ "ਚੇਤਾਵਨੀ" ਵੀ ਨਿਸ਼ਚਤ ਤੌਰ ਤੇ ਬਜ਼ੁਰਗਾਂ ਨੂੰ ਹੀ ਜਚਦਾ ਹੈ। ਮੌਰਿਸ ਸਹਿਮਤ ਸੀ:

ਯੂਨਾਨੀ ਉਸਾਰਣ ਦੇ ਇੱਥੇ ਤਿੰਨ ਅੰਸ਼ ਹਨ ਜੋ ਇੱਕੋ ਉਪਪਦ ਦੇ ਪਿੱਛੇ ਚੱਲ ਰਹੇ ਹਨ।

> ਇਸ ਦਾ ਅਰਥ ਇਹ ਹੈ ਕਿ ਇਹ ਲੋਕਾਂ ਦਾ ਇੱਕੋ ਸਮੂਹ ਹੈ ਜੋ ਤਿੰਨੇ ਕੰਮਾਂ ਨੂੰ ਕਰ ਰਿਹਾ ਹੈ, ਨਾ ਕਿ ਤਿੰਨ ਵੱਖਰੇ ਵੱਖਰੇ ਸਮੂਹ ਇਹ ਕੰਮ ਕਰ ਰਹੇ ਹਨ। ਇਸ ਰੂਪ ਵਿੱਚ ਕਿਸੇ ਵੀ ਹੋਰ ਰੂਪ ਤੋਂ ਵੱਧ ਕੇ ਸਾਡੀ ਸੋਚ ਨੂੰ ਇਸ ਗੱਲ ਵੱਲ ਝੁਕਾਉਂਦੀ ਹੈ ਕਿ ਚਰਚ ਦੇ ਬਜ਼ੁਰਗਾਂ ਨੂੰ ਸੰਬੋਧਤ ਕੀਤਾ ਜਾ ਰਿਹਾ ਹੈ। ਹੋਰ ਕਿਸ ਨੂੰ ਅਜਿਹੇ ਤਿਹਰੇ ਕੰਮ ਕਰਨ ਦੇ ਲਈ ਸੋਚਿਆ ਜਾ ਸਕਦਾ ਹੈ?[18]

ਰੇਮੰਡ ਸੀ. ਕਲਸੀ ਦਾ ਮੰਨਣਾ ਸੀ ਕਿ ਉੱਥੇ "ਇੱਕ ਸ਼ਕਤੀਸ਼ਾਲੀ ਸੰਭਾਵਨਾ ਸੀ ਕਿ ਉਹ ਆਦਮੀ ਨਬੀ ਸਨ,"[19] ਅਰਥਾਤ, ਜਿਨ੍ਹਾਂ ਨੇ ਆਇਤ 20 "ਅਗੰਮ ਵਾਕ" ਕੀਤਾ। ਜੇ. ਡਬਲਿਯੂ. ਮੈਕਗਾਰਵੇ ਅਤੇ ਫਿਲਿੱਪ, ਵਾਏ. ਪੇਂਡਲੀਟਨ ਦਾ ਵਿਸ਼ਵਾਸ ਸੀ ਕਿ ਇਹ ਆਦਮੀ ਬਜ਼ੁਰਗ ਸਨ, ਜਿਵੇਂ ਰੋਬਰਟਸਨ ਨੇ ਵੀ ਕੀਤਾ ਸੀ।[20] ਇਹ ਪਿਛਲਾ ਦ੍ਰਿਸ਼ ਲਗਭਗ ਨਿਸ਼ਚਤ ਤੌਰ ਤੇ ਸਹੀ ਹੈ।

ਪਰ, ਕਿਉਂਕਿ ਚਰਚ ਸ਼ਾਇਦ ਸਿਰਫ ਪੰਜਾਂ ਜਾਂ ਛੇਆਂ ਮਹੀਨਿਆਂ ਦਾ ਸੀ, ਤਾਂ ਉਸ ਕੋਲ ਪਹਿਲਾਂ ਤੋਂ ਹੀ ਬਜ਼ੁਰਗ ਕਿਵੇਂ ਹੋ ਸਕਦੇ ਸਨ? ਅਸਲ ਵਿੱਚ ਇੱਥੇ ਸਾਡੇ ਕੋਲ ਕੋਈ ਜਾਣਕਾਰੀ ਨਹੀਂ ਹੈ। ਹੋ ਸਕਦਾ ਹੈ ਕਿ ਕੁੱਝ ਮਨ ਪਰਿਵਰਤਨ ਕੀਤੇ ਹੋਏ ਲੋਕ ਮਨ ਪਰਿਵਰਤਨ ਤੋਂ ਪਹਿਲਾਂ ਆਤਮਿਕ ਤੌਰ ਤੇ ਪਰਿਪੱਕ ਯਹੂਦੀ ਹੋਣ, ਅਤੇ ਇਸ ਲਈ ਉਨ੍ਹਾਂ ਨੂੰ ਸਿਰਫ ਇਹ ਯਕੀਨ ਦਿਵਾਏ ਜਾਣ ਲੋੜ ਸੀ ਕਿ ਮਸੀਹ ਹੀ ਮਸੀਹਾ ਸੀ ਅਤੇ ਪਰਿਪੱਕ ਮਸੀਹੀ ਬਣਨ ਦੇ ਲਈ ਸੁਸਮਾਚਾਰ ਦਾ ਪਾਲਣ ਕਰਨ।

ਜਿਵੇਂ ਇੱਥੇ ਦੱਸੇ ਗਏ ਹਨ ਬਜ਼ੁਰਗਾਂ ਦੇ ਕੰਮਾਂ ਤੇ ਦੁਬਾਰਾ ਧਿਆਨ ਦਿਓ। ਇੰਝ ਜਾਪਦਾ ਹੈ ਕਿ ਪਹਿਲੀ ਵਾਰ ਇਸ ਦਾ ਵਰਣਨ ਇੱਕ ਮੁਸ਼ਕਲ ਕੰਮ ਦੇ ਰੂਪ ਵਿੱਚ ਕੀਤਾ ਗਿਆ ਹੈ। ਉਹ ਥੱਕ ਜਾਣ ਦੇ ਬਿੰਦੂ ਤੱਕ ਕੰਮ ਕਰਨ ਦੇ ਲਈ ਤਿਆਰ ਸਨ। ਉਹ ਵਾਕ ਜਿਨ੍ਹਾਂ ਦਾ ਅਨੁਸਰਣ ਕੀਤਾ ਜਾ ਰਿਹਾ ਹੈ ਸ਼ਾਇਦ ਉਸ ਕੰਮ ਦੀ ਇੱਕ ਵਿਆਖਿਆ ਹਨ। ਇਹ ਆਂਸ਼ਿਕ ਰੂਪ ਵਿੱਚ ਝੁੰਡ ਦੇ "ਉੱਪਰ" ਹੈ, ਅਰਥਾਤ, ਅਮਲੀ ਮਾਮਲਿਆਂ ਵਿੱਚ ਅਗਵਾਈ ਕਰਨੀ, ਅਤੇ ਜਦੋਂ ਭੇਡਾਂ ਉਹ ਵਿਵਹਾਰ ਨਾ ਕਰਨ ਜੋ ਉਨ੍ਹਾਂ ਨੂੰ ਕਰਨਾ ਚਾਹੀਦਾ ਹੈ ਤਾਂ "ਹਿਦਾਇਤ" ਜਾਂ ਪ੍ਰੇਮ ਭਰੀ ਤਾੜਨਾ ਦੇ ਕੇ ਝੁੰਡ ਦੀ ਨਿਗਰਾਨੀ ਕਰਨੀ। ਪੌਲੁਸ ਨੇ ਉਨ੍ਹਾਂ ਨੂੰ ਪਹਿਲਾਂ ਤੋਂ ਹੀ ਕਹਿ ਦਿੱਤਾ ਸੀ ਕਿ ਪ੍ਰੇਮ ਇੱਕ ਮਨੁੱਖ ਦੇ ਲਈ ਪਰਮੇਸ਼ੁਰ ਦੇ ਰਾਜ ਵਿੱਚ "ਮਿਹਨਤ" ਕਰਨ ਦਾ ਕਾਰਣ ਬਣਦਾ ਹੈ (1:3)।

ਆਗੂਆਂ ਲਈ ਸਰਵਉੱਚ ਆਦਰ (ἡγέομαι, *ਹੀਜੀਓਮਾਈ*) ਰੱਖਿਆ ਗਿਆ ਹੈ, ਜੋ, ਮੌਰਿਸ ਦੇ ਅਨੁਸਾਰ, ਉਨ੍ਹਾਂ ਨੂੰ "ਖਾਤਾ ਨਾ ਹੋਣ ਵਾਲਿਆਂ ਦੇ ਵਾਂਗ ਖਾਰਿਜ ਨਹੀਂ ਕੀਤਾ ਜਾ ਸਕੇਗਾ।"[21] ਜਿੱਥੇ ਇਹ "ਆਦਰ" ਹੁੰਦਾ ਹੈ, ਉੱਥੇ ਉਨ੍ਹਾਂ ਦੀਆਂ ਪ੍ਰਾਰਥਨਾਵਾਂ ਨੂੰ ਨਜ਼ਰਅੰਦਾਜ਼ ਨਹੀਂ ਕੀਤਾ ਜਾਵੇਗਾ।

ਵਿਲੀਅਮਜ਼ ਦੀ ਟਿੱਪਣੀ:

> ["ਆਦਰ" ਦੇ ਲਈ] ਕਿਰਿਆ [ἡγέομαι] *ਹੀਜੀਓਮਾਈ* ਸ਼ਬਦ ਦਾ ਨਿਰਪੱਖ ਭਾਵ ਵਿੱਚ ਸਧਾਰਣ ਅਰਥ "ਸਮਝਣਾ" ਜਾਂ "ਆਦਰ ਕਰਨਾ" ਹੈ (ਤੁਲਨਾ ਕਰਕੇ ਵੇਖੋ 2 ਥੱਸਲੁਨੀਕੀਆਂ 3:15), ਪਰ ਇੱਥੇ ਇਹ ਇੱਕ ਹੋਰ ਸਾਕਾਰਤਮਕ ਸਮੱਗਰੀ ਦੇਵੇਂ ਕਿਰਿਆ ਵਿਸ਼ੇਸ਼ਣ, [ὑπερεκπερισσῶς] *ਹਾਈਪਰਏਕਪੇਰਿਸਸੋਸ (ਵੇਖੋ* 3:10 ਦੇ ਵਿਸ਼ੇ ਤੇ ਵਿਚਾਰ-ਵਟਾਂਦਰਾ), ਅਤੇ ਕਿਰਿਆ ਵਿਸ਼ੇਸ਼ਣ ਵਾਕ, "ਪ੍ਰੇਮ ਵਿੱਚ" ਤੈਅ ਕੀਤਾ ਗਿਆ ਹੈ। ਚਰਚ ਦੇ ਮੈਂਬਰਾਂ ਨੂੰ ਕਿਹਾ ਗਿਆ ਹੈ ਕਿ ਉਹ ਆਗੂਆਂ ਦਾ ਆਦਰ ਉਨ੍ਹਾਂ ਦੇ

ਅੰਦਰ ਪਾਏ ਜਾ ਸਕਣ ਵਾਲੇ ਕਿਸੇ ਪ੍ਰਕਾਰ ਦੇ ਵਿਅਕਤੀਗਤ ਗੁਣਾਂ ਦੇ ਕਾਰਣ ਨਹੀਂ, ਸਗੋਂ ਉਸ ਕੰਮ ਦੇ ਕਾਰਣ ਕਰਨ ਜੋ ਉਹ ਕਰਦੇ ਹਨ, ਤਾਂ ਕਿ ਜੇਕਰ ਉਨ੍ਹਾਂ ਨੂੰ ਇਹ ਅਹਿਸਾਸ ਦਿਵਾਇਆ ਜਾਵੇ ਕਿ ਉਨ੍ਹਾਂ ਨੂੰ ਪਿਆਰ ਕੀਤਾ ਜਾਂਦਾ ਹੈ, ਉਨ੍ਹਾਂ ਦਾ ਕੰਮ ਬੇਹਤਰ ਹੋ ਸਕੇ, ਭਾਵੇਂ ਉਹ ਕਲੀਸਿਆ ਦੇ ਅੰਦਰ ਹੋਵੇ ਜਾਂ ਕਲੀਸਿਆ ਨੂੰ ਵਿਸਥਾਰ ਦੇਣ ਲਈ ਹੋਵੇ।[22]

ਪੌਲੁਸ ਨੇ ਕਿਹਾ, ਇਹ "ਆਦਰ" ਉਨ੍ਹਾਂ ਨੂੰ ਇਸ ਲਈ ਨਹੀਂ ਦਿੱਤਾ ਜਾਂਦਾ ਸੀ, ਕਿ ਮੈਂਬਰ ਉਨ੍ਹਾਂ ਦੇ ਅਧਿਕਾਰ ਤੋਂ ਡਰਦੇ ਸਨ; ਇਸ ਦੀ ਬਜਾਇ, ਇਹ **ਪ੍ਰੇਮ ਨਾਲ** ਉਨ੍ਹਾਂ ਨੂੰ ਦਿੱਤਾ ਜਾਂਦਾ ਸੀ। ਇਹ ਪ੍ਰੇਮ ਉਨ੍ਹਾਂ ਦੇ ਪ੍ਰਤਿ **ਓਹਨਾਂ ਦੇ ਕੰਮ ਦੀ ਖਾਤਰ** ਵਧਾਇਆ ਜਾ ਰਿਹਾ ਸੀ। ਇਹ ਮੰਨਿਆ ਜਾਂਦਾ ਹੈ ਕਿ ਇੱਕ ਯੋਗ ਬਜ਼ੁਰਗ ਰਾਜ ਨੂੰ ਫੈਲਦਾ ਹੋਇਆ ਵੇਖਣ ਦੇ ਲਈ ਆਪਣੀ ਪੂਰੀ ਜਾਨ ਨਾਲ ਕੰਮ ਕਰੇਗਾ, ਅਤੇ ਮੈਂਬਰ ਪਾਪ ਤੋਂ ਬਚ ਕੇ ਆਤਮਿਕ ਤੌਰ ਤੇ ਵੱਧ ਰਹੇ ਹਨ। ਨਿਸ਼ਚਤ ਰੂਪ ਵਿੱਚ ਇਸ ਤੋਂ ਇਹ ਗੱਲ ਸਪੱਸ਼ਟ ਹੋਣੀ ਚਾਹੀਦੀ ਹੈ ਕਿ ਬਜ਼ੁਰਗ ਮੁੱਖ ਤੌਰ ਤੇ ਫੈਸਲੇ ਲੈਣ ਵਾਲੇ ਹੀ ਨਹੀਂ ਹੁੰਦੇ ਹਨ। ਇਸ ਦੀ ਬਜਾਇ, ਉਹ ਪ੍ਰੇਮੀ ਪਾਦਰੀ ਵੀ ਹਨ ਜੋ ਚਰਚ ਦੀ ਬੇਹਤਰੀ ਦੇ ਲਈ ਆਪਣਾ ਸਾਰਾ ਕੁੱਝ ਕੁਰਬਾਨ ਕਰ ਦਿੰਦੇ ਹਨ ਅਤੇ ਉਹ ਹੀ ਹਨ ਜੋ ਇੱਕ ਦਿਨ ਲੇਖਾ ਦੇਣਗੇ ਕਿ ਉਨ੍ਹਾਂ ਨੇ ਇਸ ਕੰਮ ਨੂੰ ਕਿੰਨੀ ਚੰਗੀ ਤਰ੍ਹਾਂ ਦੇ ਨਾਲ ਕੀਤਾ ਸੀ (ਇਬਰਾਨੀਆਂ 13:17)। ਇਹ ਇਸ ਗੱਲ ਨੂੰ ਸਪੱਸ਼ਟ ਕਰਦਾ ਹੈ ਕਿ ਇਸ ਕੰਮ ਦੇ ਲਈ ਕਿਸੇ ਵੀ ਵਿਅਕਤੀ ਨੂੰ ਉਸ ਸਮੇਂ ਤੱਕ ਚੁਣਿਆ ਜਾਣਾ ਨਹੀਂ ਚਾਹੀਦਾ ਹੈ ਜਦੋਂ ਤੱਕ ਉਹ ਨੇ ਪਹਿਲਾਂ ਤੋਂ ਹੀ ਆਪਣੇ ਸਾਥੀ ਮਸੀਹੀਆਂ ਦੇ ਨਾਲ ਇਸ ਪ੍ਰਕਾਰ ਦਾ ਪ੍ਰੇਮ ਨਾ ਵਿਖਾਇਆ ਹੋਵੇ (ਤੀਤੁਸ 1:8 ਨਾਲ ਤੁਲਨਾ ਕਰਕੇ ਵੇਖੋ)।

ਆਇਤ 13. **ਆਪੋ ਵਿੱਚ ਮੇਲ ਰੱਖੋ**। ਇਸ ਸਲਾਹ ਦੀ ਉਸ ਹੁਕਮ ਦੇ ਨਾਲ ਸੰਬੰਧਤ ਹੋਣ ਦੀ ਬਹੁਤ ਹੀ ਜ਼ਿਆਦਾ ਸੰਭਾਵਨਾ ਹੈ ਕਿ ਆਪਣੇ ਆਗੂਆਂ ਦਾ ਬਹੁਤਾ ਹੀ ਆਦਰ ਕਰੋ। ਜਾਹਿਰ ਹੈ ਕਿ ਉਹ ਅਜਿਹਾ ਕਰਨ ਵਿੱਚ ਅਸਫਲ ਹੋ ਗਏ ਸਨ ਅਤੇ ਇਸ ਨੇ ਕੁੱਝ ਵਿਵਾਦ ਨੂੰ ਪੈਦਾ ਕਰ ਦਿੱਤਾ ਸੀ, ਜਿਵੇਂ ਇੱਕ ਅਲੋਚਨਾਤਮਕ ਅਤੇ ਅਨੁਚਿਤ ਰਵੱਈਆ ਹਮੇਸ਼ਾ ਕਰੇਗਾ। ਅਸਲ ਵਿੱਚ, ਪ੍ਰਭਾਵਸ਼ਾਲੀ ਲੀਡਰਸ਼ਿਪ ਸਿਰਫ ਇਛੁੱਕ ਅਤੇ ਯੋਗ ਆਗੂਆਂ ਤੇ ਹੀ ਨਿਰਭਰ ਨਹੀਂ ਕਰਦੀ ਹੈ, ਪਰ ਇਸ ਦੇ ਨਾਲ ਨਾਲ ਇਛੁੱਕ ਚੇਲਿਆਂ ਦੀ ਵੀ ਲੋੜ ਹੁੰਦੀ ਹੈ। ਇਸ ਵਿੱਚ ਉਨ੍ਹਾਂ ਮੈਂਬਰਾਂ ਦੀ ਵੀ ਲੋੜ ਹੁੰਦੀ ਹੈ ਜੋ ਸੱਚਮੁੱਚ ਹਰੇਕ ਭਾਈ ਦੇ ਨਾਲ ਸ਼ਾਂਤੀ ਨਾਲ ਰਹਿਣ ਦੀ ਕੋਸ਼ਿਸ਼ ਕਰਦੇ ਹਨ (ਮਰਕੁਸ 9:50; ਰੋਮੀਆਂ 12:18; 2 ਕੁਰਿੰਥੀਆਂ 13:11)। ਜਦੋਂ ਲੀਡਰਸ਼ਿਪ ਜਾਂ ਹੋਰਨਾਂ ਦੇ ਨਾਲ ਅਸਹਿਮਤੀ ਹੁੰਦੀ ਹੈ, ਤਾਂ ਇੱਕ ਅਜਿਹਾ ਵਿਅਕਤੀ ਜੋ ਇਮਾਨਦਾਰੀ ਦੇ ਨਾਲ ਰਹਿਣ ਦੀ ਕੋਸ਼ਿਸ਼ ਕਰ ਰਿਹਾ ਹੁੰਦਾ ਹੈ ਉਹ ਆਪਣੀ ਜ਼ੁਬਾਨ ਨੂੰ ਕਾਬੂ ਵਿੱਚ ਰੱਖੇਗਾ ਅਤੇ ਉਸ ਭਾਈ ਜਾਂ ਭਾਈਆਂ ਦੇ ਕੋਲ ਜਾਂਦਾ ਹੈ ਜਿਨ੍ਹਾਂ ਦੇ ਨਾਲ ਉਹ ਅਸਹਿਮਤ ਹੁੰਦਾ ਹੈ। ਆਮ ਤੌਰ ਤੇ, ਇੱਕ ਸਮਝ ਆ ਜਾਵੇਗੀ। ਇਸ ਤੋਂ ਵੱਧ ਕੇ, ਉਹ ਹਰ ਉਸ ਚੀਜ਼ ਦੀ ਅਲੋਚਨਾ ਤੋਂ ਬਚ ਜਾਵੇਗਾ ਜੋ ਉਸ ਦੇ ਅਨੁਸਾਰ ਨਹੀਂ ਹੈ। ਹਰ ਇੱਕ ਮਸੀਹੀ ਇਸ ਗੱਲ ਦੇ ਲਈ ਵਚਨਬੱਧ ਹੈ ਕਿ ਉਹ ਆਪਣੀ ਕਲੀਸਿਆ ਵਿੱਚ ਜਿਸ ਦਾ ਉਹ ਮੈਂਬਰ ਹੈ ਸ਼ਾਂਤੀ ਨੂੰ ਕਾਇਮ ਰੱਖਣ ਦੇ ਲਈ ਉਹ ਸਭ ਕੁਝ ਕਰੇਗਾ ਜੋ ਉਹ ਕਰ ਸਕਦਾ ਹੈ।

**ਆਇਤ 14.** ਇੰਝ ਜਾਪਦਾ ਹੈ ਕਿ ਪੌਲੁਸ ਨਸੀਹਤ ਦੇ ਦੂਸਰੇ ਸਮੂਹ ਵਿੱਚ ਚਲਾ ਗਿਆ ਸੀ। **ਹੇ ਭਰਾਵੋ, ਅਸੀਂ ਤੁਹਾਨੂੰ ਤਗੀਦ** ["ਸਮਝਾਉਣਾ"; RSV] **ਕਰਦੇ ਹਾਂ ਜੋ** [ਕਿ] **ਕਸੂਤਿਆਂ ਨੂੰ ਸਮਝਾਓ** ਕਲੀਸਿਆ ਵਿੱਚ ਜੋ "ਵਿਹਲੇ ਹਨ ਉਨ੍ਹਾਂ ਨੂੰ ਚੇਤਾਵਨੀ ਦਿਓ"

(NIV)। "ਸਮਝਾਉਣਾ" νουθετέω (*ਨਾਓਥੇਟੇਓ*) ਤੋਂ ਆਉਂਦਾ ਹੈ ਅਤੇ ਇਸ ਦਾ ਅਰਥ "ਉਪਦੇਸ਼ ਦੇਣਾ, ਚੇਤਾਵਨੀ ਦੇਣੀ, ਅਤੇ ਹਿਦਾਇਤ ਕਰਨੀ" ਹੈ। (ਆਇਤ 12 ਵੀ ਵੇਖੋ)।[23] "ਕਸੂਤਿਆਂ" ਦੇ ਲਈ ਯੂਨਾਨੀ ਸ਼ਬਦ ἄτακτος (*ਆਤਾਕੋਸ*) ਹੈ, ਉਸ ਸਿਪਾਹੀ ਦੇ ਚਿੱਤਰ ਵੱਲ ਚਲਾ ਜਾਂਦਾ ਹੈ ਜਿਸ ਦਾ ਪੌਲੁਸ ਨੇ ਪਹਿਲਾਂ ਇਸਤੇਮਾਲ ਕੀਤਾ ਸੀ (5:8) ਅਤੇ ਇੱਕ ਅਜਿਹੇ ਸਿਪਾਹੀ ਨੂੰ ਦਰਸਾਉਂਦਾ ਹੈ ਜੋ ਮਾਰਚ ਕਰਨ ਦੇ ਵੇਲੇ ਦੂਜੇ ਸਿਪਾਹੀਆਂ ਦੇ ਨਾਲ ਨਹੀਂ ਚੱਲ ਸਕਦਾ ਹੈ। ਉਹ ਪਿੱਛੇ ਡਿੱਗ ਜਾਂਦਾ ਹੈ ਅਤੇ ਕਦਮ ਅੱਗੇ ਵਧਾਉਣ ਦੀ ਕੋਸ਼ਿਸ਼ ਨਹੀਂ ਕਰਦਾ ਹੈ। ਜਿਵੇਂ ਜੋਰਜ ਮਿਲੀਗਨ ਨੇ ਦਿਖਾਇਆ, *ਆਤਾਕੋਸ* ਆਮ ਤੌਰ ਤੇ ਆਵਾਰਾ[24] ਲੋਕਾਂ ਦੇ ਲਈ ਵਰਤਿਆ ਜਾਂਦਾ ਹੈ, ਅਤੇ ਥੱਸਲੁਨੀਕੇ ਦੇ ਲੋਕਾਂ ਵਿੱਚ ਵੀ ਕੁੱਝ ਅਜਿਹੇ ਲੋਕ ਸਨ (2 ਥੱਸਲੁਨੀਕੀਆਂ 3:11)।

ਇਸ ਸ਼ਬਦ ਦੀ ਸਧਾਰਣ ਪਰਿਭਾਸ਼ਾ "ਆਲਸੀ" ਹੈ, ਪਰ, ਜਿਵੇਂ ਮਾਰਸ਼ਲ ਸਹੀ ਤਰੀਕੇ ਦੇ ਨਾਲ ਕਿਹਾ, "[ਦ] ਇੱਥੇ ਮਨ ਵਿੱਚ ਗੋਲਮਾਲ ਦੀ ਇੱਕ ਖਾਸ ਕਿਸਮ ਹੈ ਜਿਸ ਵਿੱਚ ਕੰਮ ਕਰਨ ਤੋਂ ਇਨਕਾਰ ਕਰਨਾ ਅਤੇ ਕਰਮਚਾਰੀਆਂ ਦੇ ਜੀਵਨ ਦੇ ਸਧਾਰਣ ਤਰੀਕੇ ਦੇ ਅਨੁਰੂਪ ਚੱਲਣ ਤੋਂ ਇਨਕਾਰ ਸ਼ਾਮਲ ਹੈ।"[25]

ਕੁੱਝ ਲੋਕਾਂ ਨੇ ਜਾਹਿਰ ਤੌਰ ਤੇ ਸਿੱਟਾ ਕੱਢਿਆ ਸੀ ਕਿ ਮਸੀਹ ਦਾ ਆਉਣਾ ਇੰਨਾ ਨੇੜੇ ਹੈ ਕਿ ਉਨ੍ਹਾਂ ਦਾ ਨਿਯਮਿਤ ਗਤੀਵਿਧੀਆਂ ਕਰਦੇ ਹੋਏ ਜਿਵੇਂ ਆਪਣੀਆਂ ਨੌਕਰੀਆਂ ਕਰਦੇ ਹੋਏ, ਅੱਗੇ ਵੱਧਣਾ ਬੇਕਾਰ ਹੈ, ਇਸ ਲਈ ਉਨ੍ਹਾਂ ਨੇ ਕੰਮ ਕਰਨਾ ਬੰਦ ਕਰ ਦਿੱਤਾ ਅਤੇ ਦੂਜਿਆਂ ਤੇ ਨਿਰਭਰ ਕਰਨਾ ਸ਼ੁਰੂ ਕਰ ਦਿੱਤਾ। ਪੌਲੁਸ ਨੇ ਸਪੱਸ਼ਟ ਤੌਰ ਤੇ ਇਸ ਪ੍ਰਥਾ ਦੀ ਨਿੰਦਾ ਕੀਤੀ। ਮਸੀਹੀ ਲੋਕ ਉਹ ਲੋਕ ਹਨ ਜਿਨ੍ਹਾਂ ਦੇ ਕੋਲ ਆਪਣੇ ਆਪ ਦੀ ਮਦਦ ਕਰਨ, ਅਤੇ ਫਿਰ ਦੂਜਿਆਂ ਨੂੰ ਦੇਣ ਦੇ ਲਈ ਕਾਫੀ ਹੋਣਾ ਚਾਹੀਦਾ ਹੈ (ਅਫ਼ਸੀਆਂ 4:28 ਨੂੰ ਵੀ ਵੇਖੋ)। ਆਲਸੀਪੁਣਾ ਹੋਰ ਬਹੁਤ ਸਾਰੀਆਂ ਬੁਰਾਈਆਂ ਨੂੰ ਜਨਮ ਦਿੰਦਾ ਹੈ, ਇਸ ਲਈ ਪੌਲੁਸ ਨੇ ਕਲੀਸਿਆ ਨੂੰ "ਚੇਤਾਵਨੀ ਦੇਣ" ਅਤੇ "ਉਪਦੇਸ਼ ਦੇਣ" ਦੀ ਤਗੀਦ ਕੀਤੀ ਜਾਂ ਉਨ੍ਹਾਂ ਦੇ ਨਾਲ ਇੱਕ ਗੰਭੀਰ ਤਰੀਕੇ ਦੇ ਨਾਲ ਗੱਲ ਕਰਨ ਨੂੰ ਕਿਹਾ ਜੋ ਲੋਕ ਪਰਮੇਸ਼ੁਰ ਦੀ ਇੱਛਾ ਤੋਂ ਭਟਕ ਗਏ ਹਨ ਅਤੇ ਆਲਸ ਵਿੱਚ ਚਲੇ ਗਏ ਹਨ। ਫਿਰ ਤੋਂ, ਇਹ ਹਰੇਕ ਭਾਈ ਦੀ ਆਪਣੇ ਦੂਸਰੇ ਭਾਈ ਦੇ ਬਾਰੇ ਜ਼ਿੰਮੇਵਾਰੀ ਨੂੰ ਦਰਸਾਉਂਦਾ ਹੈ।

ਉਸੇ ਲਾਇਨ ਦੇ ਨਾਲ, ਪੌਲੁਸ ਨੇ ਉਨ੍ਹਾਂ ਨੂੰ ਕਿਹਾ ਕਿ **ਕਮਦਿਲਿਆਂ ਨੂੰ ਦਿਲਾਸਾ ਦਿਓ**। ਜਿਵੇਂ ਕਿ ਵੱਖ-ਵੱਖ ਅਨੁਵਾਦਾਂ ਤੋਂ ਵੇਖਿਆ ਜਾ ਸਕਦਾ ਹੈ, ਇਸ ਯੂਨਾਨੀ ਵਾਕ ਦਾ ਅਨੁਵਾਦ ਕਰਨਾ ਮੁਸ਼ਕਲ ਹੈ, ਪਰ ਇੰਝ ਜਾਪਦਾ ਹੈ NASB ਸਭ ਤੋਂ ਉੱਤਮ ਅਨੁਵਾਦ ਦਿੰਦਾ ਹੈ। ਕੁਝ ਲੋਕ "ਕਮਦਿਲੇ" ਸਨ ਕਿਉਂਕਿ, ਜਿਵੇਂ ਅਸੀਂ (4:13–18) ਵਿੱਚ ਵੇਖਿਆ ਹੈ, ਉਨ੍ਹਾਂ ਦੇ ਪਿਆਰੇ ਮਰ ਗਏ ਸਨ ਅਤੇ ਉਨ੍ਹਾਂ ਨੂੰ ਡਰ ਸੀ ਕਿ ਮਸੀਹ ਦੀ ਦੂਸਰੀ ਆਮਦ ਦੀਆਂ ਮਹਾਨ ਘਟਨਾਵਾਂ ਵਿੱਚ ਉਨ੍ਹਾਂ ਨੂੰ ਹਿੱਸਾ ਨਹੀਂ ਮਿਲੇਗਾ। ਪੌਲੁਸ ਨੇ ਭਾਈਆਂ ਨੂੰ ਸਲਾਹ ਦਿੱਤੀ ਕਿ ਉਹ ਪੌਲੁਸ ਦੀਆਂ ਸਿੱਖਿਆਵਾਂ ਦੀ ਚਰਚਾ ਨਿਰਾਸ਼ ਲੋਕਾਂ ਦੇ ਨਾਲ ਕਰਨ ਅਤੇ ਉਨ੍ਹਾਂ ਨੂੰ "ਤਸੱਲੀ" ਦੇਣ ਦੀ ਕੋਸ਼ਿਸ਼ ਕਰਨ (4:18)।

ਉਨ੍ਹਾਂ ਨੂੰ **ਨਿਤਾਣਿਆਂ ਨੂੰ ਸਮ੍ਹਾਲੋ**। "ਸਮ੍ਹਾਲੋ" ἀντέχω (*ਅੰਟੇਚੋ*) ਤੋਂ ਹੈ ਅਤੇ ਇਹ ਕਿਸੇ ਵਿਅਕਤੀ ਜਾਂ ਕਿਸੇ ਚੀਜ਼ ਵਿੱਚ "ਮਜ਼ਬੂਤ ਦਿਲਚਸਪੀ" ਨੂੰ ਵਿਖਾਉਂਦਾ ਹੈ।[26] ਪੌਲੁਸ ਨੂੰ ਉਨ੍ਹਾਂ ਲੋਕਾਂ ਦੀ ਚਿੰਤਾ ਸੀ ਜੋ ਆਤਮਿਕ ਤੌਰ ਤੇ "ਕਮਜ਼ੋਰ" ਸਨ ਅਤੇ ਜਿਨ੍ਹਾਂ ਨੂੰ "ਮਦਦ" ਦੀ ਲੋੜ ਸੀ। ਤਕੜੇ ਹੋਣ ਦੇ ਲਈ, ਉਨ੍ਹਾਂ ਨੂੰ ਅਜਿਹੇ ਭਾਈਆਂ ਦੀ ਲੋੜ ਸੀ ਜੋ ਉਨ੍ਹਾਂ ਨੂੰ ਫੜ

ਸਕਣ ਅਤੇ ਜੀਵਨ ਦੇ ਰਾਹ ਤੇ ਉਨ੍ਹਾਂ ਨੂੰ ਉਤਸ਼ਾਹਿਤ ਕਰਨ। ਤਕੜਿਆਂ ਦੇ ਕਮਜ਼ੋਰਾਂ ਦੇ ਪ੍ਰਤਿ ਫਰਜ਼ ਸਪੱਸ਼ਟ ਹਨ (ਰੋਮੀਆਂ 15:1)।

ਲੋਕਾਂ ਦੇ ਵੱਖ ਵੱਖ ਵਰਗਾਂ ਨੂੰ ਆਪਣੇ ਉਪਦੇਸ਼ ਦੇ ਕੇ ਪਰਤਦੇ ਹੋਏ, ਪੌਲੁਸ ਨੇ ਕਿਸੇ ਅਜਿਹਾ ਚੀਜ਼ ਵੱਲ ਇਸ਼ਾਰਾ ਕੀਤਾ ਜਿਸ ਦੀ ਸਾਰੇ ਚਰਚ ਨੂੰ ਲੋੜ ਸੀ। ਉਸ ਨੇ ਕਿਹਾ, **ਸਭਨਾਂ ਦੇ ਨਾਲ ਧੀਰਜ ਕਰੋ।** ਅਰਥਾਤ, "ਸਭਨਾਂ ਲੋਕਾਂ" ਦੇ ਪ੍ਰਤਿ ਨੇਕ ਬਣੋ, ਧੀਰਜ ਕਰੋ ਅਤੇ ਸਹਿਣਸ਼ੀਲਤਾ ਰੱਖੋ। ਸਾਡੇ ਆਪਣੇ ਖੁਦ ਦੇ ਹੰਕਾਰ ਨੂੰ ਸੰਤੁਸ਼ਟ ਕਰਨ ਦੀ ਬਜਾਇ ਅਪਰਿਪੱਕ ਲੋਕਾਂ ਦੀ ਮਦਦ ਕਰਨਾ ਅਤੇ ਉਨ੍ਹਾਂ ਦੀ ਸੇਵਾ ਕਰਨਾ ਵਧੇਰੇ ਮਹੱਤਵਪੂਰਣ ਹੈ।

**ਆਇਤ 15.** ਪੌਲੁਸ ਨੇ ਕਿਹਾ ਕਿ ਉਨ੍ਹਾਂ ਲਈ ਉਚਿਤ ਹੈ ਕਿ **ਵੇਖਣਾ ਭਈ ਕੋਈ ਕਿਸੇ ਨਾਲ ਬੁਰੇ ਦੇ ਵੱਟੇ ਬੁਰਾ ਨਾ ਕਰੇ।** ਇਹ ਚੇਤਾਵਨੀ ਕੁਦਰਤੀ ਜਵਾਬੀ ਕਾਰਵਾਈ ਦੇ ਸੁਭਾਓ ਦੀ ਮਨਾਹੀ ਕਰਦੀ ਹੈ (ਤੁਲਨਾ ਕਰਕੇ ਵੇਖੋ ਰੋਮੀਆਂ 12:17)। ਇਸ ਸਿੱਖਿਆ ਦਾ ਦੂਸਰਾ ਪਹਿਲੂ ਇਸ ਤੱਥ ਵਿੱਚ ਵੇਖਿਆ ਜਾਂਦਾ ਹੈ ਕਿ ο ὁρᾶτε (*ਹੋਰੇਟ,* ਤੋਂ ὁράω *ਹੋਰਾਓ*), ਜਿਸ ਦਾ ਅਨੁਵਾਦ "ਵੇਖਣਾ ਭਈ," ਬਹੁਵਚਨ ਹੈ, ਜਿਸ ਦਾ ਅਰਥ ਹੈ ਕਿ ਸਮੂਹ ਨੂੰ ਸੰਬੋਧਤ ਕੀਤਾ ਜਾ ਰਿਹਾ ਹੈ। ਫਰੇਮ ਨੇ ਕਿਹਾ, "ਕਿਸੇ ਵੀ ਇੱਕ ਮੈਂਬਰ (τις) ਦੇ ਕਾਰਣ ਜਿਸ ਨੇ ਆਪਣਾ ਧੀਰਜ ਗੁਆ ਲਿਆ ਅਤੇ ਬਦਲਾ ਲੈਣ ਦੇ ਲਈ ਤਿਆਰ ਹੈ ਪੂਰੇ ਸਮੂਹ ਨੂੰ ਜ਼ਿੰਮੇਵਾਰ ਠਹਿਰਾਇਆ ਜਾਂਦਾ ਹੈ . . . ।"[27]

ਕਲੀਸਿਆ ਨੂੰ ਇਸ ਗੱਲ ਨੂੰ ਪੱਕਾ ਕਰਨਾ ਚਾਹੀਦਾ ਹੈ ਕਿ ਦੋ ਭਾਈ ਬੁਰੇ ਦੇ ਵੱਟੇ ਬੁਰਾ ਕਰਕੇ "ਇਸ ਵਿੱਚ ਨਾ ਫਸ ਜਾਣ।" ਜਦੋਂ ਅਜਿਹਾ ਹੋਣਾ ਸ਼ੁਰੂ ਹੋਵੇ, ਤਾਂ ਵਿਅਕਤੀਗਤ ਭਾਈ ਅਤੇ ਆਗੂ "ਵੇਖਣ ਕਿ" ਅਜਿਹਾ ਨਿਯੰਤਰਣ ਹੋਣਾ ਉਚਿਤ ਨਹੀ ਹੈ। ਇਸ ਪ੍ਰਕਾਰ ਦਾ ਵਿਵਹਾਰ ਕਰਨ ਦੀ ਬਜਾਇ, ਮਸੀਹੀਆਂ ਨੂੰ ਚਾਹੀਦਾ ਹੈ ਕਿ **ਇੱਕ ਦੂਏ ਲਈ ਅਤੇ ਸਭਨਾਂ ਲਈ ਸਦਾ ਭਲਿਆਈ ਦੇ ਪਿੱਛੇ ਲੱਗੇ ਰਹੋ।** "ਭਲਿਆਈ," ਬੇਸ਼ੱਕ, ਉਸ ਦੇ ਲਈ ਫਾਇਦੇਮੰਦ ਹੈ ਜੋ ਇਸ ਕਿਰਿਆ ਨੂੰ ਪ੍ਰਾਪਤ ਕਰ ਰਿਹਾ ਹੈ। ਇਹ ਕਰਨਾ ਕਿੰਨਾ ਔਖਾ ਹੈ, ਜਦੋਂ ਕੋਈ ਸਾਡੇ ਨਾਲ ਕੁਝ ਬੁਰਾ ਕਰਦਾ ਹੈ, ਤਾਂ ਸਾਨੂੰ ਉਸ ਦੇ ਨਾਲ ਭਲਾਈ ਕਰਨੀ ਚਾਹੀਦੀ ਹੈ ਤਾਂ ਕਿ ਅਸੀਂ ਉਸ ਦੀ ਮਦਦ ਕਰ ਸਕੀਏ ਕਿ "ਉਹ ਦੇ ਸਿਰ ਉੱਤੇ ਅੱਗ ਦੇ ਅੰਗਿਆਰਿਆਂ ਦਾ ਢੇਰ" ਲਾ ਸਕੀਏ ਕਿ ਉਹ ਢੇਰ ਦੇ ਵਿੱਚੋਂ ਦੀ ਆਪਣੀ ਗਲਤੀ ਨੂੰ ਢੇਰ ਵਿੱਚੋਂ ਆਪਣੀ ਗਲਤੀ ਵੇਖ ਸਕੇ (ਰੋਮੀਆਂ 12:20; ਵੇਖੋ ਕਹਾਉਤਾਂ 25:21, 22)। ਇਹ "ਕੋਲੇ" ਇਸ ਇੱਛਾ ਦੇ ਨਾਲ ਇਸਤੇਮਾਲ ਨਹੀਂ ਕੀਤੇ ਗਏ ਹਨ ਕਿ ਉਸ ਨੂੰ ਭਸਮ ਕੀਤਾ ਜਾ ਸਕੇ, ਪਰ ਉਸ ਦੀ ਕਠੋਰਤਾ ਨੂੰ "ਪਿਘਲਾਉਣ ਦੇ ਵਾਸਤੇ" ਅਤੇ ਉਸ ਨੂੰ ਸ਼ਰਮਿੰਦਾ ਕਰਨ ਦੇ ਵਾਸਤੇ ਤਾਂਕਿ ਉਸ ਦੇ ਤਣਾਓ ਨੂੰ ਘੱਟ ਕੀਤਾ ਜਾ ਸਕੇ। ਮਸੀਹੀਆਂ ਨੂੰ ਹਮੇਸ਼ਾ **ਸਭਨਾਂ** ਦੇ ਨਾਲ ਇਸੇ ਤਰ੍ਹਾਂ ਹੀ ਰਹਿਣਾ ਚਾਹੀਦਾ ਹੈ, ਗੈਰ-ਮਸੀਹੀਆਂ ਨਾਲ ਵੀ। (ਇਸ ਪੱਤ੍ਰੀ ਵਿੱਚ ਗੈਰ–ਯਹੂਦੀਆਂ ਦੇ ਪ੍ਰਤਿ ਪੌਲੁਸ ਦੀ ਚਿੰਤਾ [3:12; 4:12] ਅਤੇ ਗਲਾਤੀਆਂ 6:10 ਦੇ ਬਿਆਨ ਤੇ ਵੀ ਧਿਆਨ ਦਿਓ। 1 ਪਤਰਸ 3:9, ਅਤੇ ਮੱਤੀ 5:38–41 ਦੇ ਬਿਆਨ ਦੀ ਵੀ ਤੁਲਨਾ ਕਰੋ।)

**ਆਇਤਾਂ 16, 17.** ਉਨ੍ਹਾਂ ਨੂੰ ਇਹ ਨਿਰਦੇਸ਼ ਦੇਣ ਤੋਂ ਬਾਅਦ ਕਿ ਇੱਕ ਦੂਜੇ ਦੇ ਨਾਲ ਕਿਹੋ ਜਿਹਾ ਵਿਵਹਾਰ ਕਰਨਾ ਚਾਹੀਦਾ ਹੈ, ਪੌਲੁਸ ਨੇ ਉਨ੍ਹਾਂ ਨੂੰ ਜੀਵਨ ਦੇ ਪ੍ਰਤਿ ਉਨ੍ਹਾਂ ਦੇ ਦ੍ਰਿਸ਼ਟੀਕੋਣ ਦੇ ਵਿਸ਼ੇ ਵਿੱਚ ਚੇਤਾਵਨੀ ਦਿੱਤੀ, ਕਿ ਇਹ **ਹਮੇਸ਼ਾ** ਉਨ੍ਹਾਂ ਦੇ ਲਈ **ਅਨੰਦ** ਅਤੇ ਖੁਸ਼ੀ ਨਾਲ ਭਰ ਜਾਣ ਦਾ ਕਾਰਣ ਹੋਣਾ ਚਾਹੀਦਾ ਹੈ। ਪਰਮੇਸ਼ੁਰ ਨੇ ਸਾਨੂੰ ਪੁਰਾਣੇ ਸਮੇਂ ਦੇ

ਪਾਪਾਂ ਤੋਂ ਮੁਕਤੀ ਦਿੱਤੀ ਹੈ ਅਤੇ ਇਸ ਗੱਲ ਦੀ ਗਰੰਟੀ ਦੇ ਤੌਰ ਤੇ ਆਪਣਾ ਪਵਿੱਤਰ ਆਤਮਾ ਦਿੱਤਾ ਹੈ ਕਿ ਉਹ ਸਾਨੂੰ ਅਨੰਤ ਕਾਲ ਤੱਕ ਬਚਾ ਕੇ ਰੱਖੇਗਾ (ਅਫ਼ਸੀਆਂ 1:13, 14; ਰੋਮੀਆਂ 8:32)। ਸਾਡੀਆਂ ਮੁਸ਼ਕਲਾਂ ਦੇ ਬਾਵਜੂਦ, ਮਸੀਹੀਆਂ ਦੇ ਕੋਲ ਖੁਸ਼ ਰਹਿਣ ਦੇ ਬਹੁਤ ਸਾਰੇ ਕਾਰਣ ਹਨ।

ਅਸਲੀ ਮਸੀਹੀ ਅਨੰਦ ਪਰਮੇਸ਼ੁਰ ਨੂੰ ਬਹੁਤ ਸਾਰੀਆਂ ਧੰਨਵਾਦ ਦੀਆਂ ਪ੍ਰਾਰਥਨਾਵਾਂ ਦੇ ਦੁਆਰਾ ਵਹਿਣਾ ਚਾਹੀਦਾ ਹੈ। ਇਸੇ ਤਰ੍ਹਾਂ, ਮੁਸ਼ਕਲਾਂ ਦੇ ਦਰਮਿਆਨ ਵੀ ਸੱਚਾ ਮਸੀਹੀ ਆਪਣੇ ਪ੍ਰਭੁ ਦੇ ਨਾਲ ਪਰਸਪਰ ਗੱਲਬਾਤ ਕਰਨੀ ਚਾਹੇਗਾ। ਇਸ ਲਈ ਉਹ **ਬਿਨਾਂ ਰੁਕੇ ਪ੍ਰਾਰਥਨਾ ਕਰਦਾ ਰਹੇਗਾ**। ਮੌਰਿਸ ਨੇ ਇੱਥੇ ਉਲੇਖ ਕੀਤਾ ਸੀ, ਕਿ ਪੌਲੁਸ ਨੇ ਸ਼ਬਦ δέομαι [*ਡੀਓਮਾਈ*] ਦੀ ਬਜਾਇ, ਜੋ ਕਿਸੇ ਦੀ ਲੋੜ ਤੇ . . . , ਵਧੇਰੇ ਧਿਆਨ ਲਾਉਂਦਾ ਹੈ। ਸ਼ਬਦ προσεύχεσθε [*ਪ੍ਰੋਸਿਉਚੈਸਥੇ*] ਦਾ ਇਸਤੇਮਾਲ ਕੀਤਾ, ਜੋ ਭਗਤੀ, ਪਰਮੇਸ਼ੁਰ ਦੀ ਪਿਤਾ ਵਰਗੀ ਸੁਰੱਖਿਆ ਨੂੰ ਵਿਅਕਤ ਕਰਦਾ ਹੈ, ਸ਼ਬਦ Προσεύχομαι [*ਪ੍ਰੋਸਿਚੋਮਾਈ*] ਵਧੇਰੇ ਵਿਆਪਕ ਸ਼ਬਦ ਹੈ, ਅਤੇ ਇਸ ਵਿੱਚ ਪ੍ਰਾਰਥਨਾ ਦੇ ਲਈ ਹੋਰ ਸ਼ਬਦਾਂ ਨੂੰ ਵੀ ਜੋੜਿਆ ਜਾ ਸਕਦਾ ਹੈ।[28]

ਇਹ ਪੱਕੀ ਗੱਲ ਹੈ ਕਿ ਪੌਲੁਸ ਦਾ ਮਤਲਬ ਇਹ ਨਹੀਂ ਸੀ ਕਿ ਮਸੀਹੀ ਹਰ ਸਮੇਂ ਆਪਣੇ ਗੋਡਿਆਂ ਦੇ ਭਾਰ ਹੀ ਹੋਣ ਚਾਹੀਦਾ ਹੈ ਜਾਂ ਉਸ ਦੇ ਬੁੱਲ ਹਮੇਸ਼ਾ ਹਿੱਲਦੇ ਰਹਿਣ। ਇਸ ਦੀ ਬਜਾਇ ਇਸ ਦਾ ਅਰਥ ਹੈ ਕਿ ਇੱਕ ਮਸੀਹੀ ਦੇ ਮਨ ਵਿੱਚ ਪਰਮੇਸ਼ੁਰ ਦੀ ਹਜ਼ੂਰੀ ਦੀ ਅਤੇ ਪਰਮੇਸ਼ੁਰ ਤੇ ਨਿਰਭਰ ਹੋਣ ਦੀ ਇੱਕ ਨਿਰੰਤਰ ਭਾਵਨਾ ਹੋਣੀ ਚਾਹੀਦੀ ਹੈ ਜੋ ਉਸ ਦੇ ਅੰਦਰ ਨਿਯਮਿਤ ਤੌਰ ਤੇ ਆਪਣੇ ਸਵਰਗੀ ਪਿਤਾ ਦੇ ਨਾਲ ਗੱਲਬਾਤ ਕਰਨ ਦੀ ਇੱਛਾ ਨੂੰ ਪੈਦਾ ਕਰਨ ਦਾ ਕਾਰਣ ਬਣੇ, ਆਮ ਤੌਰ ਤੇ ਦਿਨ ਵਿੱਚ ਕਈ ਵਾਰ (ਵੇਖੋ ਰੋਮੀਆਂ 12:12; ਅਫ਼ਸੀਆਂ 6:18; ਲੂਕਾ 18:1)।

**ਆਇਤ 18.** ਉਹ ਪ੍ਰਾਰਥਨਾ ਜਿਸ ਦੇ ਵਿਸ਼ੇ ਵਿੱਚ ਪੌਲੁਸ ਨੇ ਆਇਤ 17 ਵਿੱਚ ਗੱਲ ਕੀਤੀ ਸੀ ਉਹ ਹੋਰ ਕਿਸੇ ਵੀ ਥਾਂ ਤੇ ਦਿੱਤੇ ਗਏ **ਧੰਨਵਾਦ**, **ਹਰ ਗੱਲ ਵਿੱਚ, ਦਿੱਤੇ** ਆਦਰ ਦਾ ਪ੍ਰਗਟਾਵੇ ਤੋਂ ਵੱਧ ਕੇ ਹੈ, ਅਰਥਾਤ, ਭਾਵੇਂ ਕੋਈ ਆਪਣੇ ਆਪ ਨੂੰ ਕਿਸੇ ਵੀ ਸਥਿਤੀ ਵਿੱਚ ਪਿਆ ਹੋਇਆ ਕਿਉਂ ਨਾ ਪਾਵੇ। ਮੌਰਿਸ ਨੇ ਲਿਖਿਆ "ਹੈ ਕਿ ਇੱਥੇ ਪ੍ਰਗਟਾਵੇ ἐν παντὶ [*ਏਨ ਪਾਨਤੀ*], ਦਾ ਅਰਥ 'ਹਰ ਸਮੇਂ' ਨਹੀਂ ਹੈ, ਅਤੇ, ਅਸਲ ਵਿੱਚ, ਇੰਝ ਜਾਪਦਾ ਹੈ ਕਿ ਇਸ ਨੂੰ πάντοτε [*ਪੈਂਟੋਟ*] ਤੋਂ 2 ਕੁਰਿੰਥੀਆਂ 9:8 ਵਿੱਚ ਵੱਖਰਾ ਕੀਤਾ ਗਿਆ ਜਾਪਦਾ ਹੈ। ਇਸ ਦੀ ਬਜਾਇ ਇਸ ਦਾ ਅਰਥ 'ਹਰ ਚੀਜ਼ ਵਿੱਚ' ਹੈ ਉਦਾਹਰਣ ਦੇ ਲਈ, 'ਹਰ ਹਾਲ ਵਿੱਚ।'"[29] ਇਸੇ ਤਰ੍ਹਾਂ, ਪੌਲੁਸ ਨੇ ਕਿਹਾ ਹੈ ਕਿ "ਕਿਸੇ ਵੀ ਅਤੇ ਹਰ ਗੱਲ ਵਿੱਚ" ਉਸ ਨੇ ਸੰਤੁਸ਼ਟ ਰਹਿਣਾ ਸਿੱਖ ਲਿਆ ਹੈ (ਫ਼ਿਲਿੱਪੀਆਂ 4:12)।

ਸਾਨੂੰ ਉਸ ਸਮੇਂ ਪਰਮੇਸ਼ੁਰ ਨੂੰ ਧੰਨਵਾਦ ਪਰਗਟ ਕਰਨਾ ਚਾਹੀਦਾ ਹੈ ਜਦੋਂ ਚੀਜ਼ਾਂ ਸਹੀ ਚੱਲ ਰਹੀਆਂ ਹੁੰਦੀਆਂ ਹਨ (2:13), ਪਰ ਸਾਨੂੰ ਆਪਣੀ ਪਰਖ ਦੇ ਸਮੇਂ ਵੀ ਉਸ ਦਾ ਧੰਨਵਾਦ ਕਰਨਾ ਚਾਹੀਦਾ ਹੈ, ਕਿਉਂਕਿ "ਤੁਹਾਡੀ ਨਿਹਚਾ ਦੀ ਪਰੀਖਿਆ ਧੀਰਜ ਬਣਾਉਂਦੀ ਹੈ" (ਯਾਕੂਬ 1:3)। **ਤੁਹਾਡੇ ਲਈ ਮਸੀਹ ਯਿਸੂ ਵਿੱਚ ਪਰਮੇਸ਼ੁਰ ਦੀ ਇਹੋ ਇੱਛਾ ਹੈ**, ਜਾਂ ਜੋ ਉਹ ਚਾਹੁੰਦਾ ਹੈ ਕਿ ਤੁਸੀਂ ਕਰੋ। ਇਹ ਹਵਾਲਾ ਸ਼ਾਇਦ ਸਿਰਫ "ਧੰਨਵਾਦ ਦੇਣ" ਲਈ ਹੀ ਨਹੀਂ ਕਹਿੰਦਾ ਹੈ ਪਰ "ਹਮੇਸ਼ਾ ਅਨੰਦ ਰਹਿਣ ਲਈ" ਅਤੇ "ਲਗਾਤਾਰ ਪ੍ਰਾਰਥਨਾ ਕਰਨ" ਨੂੰ ਦਰਸਾਉਂਦਾ ਹੈ। ਇਸ ਪ੍ਰਕਾਰ ਦਾ ਜੀਵਨ ਅਤੇ ਰਵੱਈਆ ਉਸ ਢੰਗ ਨੂੰ ਉਸਾਰਦਾ ਹੈ ਜੋ

ਉਹ ਚਾਹੁੰਦਾ ਹੈ ਕਿ ਤੁਸੀਂ **ਮਸੀਹ ਯਿਸੂ ਵਿੱਚ ਉਸ ਦੇ ਪਰਿਵਾਰ ਦੇ ਇੱਕ ਮੈਂਬਰ ਦੇ ਰੂਪ ਵਿੱਚ** ਗੁਜ਼ਾਰੋ (ਰੋਮੀਆਂ 6:3, 4; ਅਫ਼ਸੀਆਂ 1:22, 23)। ਇਹ ਕਾਫ਼ੀ ਨਹੀਂ ਹੈ ਕਿ ਅਸੀਂ ਮਨ ਦੇ ਅੰਦਰ ਧੰਨਵਾਦ ਮਹਿਸੂਸ ਕਰੀਏ। ਪਰਮੇਸ਼ੁਰ ਚਾਹੁੰਦਾ ਹੈ ਕਿ ਅਸੀਂ ਉਸ ਭਾਵਨਾ ਨੂੰ ਵਿਅਕਤ ਵੀ ਕਰੀਏ।

**ਆਇਤ 19.** ਇੱਥੇ ਹਵਾਲਾ [ਪਵਿੱਤਰ] **ਆਤਮਾ** ਹੈ, ਪਰਮੇਸ਼ੁਰ ਦੇ ਵਿਅਕਤੀਤੱਵ ਦਾ ਤੀਸਰਾ ਪੁਰਖ, ਜੋ ਉਨ੍ਹਾਂ ਲੋਕਾਂ ਦੇ ਦਿਲਾਂ ਵਿੱਚ ਉਸ ਸਮੇਂ ਆਉਂਦਾ ਹੈ ਜਦੋਂ ਉਹ ਪਰਮੇਸ਼ੁਰ ਦੀ ਆਗਿਆਕਾਰੀ ਕਰਦੇ ਹਨ (ਰਸੂਲਾਂ ਦੇ ਕਰਤੱਬ 5:32)। ਪੌਲੁਸ ਨੇ ਸਾਡੇ ਅੰਦਰ ਵੱਸਣ ਵਾਲੇ ਆਤਮਾ ਦੀ ਤੁਲਨਾ ਇੱਕ ਅੱਗ ਦੇ ਨਾਲ ਕੀਤੀ, ਜੋ ਪਵਿੱਤਰ ਆਤਮਾ ਦੇ ਲਈ ਕਿਤੇ ਹੋਰ ਵੀ ਵਰਤਿਆ ਗਿਆ ਇੱਕ ਰੂਪ ਹੈ (ਵੇਖੋ ਰਸੂਲਾਂ ਦੇ ਕਰਤੱਬ 2:3; 2 ਤਿਮੋਥਿਉਸ 1:6), ਅਤੇ ਉਹ ਸਾਨੂੰ ਕਹਿੰਦਾ ਹੈ ਕਿ ਆਤਮਾ ਦੀ ਅੱਗ ਨੂੰ ਨਾ **ਬੁਝਾਓ**, ਜਾਂ "ਠੰਡਾ ਕਰੋ।" "ਬੁਝਾਓ" ਸ਼ਬਦ ਆਮ ਤੌਰ ਤੇ ਅੱਗ ਦੀਆਂ ਲਾਟਾਂ ਨੂੰ ਬੁਝਾਉਣ ਦੇ ਲਈ ਵਰਤਿਆ ਜਾਂਦਾ ਹੈ (ਵੇਖੋ ਮੱਤੀ 25:8; ਮਰਕੁਸ 9:48)।

"ਬੁਝਾਓ" (σβέννυμι *ਸਬੇਨਨੁਮੀ*), ਸ਼ਬਦ ਤੇ ਟਿੱਪਣੀ ਕਰਦੇ ਹੋਏ, ਰੋਬਰਟਸੰਨਜ਼ ਨੇ ਕਿਹਾ, "*Mē* ਮੌਜੂਦਾ ਜ਼ਰੂਰੀ ਮਤਲਬ ਦੇ ਨਾਲ ਇਸ ਨੂੰ ਬੰਦ ਕਰਨਾ ਜਾਂ ਅਜਿਹਾ ਕਰਨ ਦੀ ਆਦਤ ਨਾ ਹੋਣਾ ਹੈ।"[30]

"ਆਤਮਾ ਨੂੰ ਬੁਝਾਉਣ" ਦਾ ਅਰਥ ਕੀ ਹੈ? ਮੈਕਗਾਰਵੇ, ਪੇਂਡਲੀਟਨ, ਮੌਰਿਸ, ਅਤੇ ਹੋਰ ਦੂਸਰੇ ਲੋਕ ਵਿਸ਼ਵਾਸ ਕਰਦੇ ਸਨ ਕਿ ਪੌਲੁਸ ਸ਼ਾਇਦ ਸਾਡੇ ਅੰਦਰ ਆਤਮਾ ਦੇ ਇੱਕ ਵੱਡੀ ਚੇਤਨਾ ਦੇ ਨਾਲ ਕੰਮ ਕਰਨ ਦੇ ਬਾਰੇ ਗੱਲ ਕਰ ਰਿਹਾ ਹੈ। ਅਰਥਾਤ, ਉਹ ਇਸ ਨੂੰ ਆਤਮਾ ਦਾ ਗੈਰ-ਚਮਤਕਾਰੀ ਮਾਪ ਜੋ ਸਾਰੇ ਮਸੀਹੀਆਂ ਨੂੰ ਸਾਡੀ ਆਗਿਆਕਾਰੀ ਤੇ ਦਿੱਤਾ ਗਿਆ (ਰਸੂਲਾਂ ਦੇ ਕਰਤੱਬ 5:32), ਜਦੋਂ ਅਸੀਂ ਮਸੀਹ ਵਿੱਚ ਬਪਤਿਸਮਾ ਲਿਆ ਅਤੇ ਪੁੱਤ੍ਰ ਬਣ ਗਏ ਹਾਂ (ਰੋਮੀਆਂ 6:3, 4; ਗਲਾਤੀਆਂ 4:6, 7)। ਇਸ ਲਈ, ਕੋਈ ਵੀ ਅਨੈਤਿਕਤਾ, ਕ੍ਰੋਧ, ਕੰਮ ਕਰਨ ਦੀ ਬਜਾਇ ਅਵਾਰਗੀ, ਜਾਂ ਕੋਈ ਵੀ ਹੋਰ ਕ੍ਰਮ ਜੋ ਉਸ ਸਿੱਖਿਆ ਦੇ ਉਲਟ ਹੋਵੇ ਜੋ ਪਵਿੱਤਰ ਆਤਮਾ ਦੇ ਰਾਹੀਂ ਲਿਆਂਦਾ ਗਿਆ ਹੋਵੇ (ਯੂਹੰਨਾ 16:13) ਇੱਕ ਅਰਥ ਵਿੱਚ ਮਸੀਹੀ ਦੇ ਅੰਦਰ ਵਾਸ ਕਰ ਰਹੇ ਆਤਮਾ ਨੂੰ "ਬੁਝਾਉਣਾ" ਜਾਂ "ਠੰਡਾ ਕਰਨਾ" ਹੈ। ਹਾਲਾਂਕਿ ਇੰਞ ਜਾਪਦਾ ਹੈ ਕਿ ਇਸ ਬੰਦ ਵਿੱਚ ਪੌਲੁਸ ਆਤਮਾ ਦੇ ਚਮਤਕਾਰੀ ਕੰਮ ਦਾ ਉਲੇਖ ਕਰ ਰਿਹਾ ਹੈ, ਪਰ ਇਹ ਸੱਚ ਹੈ ਕਿ ਵਚਨ ਦੇ ਉਲਟ ਕਿਸੇ ਵੀ ਕਿਸਮ ਦੀ ਜੀਵਨ ਸ਼ੈਲੀ ਇੱਕ ਤਰ੍ਹਾਂ ਸਾਡੇ ਜੀਵਨਾਂ ਵਿੱਚ ਆਤਮਾ ਨੂੰ "ਬੁਝਾਉਣਾ" ਜਾਂ "ਠੰਡਾ ਕਰਨਾ" ਹੈ।

ਕੇਲਸੀ, ਮਿਲੀਗਨ, ਅਤੇ ਹੋਰ ਲੋਕ ਸੋਚਦੇ ਹਨ ਕਿ ਪੌਲੁਸ ਨੇ ਪ੍ਰਸੰਗ ਵਿੱਚ ਇਸ ਸਥਾਨ ਤੇ ਚਮਤਕਾਰੀ ਵਰਦਾਨਾਂ ਜਿਵੇਂ ਗੈਰ ਭਾਸ਼ਾਵਾਂ ਵਿੱਚ ਬੋਲਣਾ, ਚੰਗਾਈ ਦੇ ਵਰਦਾਨਾਂ, ਅਤੇ ਹੋਰ ਚਮਤਕਾਰਾਂ (1 ਕੁਰਿੰਥੀਆਂ 12:28) ਦੀ ਗੱਲ ਕੀਤੀ ਸੀ, ਜੋ ਪਵਿੱਤਰ ਆਤਮਾ ਦੇ ਰਾਹੀਂ ਪਹਿਲੀ ਸਦੀ ਦੇ ਕੁਝ ਹੀ ਲੋਕਾਂ ਨੂੰ ਦਿੱਤੇ ਗਏ ਸਨ (ਵੇਖੋ 1 ਕੁਰਿੰਥੀਆਂ 12:29)। ਥੱਸਲੁਨੀਕੇ ਵਿੱਚ ਜਿਹੜੇ ਲੋਕਾਂ ਨੇ ਪੌਲੁਸ ਦੇ ਹੱਥੋਂ ਅਜਿਹੇ ਚਮਤਕਾਰੀ ਵਰਦਾਨ ਪ੍ਰਾਪਤ ਕੀਤੇ ਸਨ (ਤੁਲਨਾ ਕਰਕੇ ਵੇਖੋ ਰਸੂਲਾਂ ਦੇ ਕਰਤੱਬ 8:18) ਇਨ੍ਹਾਂ ਵਰਦਾਨਾਂ ਨੂੰ ਇਸਤੇਮਾਲ ਕਰਨ ਦੀ ਬਜਾਇ ਉਸ ਦੀਆਂ ਲਪਟਾਂ ਨੂੰ ਬੁਝਾ ਰਹੇ ਸਨ ਇਹ ਵਿਚਾਰ ਅੱਗ ਉੱਤੇ ਰੇਤ ਸੁੱਟਣ ਦੇ ਵਾਂਗ ਹੈ, ਵਿਚਾਰ ਇਹ ਹੈ ਕਿ ਇਹ ਵਿਚਾਰ, ਜੋ ਆਇਤ 20 ਦੇ ਨਾਲ

ਪੂਰੀ ਤਰ੍ਹਾਂ ਫਿੱਟ ਬੈਠਦਾ ਹੈ, ਇਹ ਸਭ ਤੋਂ ਸੰਭਾਵੀ ਵਿਆਖਿਆ ਲੱਗਦੀ ਹੈ। ਜੇਕਰ ਇਹ ਉਚਿਤ ਵਿਆਖਿਆ ਹੈ, ਫਿਰ ਅਸੀਂ ਉਸੇ ਤਰੀਕੇ ਦੇ ਨਾਲ ਅੱਜ ਪਵਿੱਤਰ ਆਤਮਾ ਨੂੰ "ਬੁਝਾ" ਨਹੀਂ ਸਕਦੇ ਹਾਂ ਕਿਉਂਕਿ ਸਾਡੇ ਕੋਲ ਉਹ ਚਮਤਕਾਰੀ ਤਾਕਤਾਂ ਨਹੀਂ ਹਨ ਜੋ ਰਸੂਲਾਂ ਦੇ ਹੱਥੋਂ ਪ੍ਰਾਪਤ ਹੁੰਦੀਆਂ ਸਨ।

**ਆਇਤ 20.** ਆਇਤ 19 ਦੀ ਸਧਾਰਣ ਚੇਤਾਵਨੀ ਤੋਂ, ਪੌਲੁਸ ਭਵਿੱਖਵਾਣੀ ਦੇ ਵਰਦਾਨ ਦੇ ਲਈ ਵਿਸ਼ੇਸ਼ ਤੌਰ ਤੇ ਗੱਲ ਕਰਨ ਤੋਂ ਰੁੱਕਿਆ ਹੋਇਆ ਹੈ। ਅਫ਼ਸੀਆਂ 4:11 ਵਿੱਚ ਪੌਲੁਸ ਨੇ ਲਿਖਿਆ, "ਉਹ ਨੇ ਕਈਆਂ ਨੂੰ ਰਸੂਲ, ਕਈਆਂ ਨੂੰ ਨਬੀ . . . ।" ਪਹਿਲੀ ਸਦੀ ਦੀ ਕਲੀਸਿਆ ਵਿੱਚ, ਸ਼ੁਰੂਆਤ ਵਿੱਚ ਰਸੂਲਾਂ ਤੇ ਪਰਮੇਸ਼ੁਰ ਦੀ ਇੱਛਾ ਪਰਗਟ ਹੋਈ, ਪਰ ਨਬੀਆਂ ਨੇ ਵੀ "ਪ੍ਰਕਾਸ਼ਨ" ਪ੍ਰਾਪਤ ਕੀਤੇ (ਵੇਖੋ 1 ਕੁਰਿੰਥੀਆਂ 14:29–32, ਖਾਸ ਤੌਰ ਤੇ ਆਇਤ 30), ਸੰਭਵ ਹੈ ਇਸ ਅਰਥ ਵਿੱਚ ਕਿ ਜੋ ਰਸੂਲਾਂ ਨੇ ਪਹਿਲਾਂ ਤੋਂ ਹੀ ਪਰਗਟ ਕਰ ਦਿੱਤਾ ਸੀ ਉਸ ਅਮਲ ਦਾ ਵਿਸਥਾਰ ਕਰਨ ਦੇ ਦੁਆਰਾ। ਕਿਸੇ ਵੀ ਦਰ ਤੇ, ਪਰਮੇਸ਼ੁਰ ਨੇ ਇਨ੍ਹਾਂ ਪ੍ਰੇਰਣਾ ਪਾਏ ਹੋਏ ਲੋਕਾਂ ਦੇ ਰਾਹੀਂ ਉਸ ਵਰਦਾਨ ਦੇ ਦੁਆਰਾ ਜੋ ਮਸੀਹ ਨੇ ਦਿੱਤਾ ਸੀ ਗੱਲ ਕੀਤੀ ਸੀ। ਇਸ ਲਈ, ਉਨ੍ਹਾਂ ਦੇ **ਭਵਿੱਖਵਾਣੀ ਦੇ ਵਚਨ ਤੁੱਛ** ਨਹੀਂ ਸਮਝੇ ਜਾ ਰਹੇ ਸਨ, ਸ਼ਾਬਦਿਕ ਤੌਰ ਤੇ "ਬੇਕਾਰ ਸਮਝਣਾ।"

"ਅਗੰਮ ਵਾਕ," προφητεία (*ਪ੍ਰੋਫੇਟੇਈਆ*) ਤੋਂ ਹੈ, ਜਿਸ ਨੂੰ ਥੱਸਲੁਨੀਕੇ ਵਿੱਚ ਕਈਆਂ ਦੇ ਦੁਆਰਾ "ਤੁੱਛ" ਸਮਝਿਆ ਜਾਂਦਾ ਸੀ। ਬਰੂਸ ਨੇ ਕਿਹਾ, "ਕਿ ਥੱਸਲੁਨੀਕੇ ਵਿੱਚ ਇੱਕ ਝੁਕਾਓ ਹੋ ਸਕਦਾ ਸੀ, ਜਿਵੇਂ ਬਾਅਦ ਵਿੱਚ ਕੁਰਿੰਥੁਸ ਵਿੱਚ ਵੀ ਅਜਿਹਾ ਝੁਕਾਓ ਆ ਗਿਆ ਸੀ, ਬਾਕੀ ਦੇ ਸ਼ਾਨਦਾਰ ਵਰਦਾਨਾਂ ਨੂੰ ਭਵਿੱਖਵਾਣੀ ਤੋਂ ਉੱਪਰ ਮਾਨਤਾ ਦਿੱਤੀ ਜਾਂਦੀ ਸੀ।"[31] ਮੌਰਿਸ ਨੇ ਸੋਚਿਆ ਕਿ ਮਸੀਹੀ, ਜਿਨ੍ਹਾਂ ਨੂੰ ਹੁਣ ਤੱਕ ਨਬੀਆਂ ਦੀ ਮਾਨਤਾ ਨਹੀਂ ਦਿੱਤੀ ਗਈ ਹੈ, ਉਨ੍ਹਾਂ ਨੂੰ "ਭਵਿੱਖਵਾਣੀਆਂ" ਦਿੱਤੀਆਂ ਗਈਆਂ ਹੋ ਸਕਦੀਆਂ ਹਨ, ਇਸ ਲਈ ਉੱਥੇ ਉਨ੍ਹਾਂ ਨੂੰ ਰੱਦ ਕਰਨ ਦੇ ਲਈ ਇੱਕ ਰੁਝਾਨ ਸੀ, ਭਾਵੇਂ ਉਹ ਪਰਮੇਸ਼ੁਰ ਦੇ ਕੋਲੋਂ ਸੀ।[32] ਇਹ ਵਿਆਖਿਆ ਸ਼ੱਕ ਪੂਰਣ ਹੈ।

ਇਨ੍ਹਾਂ ਭਵਿੱਖਵਾਣੀਆਂ ਨੂੰ ਰੱਦ ਕਰਨ ਦਾ ਅਰਥ ਸੀ ਪਰਮੇਸ਼ੁਰ ਨੂੰ ਰੱਦ ਕਰਨਾ ਜੋ ਇਨ੍ਹਾਂ ਭਵਿੱਖਵਾਣੀਆਂ ਨੂੰ ਪਰਗਟ ਕਰ ਰਿਹਾ ਸੀ। ਪੌਲੁਸ ਦੇ ਅਨੁਸਾਰ, ਇਨ੍ਹਾਂ "ਅਗੰਮ ਵਾਕਾਂ" (ਜੋ ਆਮ ਤੌਰ ਤੇ ਵਰਤਮਾਨ ਦੇ ਲਈ ਸਿੱਖਿਆਵਾਂ ਅਤੇ ਕਦੀ ਕਦੀ ਦੇ ਭਵਿੱਖ ਲਈ ਭਵਿੱਖਵਾਣੀ ਸਨ; ਪੜ੍ਹੋ ਰਸੂਲਾਂ ਦੇ ਕਰਤੱਬ 11:27, 28) ਸਭ ਤੋਂ ਵੱਧ ਕੇ, ਗੈਰ ਭਾਸ਼ਾ ਵਰਗੇ ਵਰਦਾਨਾਂ ਤੋਂ ਬਹੁਤ ਵੱਧ ਕੇ ਮਹੱਤਵ ਦਿੱਤਾ ਜਾਣਾ ਚਾਹੀਦਾ ਹੈ। ਪੌਲੁਸ ਨੇ ਲਿਖਿਆ, "ਆਤਮਕ ਦਾਨਾਂ ਨੂੰ ਲੋਚੋ ਪਰ ਵਧਕੇ ਇਹ ਜੋ ਤੁਸੀਂ ਅਗੰਮ ਵਾਕ ਕਰੋ" (1 ਕੁਰਿੰਥੀਆਂ 14:1)। ਫਿਰ ਉਸ ਨੇ ਕਿਹਾ ਕਿ "ਜਿਹੜਾ ਅਗੰਮ ਵਾਕ ਕਰਦਾ ਹੈ ਉਹ ਕਲੀਸਿਆ ਨੂੰ ਲਾਭ ਦਿੰਦਾ ਹੈ . . . ਗੈਰ ਭਾਸ਼ਾ ਵਿੱਚ ਬੋਲਣ ਵਾਲੇ ਨਾਲੋਂ ਭਵਿੱਖਵਾਣੀਆਂ ਕਰਨ ਵਾਲਾ ਉੱਤਮ ਹੈ" (1 ਕੁਰਿੰਥੀਆਂ 14:4, 5)।

ਇਹ ਸੰਭਾਵਨਾ ਹੈ ਕਿ ਥੱਸਲੁਨੀਕੇ ਦੀ ਕਲੀਸਿਆ ਵਿੱਚ ਕੁਝ ਨੈਤਿਕ ਢਿੱਲ (ਵੇਖੋ 4:1 ਦੇ ਵਿਸ਼ੇ ਤੇ ਵਿਚਾਰ-ਵਟਾਂਦਰਾ) ਅਤੇ ਯਿਸੂ ਦੀ ਦੂਜੀ ਆਮਦ ਬਾਰੇ ਗਲਤ ਵਿਚਾਰ (4:13—5:11) ਪ੍ਰਚਲਿਤ ਸਨ , ਕਿਉਂਕਿ ਉਹ ਨਬੀਆਂ ਦੀ ਨਹੀਂ ਸੁਣਦੇ ਸਨ, ਉਨ੍ਹਾਂ ਦਾ ਅਪਮਾਨ ਕਰਦੇ ਸਨ। ਪੌਲੁਸ ਨੇ ਕਿਹਾ ਇਹ ਗਲਤ ਸੀ। ਇਹ ਸੰਭਾਵਨਾ ਹੈ ਕਿ ਉਨ੍ਹਾਂ ਨੂੰ ਝੂਠੇ ਨਬੀਆਂ ਦੇ ਨਾਲ ਵਿਵਹਾਰ ਕਰਨਾ ਪੈਂਦਾ ਸੀ ਅਤੇ ਇਸ ਵਿਵਹਾਰ ਨੇ ਉਨ੍ਹਾਂ ਨੂੰ

ਸਾਰੇ ਨਬੀਆਂ ਤੇ ਸ਼ੱਕ ਕਰਨ ਵਾਲੇ ਬਣਾ ਦਿੱਤਾ ਸੀ (ਤੁਲਨਾ ਕਰਕੇ ਵੇਖੋ 1 ਯੂਹੰਨਾ 4:1; 2 ਥੱਸਲੁਨੀਕੀਆਂ 2:1–3)।

ਭਾਵੇਂ ਸਾਡੇ ਕੋਲ ਅੱਜ ਅਜਿਹੇ ਪ੍ਰੇਰਿਤ "ਨਬੀ" ਨਹੀਂ ਹਨ, ਜਿਵੇਂ ਅਸੀਂ ਪਹਿਲਾਂ ਤੋਂ ਹੀ ਵੇਖਿਆ ਹੈ, ਪਰ ਸਾਡੇ ਕੋਲ ਅਜਿਹੇ ਲੋਕ ਹਨ ਜਿਵੇਂ ਪ੍ਰਚਾਰਕ ਜਾਂ ਸੁਸਾਚਾਰ ਪ੍ਰਚਾਰਕ, ਜਿਨ੍ਹਾਂ ਨੇ ਪਰਮੇਸ਼ੁਰ ਦੇ ਵਚਨ ਦੀ ਘੋਸ਼ਣਾ ਕਰਨ ਦਾ ਜਿੰਮਾ ਲਿਆ ਹੋਇਆ ਹੈ। ਜਦੋਂ ਤੱਕ ਅਸੀਂ ਸਾਬਤ ਨਾ ਕਰ ਲਈਏ ਕਿ ਜੋ ਇੱਕ ਸੁਸਮਚਾਰ ਪ੍ਰਚਾਰਕ ਕਹਿ ਰਿਹਾ ਹੈ ਉਹ ਪਰਮੇਸ਼ੁਰ ਦੇ ਪ੍ਰਕਾਸ਼ਨ ਦੇ ਅਨੁਸਾਰ ਨਹੀਂ ਹੁੰਦਾ ਹੈ, ਉਦੋਂ ਤੱਕ ਉਸ ਨੂੰ "ਤੁੱਛ ਨਹੀਂ" ਸਮਝਣਾ ਚਾਹੀਦਾ ਹੈ। ਅਜਿਹੀ ਸਿੱਖਿਆ ਨੂੰ ਸਵੀਕਾਰ ਕਰਨ ਦੀ ਸਾਡੇ ਤੇ ਬਹੁਤ ਗੰਭੀਰ ਜ਼ਿੰਮੇਦਾਰੀ ਹੈ।

**ਆਇਤ 21.** ਦੁਬਾਰਾ, ਇਨ੍ਹਾਂ ਥੱਸਲੁਨੀਕੇ ਦੇ ਮਸੀਹੀਆਂ ਦੇ ਝੂਠੇ ਨਬੀਆਂ ਦੇ ਨਾਲ ਕੁਝ ਨਾਕਾਰਾਤਮਕ ਤਜ਼ਰਬੇ ਰਹਿ ਚੁੱਕੇ ਹਨ ਜਿਨ੍ਹਾਂ ਨੇ ਉਨ੍ਹਾਂ ਨੂੰ ਧੋਖਾ ਦਿੱਤਾ ਸੀ। 1 ਯੂਹੰਨਾ 4:1, ਵਿੱਚ ਯੂਹੰਨਾ ਆਪਣੇ ਪਾਠਕਾਂ ਨੂੰ ਬੇਨਤੀ ਕਰਦਾ ਹੈ ਕਿ "ਆਤਮਾਵਾਂ ਨੂੰ ਪਰਖੋ ਤਾਂ ਕਿ ਤੁਸੀਂ ਜਾਣ ਸਕੋ ਕਿ ਉਹ ਪਰਮੇਸ਼ੁਰ ਵੱਲੋਂ ਹਨ ਕਿ ਨਹੀਂ, ਕਿਉਂਕਿ ਬਹੁਤ ਝੂਠੇ ਨਬੀ ਸੰਸਾਰ ਵਿੱਚ ਨਿਕਲ ਆਏ ਹਨ।" 2 ਥੱਸਲੁਨੀਕੀਆਂ 2:1–3 ਵਿੱਚ, ਪੌਲੁਸ ਨੇ ਕੁਝ ਅਜਿਹੇ ਧੋਖਿਆਂ ਦੇ ਵਿਸ਼ੇ ਵਿੱਚ ਚੇਤਾਵਨੀ ਦਿੱਤੀ ਸੀ। ਜੇਕਰ ਉਹ ਇੰਨਾ ਧੋਖਾ ਖਾ ਚੁੱਕੇ ਸਨ, ਕਿ ਸੰਭਾਵੀ ਤੌਰ ਤੇ ਧੋਖਾ ਹੀ ਹੈ ਜਿਸ ਨੇ ਉਨ੍ਹਾਂ ਲਈ ਹਰ ਚਮਤਕਾਰੀ ਆਤਮਿਕ ਵਰਦਾਨ ਦਾ ਦਾਅਵਾ ਕਰਨ ਵਾਲੇ ਨੂੰ ਰੱਦ ਦੇਣ ਦਾ ਕਾਰਣ ਬਣਿਆ, ਕਿਉਂਕਿ ਉਨ੍ਹਾਂ ਨੂੰ ਦੁਬਾਰਾ ਤੋਂ "ਸੜ ਜਾਣ ਦਾ" ਡਰ ਸੀ। ਸ਼ਾਇਦ ਇਹੀ ਕਾਰਣ ਸੀ ਕਿ ਉਹ ਸਾਰੀਆਂ "ਭਵਿੱਖਵਾਣੀਆਂ" ਨੂੰ ਤੁੱਛ ਸਮਝਦੇ ਸਨ। ਪੌਲੁਸ ਨੇ ਕਿਹਾ ਕਿ ਇਹ ਗੱਲ ਠੀਕ ਨਹੀਂ ਹੈ। ਇਸ ਦੀ ਬਜਾਇ, ਉਸ ਨੇ ਬੇਨਤੀ ਕੀਤੀ ਕਿ **ਸਭਨਾਂ ਗੱਲਾਂ ਨੂੰ ਪਰਖੋ**, ਜਾਂ "ਸਾਰੀਆਂ ਚੀਜ਼ਾਂ ਨੂੰ ਸਾਬਤ ਕਰੋ" (KJV), ਅਤੇ ਸਿਰਫ ਝੂਠੀਆਂ ਨੂੰ ਤਿਆਗੋ ਪਰ **ਖਰੀਆਂ** ਨੂੰ ਫੜੀ ਰੱਖੋ। ਬਰੂਸ ਨੇ ਨੋਟ ਕੀਤਾ ਕਿ ਇੱਥੇ πάντα (*ਪੈਂਟਾ*) "ਕਰਮ ਕਾਰਕ ਦੀ ਬਜਾਇ ਨਪੁੰਸਕ ਬਹੁਵਚਨ" ਹੈ ਅਤੇ ਇਸ ਲਈ ਇਸ ਦਾ ਅਨੁਵਾਦ "ਹਰ ਇੱਕ ਵਿਅਕਤੀ ਦਾ" ਨਹੀਂ, ਸਗੋਂ "ਹਰ ਇੱਕ ਚੀਜ਼," ਕੀਤਾ ਜਾਣਾ ਚਾਹੀਦਾ ਹੈ ।[33]

ਥੱਸਲੁਨੀਕੇ ਦੇ ਲੋਕਾਂ ਨੂੰ ਇਹ ਸਿੱਖਣ ਦੀ ਲੋੜ ਸੀ ਕਿ ਉਹ ਬਹੁਤ ਹੀ ਚਰਮ ਸੀਮਾ ਤੇ ਨਾ ਜਾਣ, ਸਗੋਂ ਝੂਠੇ ਅਤੇ ਸੱਚੇ ਦੇ ਨਬੀ ਦੇ ਵਿਚਕਾਰ ਫਰਕ ਕਰਨ ਦੇ ਲਈ ਆਪਣੇ ਦਿਮਾਗ ਨੂੰ ਇਸਤੇਮਾਲ ਕਰਨ। ਸਪੱਸ਼ਟ ਰੂਪ ਵਿੱਚ, ਜਦਕਿ ਉਨ੍ਹਾਂ ਨੇ ਪੌਲੁਸ ਦੇ ਚਮਤਕਾਰਾਂ ਅਤੇ ਉਸ ਦੀਆਂ ਮਸੀਹ ਦੀ ਦੂਜੀ ਆਮਦ ਅਤੇ ਹੋਰਨਾਂ ਚੀਜ਼ਾਂ ਦੇ ਬਾਰੇ ਜੋ ਸੱਚ ਸਨ ਸਿੱਖਿਆਵਾਂ ਨੂੰ ਸੁਣਿਆ ਅਤੇ ਵੇਖਿਆ ਸੀ, ਇਸ ਲਈ ਹਰ ਇੱਕ ਚੀਜ਼ ਜੋ ਉਨ੍ਹਾਂ ਦੇ ਉਲਟ ਸੀ ਉਹ ਝੂਠ ਸੀ ਅਤੇ ਉਸ ਨੂੰ ਤਿਆਗ ਦੇਣਾ ਚਾਹੀਦਾ ਸੀ। ਇਸ ਦੇ ਨਾਲ ਨਾਲ, ਇੱਕ ਚਮਤਕਾਰੀ ਵਰਦਾਨ ਸੀ ਤਾਂ ਕਿ ਇਸ ਗੱਲ ਵਿੱਚ ਫਰਕ ਕਰਨ ਵਿੱਚ ਮਦਦ ਕਰੇ ਕਿ ਕੀ ਸੱਚ ਸੀ ਅਤੇ ਕੀ ਝੂਠ ਸੀ (1 ਕੁਰਿੰਥੀਆਂ 12:10; 14:29)। ਸ਼ਾਇਦ ਪੌਲੁਸ ਇਹ ਸੁਝਾਅ ਵੀ ਦੇ ਰਿਹਾ ਸੀ ਕਿ ਇਸ ਨੂੰ ਇਸਤੇਮਾਲ ਕਰਨਾ ਚਾਹੀਦਾ ਹੈ। ਭੇਦ ਕਰਨ ਦੇ ਸਮੇਂ, ਉਨ੍ਹਾਂ ਨੂੰ ਭਲਿਆਈ ਨੂੰ ਫੜੀ ਰੱਖਣਾ ਚਾਹੀਦਾ ਹੈ। ਅਰਥਾਤ, ਉਸ ਨੂੰ ਗਲੇ ਲਗਾਉਣਾ, ਉਸ ਦਾ ਅਭਿਆਸ ਕਰਨਾ, ਅਤੇ ਦੂਜਿਆਂ ਸਿਖਾਉਣਾ ਚਾਹੀਦਾ ਹੈ।

ਸਾਡੇ ਕੋਲ ਅੱਜ ਪਵਿੱਤਰ ਆਤਮਾ ਦਾ ਕੋਈ ਵੀ ਵਰਦਾਨ ਨਹੀਂ ਹੈ, ਕਿਉਂਕਿ ਇਹ

ਰਸੂਲਾਂ ਦੇ ਹੱਥ ਰੱਖਣ ਦੇ ਦੁਆਰਾ ਦਿੱਤੇ ਜਾਂਦੇ ਸਨ (ਰਸੂਲਾਂ ਦੇ ਕਰਤੱਬ 8:17, 18) ਅਤੇ ਹੁਣ ਰਸੂਲ ਲੋਕ ਮਰ ਚੁੱਕੇ ਹਨ। ਪਰ, "ਉਹ ਸ਼ਬਦ ਜੋ [ਪੌਲੁਸ] ਦੇ ਦੁਆਰਾ ਇਸਤੇਮਾਲ ਕੀਤੇ ਗਏ ਹਨ ਉਹ ਬਹੁਤ ਹੀ ਸਧਾਰਣ ਹਨ, ਅਤੇ ਇਨ੍ਹਾਂ ਨੂੰ ਨਾ ਕਿ ਸਿਰਫ ਆਤਮਿਕ ਵਰਦਾਨਾਂ ਦੇ ਦਾਅਵੇਦਾਰਾਂ ਤੇ ਹੀ, ਪਰ ਹਰ ਪ੍ਰਕਾਰ ਦੀਆਂ ਚੀਜ਼ਾਂ ਤੇ ਲਾਗੂ ਕਰਨ ਦੇ ਲਈ ਇਸਤੇਮਾਲ ਕੀਤਾ ਜਾਣਾ ਚਾਹੀਦਾ ਹੈ।"[34] ਹੋਰਨਾਂ ਸ਼ਬਦਾਂ ਵਿੱਚ, ਇਹ ਮਸੀਹੀ ਦਾ ਨਿਰੰਤਰ ਫਰਜ਼ ਹੈ ਕਿ ਉਹ "ਹਰ ਚੀਜ਼" ਦੀ ਪਰਮੇਸ਼ੁਰ ਦੇ ਮਿਆਰ, ਉਸ ਦੀ ਦੈਵੀ ਇੱਛਾ ਦੇ ਅਨੁਸਾਰ ਜਾਂਚ ਕਰੇ।

**ਆਇਤ 22.** KJV ਅਨੁਵਾਦ "ਬੁਰਾਈ ਦੇ ਹਰ ਇੱਕ ਪਰਗਟਾਵੇ ਤੋਂ ਬਚੋ," ਦੇ ਕਾਰਣ ਕੁਝ ਲੋਕਾਂ ਦੇ ਰਾਹੀਂ ਇਹ ਸਿੱਟਾ ਕੱਢਿਆ ਗਿਆ ਹੈ, ਕਿ ਪੌਲੁਸ ਸਿਰਫ ਬੁਰਾਈ ਦੀ ਹੀ ਨਿੰਦਾ ਨਹੀਂ ਕਰ ਰਿਹਾ ਹੈ, ਪਰ ਉਸ ਚੀਜ਼ ਦੀ ਵੀ ਜੋ ਬੁਰੀ ਦਿਖਾਈ ਦਿੰਦੀ ਹੈ। ਇਹ ਧਾਰਣਾ ਪਵਿੱਤਰ ਸ਼ਾਸਤਰ ਵਿੱਚ ਕਿਸੇ ਹੋਰ ਸਥਾਨ ਤੇ ਵੀ ਸਿਖਾਈ ਗਈ ਹੈ (2 ਕੁਰਿੰਥੀਆਂ 8:19–21), ਪਰ ਇੱਥੇ ਪੌਲੁਸ ਦਾ ਵਿਚਾਰ ਇਹ ਨਹੀਂ ਸੀ।

ਜਿਵੇਂ ਹੈਨਰੀ ਅਲਫਰਡ ਨੇ ਉਲੇਖ ਕੀਤਾ ਹੈ, ਇੱਥੇ KJV ਸਹੀ ਅਨੁਵਾਦ ਨਹੀਂ ਹੋ ਸਕਦਾ ਹੈ। ਵਿਚਾਰ ਇਹ ਹੈ "ਹਰ ਤਰ੍ਹਾਂ ਦੀ ਬੁਰਾਈ ਤੋਂ ਬਚੋ।" ਅਲਫਰਡ ਨੇ ਕਿਹਾ, "ਇਨ੍ਹਾਂ ਸ਼ਬਦਾਂ ਦਾ ਅਨੁਵਾਦ ਕੀਤੇ ਜਾਣ ਦੀ ਕੋਈ ਵੀ ਸੰਭਾਵਨਾ ਨਹੀਂ ਹੋ ਸਕਦੀ ਹੈ . . . '*ਬੁਰਾਈ ਦੇ ਹਰ ਇੱਕ ਪ੍ਰਗਟਾਵੇ ਤੋਂ ਬਚੇ ਰਹੋ।*' ਕਿਉਂਕਿ (1) εἶδος [*ਏਈਡੋਸ,* ਅਰਥ ਹੈ 'ਰੂਪ'] ਇਸ ਅਰਥ ਵਿੱਚ *'ਰੂਪ'* ਕਦੇ ਵੀ ਪ੍ਰਤੀਕ ਨਹੀਂ ਹੈ: (2) ਵਾਕ ਦੇ ਦੋ ਮੈਂਬਰ ਇਸ ਤਰਕ ਦੇ ਨਾਲ ਸੰਪਰਕੀ ਨਹੀਂ ਹੋਣਗੇ . . . ।"[35] ਰੋਬਰਟਸਨ ਵੀ ਸਹਿਮਤ ਸੀ।[36]

ਇਸ ਆਇਤ ਦਾ ਪਿਛੋਕੜ ਉਹ ਹੈ ਜੋ ਅਸੀਂ ਪਹਿਲਾਂ ਆਇਤ 21 ਵਿੱਚ ਵੇਖਿਆ ਹੈ, "ਸਭਨਾਂ ਗੱਲਾਂ ਨੂੰ ਪਰਖੋ, ਖਰੀਆਂ ਨੂੰ ਫੜੀ ਰੱਖੋ" (NIV)। ਇੱਥੇ, ਪੌਲੁਸ ਨੇ ਜੋੜਿਆ ਹੈ ਕਿ ਸਾਨੂੰ **ਹਰ ਪਰਕਾਰ ਦੀ ਬਦੀ** ਤੋਂ ਲਾਂਭੇ ਰਹਿਣਾ ਚਾਹੀਦਾ ਹੈ। "ਬੁਰਾਈ" ਉਹ ਹੈ ਜੋ ਪਰਮੇਸ਼ੁਰ ਦੇ ਵਚਨ ਦੀ ਪਰਖ ਨੂੰ ਪਾਸ ਨਹੀਂ ਕਰਦੀ ਹੈ; ਸਭ ਤੋਂ ਪਹਿਲਾਂ ਝੂਠੀ ਭਵਿੱਖਵਾਣੀ (ਮੱਤੀ 7:15), ਅਤੇ ਫਿਰ, ਵਿਸਤਾਰ ਦੇ ਨਾਲ, ਹਰ ਇੱਕ ਝੂਠੀ ਗੱਲ ਜਾਂ ਧਾਰਣਾ।

ਉਸ ਸਮੇਂ, ਉਹ ਬੁਰਾਈ ਜਿਸ ਤੋਂ ਉਨ੍ਹਾਂ ਨੂੰ ਬਚਣਾ ਚਾਹੀਦਾ ਸੀ ਉਸ ਵਿੱਚ "ਹਰਾਮਕਾਰੀ, ਗੰਦ ਮੰਦ, ਲੁੱਚਪੁਣਾ, ਮੁਰਤੀਪੁਜਾ, ਜਾਦੂਗਰੀ, ਵੈਰ, ਝਗੜੇ, ਹਸਦ, ਕ੍ਰੋਧ, ਧੜੇਬਾਜ਼ੀਆਂ, ਫੁੱਟਾਂ, ਬਿਦਤਾਂ, ਖਾਰ, ਨਸ਼ੇ, ਬਦਮਸਤੀਆਂ, ਅਤੇ ਹੋਰ ਇਹੋ ਜਿਹੇ ਕੰਮ" ਸਨ (ਗਲਾਤੀਆਂ 5:19–21; NIV)।

ਬੁਰਾਈਆਂ ਜਿਸ ਨੂੰ ਅੱਜ ਸੱਚੇ ਮਸੀਹੀ ਨੂੰ ਦੂਰ ਕਰਨਾ ਚਾਹੀਦਾ ਹੈ ਉਹ ਉਨ੍ਹਾਂ ਬੁਰਾਈਆਂ ਦੇ ਨਾਲ ਸਾਂਝੀਆਂ ਹਨ ਜਿਨ੍ਹਾਂ ਦਾ ਪੌਲੁਸ ਨੇ ਗਲਾਤੀਆਂ ਦੀ ਪੱਤ੍ਰੀ ਦੇ ਵਿੱਚ ਨਾਮ ਦਿੱਤੇ ਹਨ। ਜਿਨਸੀ ਪਾਪ, ਅਪਵਿੱਤ੍ਰਤਾ, ਜਾਦੂਗਰੀ, ਨਫ਼ਰਤ, ਝਗੜੇ, ਈਰਖਾ, ਗੁੱਸਾ, ਖੁਦਗਰਜ਼ੀ, ਮਤਭੇਦ, ਧੜੇਬਾਜ਼ੀਆਂ, ਈਰਖਾ, ਮਤਵਾਲਾਪਨ ਅਤੇ ਨੰਗਾ ਨਾਚ ਆਮ ਘਟਨਾਵਾਂ ਹਨ, ਅਤੇ ਸਾਨੂੰ, ਵੀ, ਉਨ੍ਹਾਂ ਤੋਂ ਬਚਣਾ ਚਾਹੀਦਾ ਹੈ। ਇਸ ਦੇ ਨਾਲ ਨਾਲ, ਸਮਲਿੰਗਤਾ, ਨਸ਼ੇ ਅਤੇ ਅਸ਼ਲੀਲ ਚਿੱਤਰ, ਦੂਜੀਆਂ ਦੇ ਨਾਲ, ਅੱਜ ਦੀ ਸੂਚੀ ਵਿੱਚ ਜੋੜੇ ਜਾ ਸਕਦੇ ਹਨ। ਇਹ ਸਭ "ਬੁਰਾਈਆਂ" ਹਨ ਕਿਉਂਕਿ ਇਹ ਪਰਮੇਸ਼ੁਰ ਦੇ ਵਚਨ ਦੀ "ਜਾਂਚ" ਨੂੰ ਪਾਸ ਨਹੀਂ ਕਰਦੇ ਹਨ।

ਉਹ ਸ਼ਬਦ ਜਿਸ ਦਾ ਅਨੁਵਾਦ **ਲਾਂਭੇ** ਕੀਤਾ ਗਿਆ ਹੈ ਉਹ ἀπέχω (*ਆਪੇਚੋ*), ਜੋ ਇੱਕ ਮਜ਼ਬੂਤ ਸ਼ਬਦ ਹੈ ਜੋ ਇਸ ਗੱਲ ਤੇ ਜ਼ੋਰ ਦਿੰਦਾ ਹੈ ਕਿ ਮਸੀਹੀ ਅਤੇ ਜੋ ਕੁਝ ਵੀ ਗਲਤ ਹੈ ਦੋਵਾਂ ਦੇ ਵਿਚਕਾਰ ਭੇਦ ਹੋਣਾ ਚਾਹੀਦਾ ਹੈ। ਸੱਚਾ ਮਸੀਹੀ ਬੁਰਾਈ ਨੂੰ ਬਰਦਾਸ਼ਤ ਨਹੀਂ ਕਰੇਗਾ। ਅਸਲ ਵਿੱਚ, ਪੌਲੁਸ ਨੇ ਕਿਹਾ, "ਏਹਨਾਂ ਗੱਲਾਂ ਦੇ ਵਿਖੇ ਮੈਂ ਤੁਹਾਨੂੰ ਸਾਫ਼ ਆਖਦਾ ਹਾਂ ਜਿਵੇਂ ਮੈਂ ਅੱਗੇ ਆਖਿਆ ਸੀ ਭਈ ਜਿਹੜੇ ਇਹੋ ਜਿਹੇ ਕੰਮ ਕਰਦੇ ਹਨ ਓਹ ਪਰਮੇਸ਼ੁਰ ਦੇ ਰਾਜ ਦੇ ਅਧਕਾਰੀ ਨਹੀਂ ਹੋਣਗੇ" (ਗਲਾਤੀਆਂ 5:21)।

## ਅੰਤਮ ਮਸਲੇ (5:23-28)

**[23]ਅਤੇ ਸ਼ਾਂਤੀ ਦਾਤਾ ਪਰਮੇਸ਼ੁਰ ਆਪੇ ਤੁਹਾਨੂੰ ਪੂਰੀ ਤਰਾਂ ਪਵਿੱਤਰ ਕਰੇ ਅਰ ਤੁਹਾਡਾ ਆਤਮਾ ਅਤੇ ਜੀਵ ਅਤੇ ਸਰੀਰ ਸਾਡੇ ਪ੍ਰਭੂ ਯਿਸੂ ਮਸੀਹ ਦੇ ਆਉਣ ਦੇ ਵੇਲੇ ਦੋਸ਼ ਰਹਿਤ ਸੰਪੂਰਨ ਬਚਿਆ ਰਹੇ। [24]ਤੁਹਾਡਾ ਸੱਦਣ ਵਾਲਾ ਵਫ਼ਾਦਾਰ ਹੈ ਅਤੇ ਉਹ ਅਜਿਹਾ ਹੀ ਕਰੇਗਾ।**

**[25]ਹੇ ਭਰਾਵੋ, ਸਾਡੇ ਲਈ ਪ੍ਰਾਰਥਨਾ ਕਰੋ।**

**[26]ਤੁਸੀਂ ਪਵਿੱਤਰ ਚੁੰਮੇ ਨਾਲ ਸਭਨਾਂ ਭਰਾਵਾਂ ਦੀ ਸੁਖ ਸਾਂਦ ਪੁੱਛੋ। [27]ਮੈਂ ਤੁਹਾਨੂੰ ਪ੍ਰਭੂ ਦੀ ਸੌਂਹ ਦਿੰਦਾ ਹਾਂ ਜੋ ਇਹ ਪੱਤ੍ਰੀ ਸਭਨਾਂ ਭਰਾਵਾਂ ਨੂੰ ਪੜ੍ਹ ਕੇ ਸੁਣਾਉਣੀ। [28]ਸਾਡੇ ਪ੍ਰਭੂ ਯਿਸੂ ਮਸੀਹ ਦੀ ਕਿਰਪਾ ਤੁਹਾਡੇ ਉੱਤੇ ਹੁੰਦੀ ਰਹੇ।**

**ਆਇਤ 23.** ਪੌਲੁਸ ਨੇ ਥੱਸਲੁਨੀਕੇ ਦੇ ਲੋਕਾਂ ਦੇ ਲਈ ਇੱਕ ਸੁੰਦਰ ਪ੍ਰਾਰਥਨਾ ਤਿਆਰ ਕੀਤੀ ਹੈ। ਉਸ ਨੇ ਥੱਸਲੁਨੀਕੇ ਦੇ ਲੋਕਾਂ ਨੂੰ ਕੁਝ ਅਜਿਹਾ ਕਰਨ ਦੀ ਅਪੀਲ ਕੀਤੀ (ਜਿਵੇਂ ਬੁਰਾਈ ਤੋਂ ਪਰੇ ਰਹਿਣਾ)। ਇੱਥੇ ਪੌਲੁਸ ਨੇ ਦਰਸਾਇਆ ਕਿ ਸ਼ਕਤੀ ਦਾ ਅਸਲੀ ਸੋਮਾ ਪਰਮੇਸ਼ੁਰ ਹੈ, ਇਸ ਲਈ ਉਸ ਨੇ ਥੱਸਲੁਨੀਕੇ ਦੇ ਲੋਕਾਂ ਦੇ ਲਈ ਪ੍ਰਾਰਥਨਾ ਕੀਤੀ। ਅਜਿਹਾ ਕਰਨ ਵਿੱਚ, ਉਸ ਨੇ ਉਸ ਨੂੰ **ਸ਼ਾਂਤੀ ਦਾਤਾ ਪਰਮੇਸ਼ੁਰ** ਕਹਿ ਕੇ ਸੰਬੋਧਤ ਕੀਤਾ। ਹੋਰ ਬਹੁਤ ਸਾਰੀਆਂ ਥਾਵਾਂ ਤੇ ਵੀ, ਉਸ ਨੇ "ਸ਼ਾਂਤੀ ਦਾ ਪਰਮੇਸ਼ੁਰ" ਕਹਿ ਕੇ ਸੰਬੋਧਤ ਕੀਤਾ ਹੈ (ਰੋਮੀਆਂ 15:33; ਵੇਖੋ 2 ਕੁਰਿੰਥੀਆਂ 13:11)।

ਉੱਥੇ ਯਕੀਨੀ ਤੌਰ ਤੇ ਆਇਤਾਂ 12 ਤੋਂ 22 ਤੱਕ ਕੁਝ ਹਵਾਲੇ ਹਨ, ਜਿੱਥੇ ਉਸ ਨੇ ਉਨ੍ਹਾਂ ਨੂੰ ਬੇਨਤੀ ਕੀਤੀ ਹੈ ਕਿ ਉਹ ਆਪਣੇ ਆਗੂਆਂ ਦਾ ਆਦਰ ਕਰਨ ਅਤੇ ਉਨ੍ਹਾਂ ਨੂੰ ਪਿਆਰ ਕਰਨ ਅਤੇ "ਆਪੋ ਵਿੱਚ ਮੇਲ ਰੱਖੋ" (ਅਇਤ 13)। ਇੱਥੇ ਉਹ ਉਨ੍ਹਾਂ ਨੂੰ ਕਿਹਾ ਕਿ ਪਰਮੇਸ਼ੁਰ ਇੱਕ "ਸ਼ਾਂਤੀ ਦਾਤਾ ਪਰਮੇਸ਼ੁਰ," ਜਾਂ ਸ਼ਾਂਤੀ ਪੂਰਣ ਰਵੱਈਆ ਉਸ ਦੀ ਵਿਸ਼ੇਸ਼ਤਾ ਹੈ, ਜਿਸ ਨੇ ਉਸ ਦੀ ਅਗਵਾਈ ਕੀਤੀ ਕਿ ਉਹ ਉਸ ਸਮੇਂ ਵੀ ਆਪਣੇ ਆਪ ਦੇ ਨਾਲ ਮਨੁੱਖ ਦਾ ਮੇਲ ਮਿਲਾਪ ਕਰਵਾਉਣ ਦੀ ਭਾਲ ਕਰੇ ਜਦੋਂ ਮਨੁੱਖ ਉਸ ਦਾ ਦੁਸ਼ਮਣ ਸੀ ਅਤੇ ਆਪਣੇ ਸਿਰਜਣਹਾਰ ਤੇ ਬੇਇਨਸਾਫ਼ੀ ਦੇ ਨਾਲ ਦੋਸ਼ ਲਾ ਰਿਹਾ ਸੀ (ਰੋਮੀਆਂ 5:8)। ਦੂਸਰਾ ਕੁਰਿੰਥੀਆਂ 5:19 ਪਰਮੇਸ਼ੁਰ ਦੇ ਬਾਰੇ ਬੋਲਦਾ ਹੈ ਉਹ ਮਸੀਹ ਵਿੱਚ ਹੋ ਕੇ "ਜਗਤ ਨੂੰ ਆਪਣੇ ਨਾਲ ਮਿਲਾ ਰਿਹਾ ਸੀ।" ਉਹ ਮਸੀਹੀਆਂ ਦਾ ਆਪਣੇ ਨਾਲ ਮੇਲ-ਮਿਲਾਪ ਕਰਵਾਇਆ ਹੈ, ਇਹ ਸਿੱਟਾ ਕੱਢਣਾ ਤਰਕਸੰਗਤ ਹੈ ਕਿ ਉਹ ਚਾਹੁੰਦਾ ਹੈ ਕਿ ਸਾਡੇ ਵਿੱਚ ਵੀ ਇੱਕ ਦੂਜੇ ਦੇ ਪ੍ਰਤਿ ਇਸੇ ਪ੍ਰਕਾਰ ਦਾ ਮੇਲ-ਮਿਲਾਪ ਦਾ ਰਵੱਈਆ ਹੋਵੇ। ਜੇਕਰ ਅਸੀਂ ਉਸ ਦੀ ਮੇਲ-ਮਿਲਾਪ ਦੀ ਉਦਾਹਰਣ ਦੇ ਅਨੁਸਾਰ ਚੱਲਦੇ ਹਾਂ, ਤਾਂ ਜਦੋਂ ਅਸੀਂ "ਸਾਰਿਆਂ

ਮਨੁੱਖਾਂ ਦੇ ਨਾਲ ਮੇਲ" (ਰੋਮੀਆਂ 12:18) ਰੱਖਣ ਦੀ ਕੋਸ਼ਿਸ਼ ਕਰਦੇ ਹਾਂ, ਅਸੀਂ ਆਪਣੇ ਆਪ ਅਤੇ ਹੋਰਨਾਂ ਮਨੁੱਖਾਂ ਦੇ ਵਿਚਕਾਰ ਪਾਏ ਜਾਣ ਵਾਲੇ ਸਾਰੇ ਤਨਾਓ ਨੂੰ ਦੂਰ ਕਰਦੇ ਹਾਂ।

ਪੌਲੁਸ ਦੀ ਪ੍ਰਾਰਥਨਾ ਸੀ ਕਿ ਇਹ "ਸ਼ਾਂਤੀ ਦਾਤਾ ਪਰਮੇਸ਼ੁਰ" ਥੱਸਲੁਨੀਕੇ ਦੇ ਲੋਕਾਂ ਨੂੰ **ਪਵਿੱਤਰ** (ἁγιάζω, *ਹੈਗਈਆਜ਼ੋ*) ਕਰੇ। ਇੱਕ ਖਾਸ ਸੇਵਾ ਜਾਂ ਮਕਸਦ ਦੇ ਲਈ ਜੋ "ਪਵਿੱਤਰ" ਹੋਣਾ "ਵੱਖਰਾ ਹੋਣਾ" "ਜੋ ਪਵਿੱਤਰਤਾ ਦੇ ਵਿਰੁੱਧ ਹੈ ਉਸ ਨੂੰ ਦੂਰ ਕਰਨਾ।"[37] ਆਪਣੇ ਮਨ ਪਰਿਵਰਤਨ ਦੇ ਸਮੇਂ ਤੋਂ ਹੀ ਮਸੀਹੀ ਲੋਕ ਪਵਿੱਤਰ ਹੋਣਾ ਸ਼ੁਰੂ ਕਰ ਦਿੰਦੇ ਹਨ (1 ਕੁਰਿੰਥੀਆਂ 6:11; 1:2), ਪਰ ਉਹ ਪ੍ਰਯੋਗ ਜੀਵਨ ਭਰ ਲਗਾਤਾਰ ਚੱਲਦਾ ਹੈ (4:3) ਜਿਵੇਂ ਜਿਵੇਂ ਅਸੀਂ ਪਰਿਪੱਕਤਾ ਦੇ ਉੱਚ ਪੱਧਰਾਂ ਨੂੰ ਪਾਰ ਕਰਦੇ ਹਾਂ। ਪੌਲੁਸ ਦੀ ਪ੍ਰਾਰਥਨਾ ਇਸ ਪਵਿੱਤਰੀਕਰਣ ਦੀ ਪ੍ਰਕਿਰਿਆ ਲਗਾਤਾਰ ਜਾਰੀ ਰੱਖਣ ਦੇ ਲਈ ਸੀ, ਤਾਂ ਕਿ ਉਹ **ਸੰਪੂਰਣ ਰੀਤਿ ਦੇ ਨਾਲ** ਪਵਿੱਤਰ ਕੀਤੇ ਜਾ ਸਕਣ। ਸਿਰਫ ਇਸ ਤਰੀਕੇ ਦੇ ਨਾਲ ਕਿਸੇ ਨੂੰ ਮਸੀਹ ਦੀ ਦੂਸਰੀ ਆਮਦ ਦੇ ਲਈ ਭਰੋਸਾ ਦਿਵਾਇਆ ਜਾ ਸਕਦਾ ਹੈ।

ਇਹ ਪ੍ਰਾਰਥਨਾ ਕਰ ਚੁੱਕਣ ਦੇ ਪਿੱਛੋਂ ਕਿ ਥੱਸਲੁਨੀਕੇ ਦੇ ਲੋਕ "ਵੱਧ ਤੋਂ ਵੱਧ" (NIV), ਪਵਿੱਤਰ ਹੋਣ, ਪੌਲੁਸ ਨੇ ਆਪਣੀ ਪ੍ਰਾਰਥਨਾ ਨੂੰ ਦੁਬਾਰਾ ਤਿਆਰ ਕੀਤਾ: ਉਹ ਚਾਹੁੰਦਾ ਸੀ ਕਿ ਉਹ **ਦੋਸ਼ ਰਹਿਤ** ਹੋਣ, ਜਾਂ ਉਚਿਤ ਦੋਸ਼ ਤੋਂ ਉੱਪਰ, ਅਤੇ ਇਸ ਤਰ੍ਹਾਂ ਆਪਣੀ ਸੰਪੂਰਣ ਆਤਮਾ, ਰੂਹ, ਅਤੇ ਸਰੀਰ ਉਚਿਤ ਠਹਿਰਾਇਆ ਗਿਆ ਹੈ। ਯੂਨਾਨੀ ਲੋਕ ਇਨਸਾਨ ਨੂੰ ਤਿੰਨਾਂ ਭਾਗਾਂ ਵਿੱਚ ਵੰਡਦੇ ਸਨ: **ਆਤਮਾ**—ਮਨੁੱਖ ਦਾ ਵਿਸ਼ੇਸ਼ ਅਮਰ ਹਿੱਸਾ, ਜੋ akin to ਪਰਮੇਸ਼ੁਰ ਹੈ; **ਜੀਵ**—ਹੇਠਲਾ ਜੰਗਲੀ ਸੁਭਾਅ ਜਿਸ ਵਿੱਚ ਉਸ ਦੇ ਜਨੂਨ ਸ਼ਾਮਲ ਹੁੰਦੇ ਹਲ; ਅਤੇ **ਸਰੀਰ**। ਇੰਝ ਨਹੀਂ ਜਾਪਦਾ ਹੈ ਕਿ ਪੌਲੁਸ ਇੱਥੇ ਉਸ ਵਿਚਾਰ ਦੇ ਨਾਲ ਸਹਿਮਤ ਹੋ ਗਿਆ ਸੀ। ਮੌਰਿਸ ਨੇ ਟਿੱਪਣੀ ਕੀਤੀ, "ਇਸ ਬਿੰਦੂ ਤੇ ਪੌਲੁਸ ਮਨੁੱਖ ਦੀ ਰਚਨਾ ਦੇ ਸਵਰੂਪ ਦਾ ਬਿਆਨ ਨਹੀਂ ਦੇ ਰਿਹਾ ਹੈ, ਪਰ ਪ੍ਰਾਰਥਨਾ ਵਿੱਚ ਲੱਗਾ ਹੋਇਆ ਹੈ। ਉਹਨੇ ਇਸ ਗੱਲ ਤੇ ਜ਼ੋਰ ਦਿੰਦੇ ਹੋਏ ਗ੍ਰਾਫਿਕ ਰੂਪ ਦਾ ਇਸਤੇਮਾਲ ਕੀਤਾ ਹੈ ਕਿ ਸੰਪੂਰਣ ਮਨੁੱਖ ਸ਼ਾਮਲ ਹੈ, ਨਾ ਕਿ ਉਸ ਦਾ ਕੁਝ ਕੁ ਹਿੱਸਾ ਹੀ।"[38]

ਬੁਨਿਆਦੀ ਤੌਰ ਤੇ, ਪੌਲੁਸ ਦੇ ਲਈ, ਇੱਕ "ਬਾਹਰੀ ਆਦਮੀ" ਸੀ, ਜੋ ਨਾਸ ਹੁੰਦਾ ਹੈ, ਅਤੇ ਇੱਕ "ਅੰਦਰੂਨੀ ਮਨੁੱਖ" ਸੀ, ਜੋ, ਮਸੀਹੀ ਹੋਣ ਦੇ ਸਥਿਤੀ ਵਿੱਚ, "ਦਿਨ ਪ੍ਰਤਿ ਦਿਨ ਨਵਾਂ ਹੁੰਦਾ ਜਾਂਦਾ" ਹੈ (2 ਕੁਰਿੰਥੀਆਂ 4:16)। ਇਸ ਲਈ, ਇਹ ਸੰਭਾਵਨਾ ਜਾਪਦੀ ਹੈ ਕਿ ਉਸ ਨੇ ਸਧਾਰਣ ਰੀਤਿ ਦੇ ਨਾਲ ਹਰ ਸ਼ਬਦ ਨੂੰ ਇਸਤੇਮਾਲ ਕੀਤਾ ਸੀ ਜਿਸ ਨੂੰ ਬਾਅਦ ਵਿੱਚ ਮਨੁੱਖ ਦੇ ਹਿੱਸਿਆਂ (ਆਤਮਾ, ਜੀਵ, ਸਰੀਰ) ਦਾ ਵਰਣਨ ਕਰਨ ਦੇ ਲਈ ਇਸਤੇਮਾਲ ਕੀਤਾ ਜਾ ਸਕੇ ਤਾਂ ਕਿ ਇਸ ਗੱਲ ਤੇ ਜ਼ੋਰ ਦਿੱਤਾ ਜਾ ਸਕੇ ਕਿ ਉਸ ਦੀ ਇੱਛਾ ਇਹ ਸੀ ਕਿ ਹਰੇਕ ਮਸੀਹੀ ਦੀ ਸੰਪੂਰਣਤਾ ਨੂੰ "ਨਿਰਦੋਸ਼," ਜਾਂ ਸਾਰੀ ਨਿੰਦਾ ਤੋਂ ਪਰੇ ਰੱਖਿਆ ਜਾ ਸਕੇ। ਮਰਕੁਸ 12:30, 31 ਦੇ ਨਾਲ ਇਸ ਦੀ ਤੁਲਨਾ ਕਰੋ, ਜਿੱਥੇ ਇਹ ਸੰਦੇਹ ਦੀ ਗੱਲ ਹੈ ਕਿ "ਮਨ," "ਪ੍ਰਾਣ" ਅਤੇ "ਸ਼ਕਤੀ" ਸਪੱਸ਼ਟ ਤੌਰ ਤੇ ਵੱਖੋ ਵੱਖ ਹਨ। ਯਿਸੂ ਨੇ ਸੰਪੂਰਣਤਾ ਤੇ ਜ਼ੋਰ ਦੇਣ ਦੇ ਲਈ ਸਧਾਰਣ ਤੌਰ ਇਨ੍ਹਾਂ ਸਾਰਿਆਂ ਨੂੰ ਇਸਤੇਮਾਲ ਕੀਤਾ।

ਉਨ੍ਹਾਂ ਦੇ ਸੰਪੂਰਣ ਪਵਿੱਤਰੀਕਰਣ, ਜਾਂ ਨਿਰਦੋਸ਼ਤਾ ਲਈ ਪੌਲੁਸ ਦੀ ਪ੍ਰਾਰਥਨਾ ਉਸ ਘੜੀ ਦੇ ਆਲੇ-ਦੁਆਲੇ ਕੇਂਦ੍ਰਿਤ ਸੀ ਜਿਸ ਤੇ ਉਸ ਨੇ ਪਹਿਲਾਂ ਤੋਂ ਹੀ ਲੰਬੀ ਚੌੜੀ ਚਰਚਾ ਕੀਤੀ ਸੀ (4:13—5:11)—**ਸਾਡੇ ਪ੍ਰਭੂ ਯਿਸੂ ਮਸੀਹ ਦੇ ਆਉਣ** ਦੀ ਘੜੀ। ਉਸ ਦੀ ਦੂਜੀ ਆਮਦ ਦੇ ਵੇਲੇ ਉਹ ਮੁਰਦਿਆਂ ਨੂੰ ਬੁਲਾਵੇਗਾ, ਜੋ ਪਵਿੱਤਰ ਅਤੇ ਨਿਰਦੋਸ਼ ਠਹਿਰਾਏ ਗਏ

ਸਨ, ਅਤੇ ਦੁਸ਼ਟਾਂ ਨੂੰ ਦੋਸ਼ੀ ਠਹਿਰਾਵੇਗਾ (ਯੂਹੰਨਾ 5:25–29)। ਪੌਲੁਸ ਦੀ ਪ੍ਰਾਰਥਨਾ ਸੀ ਕਿ ਥੱਸਲੁਨੀਕੇ ਦੇ ਲੋਕ ਯਿਸੂ ਦੇ ਸੱਜੇ ਹੱਥ ਧਰਮੀ ਲੋਕਾਂ ਦੇ ਵਿਚਕਾਰ ਹੋਣ (ਮੱਤੀ 25:33) ਅਤੇ ਸਵਰਗ ਦੇ ਵਿੱਚ ਉਨ੍ਹਾਂ ਦਾ ਸਵਾਗਤ ਕੀਤਾ ਜਾਵੇ।

ਪੌਲੁਸ ਨੇ ਪਿਆਰ ਦੇ ਨਾਲ ਉਸ ਨੂੰ "ਸਾਡੇ ਪ੍ਰਭੂ ਯਿਸੂ ਮਸੀਹ" ਕਿਹਾ। ਇੱਕ ਮਾਇਨੇ ਵਿੱਚ, "ਸਾਡਾ ਪ੍ਰਭੂ" ਹੋਣਾ ਮਹਾਨ ਆਸ ਦਿੰਦਾ ਹੈ ਕਿ ਉਸ ਦੇ ਆਉਣ ਦਾ ਦਿਨ, ਜੋ ਕੁਝ ਲੋਕਾਂ ਦੇ ਲਈ ਕ੍ਰੋਧ ਦਾ ਦਿਨ ਹੋਵੇਗਾ (5:9), ਪਰ ਮਸੀਹੀਆਂ ਦੇ ਲਈ ਇੱਕ ਮਹਾਨ "ਮੁਕਤੀ" (ਅਫ਼ਸੀਆਂ 4:30) ਦਾ ਦਿਨ ਹੋਵੇਗਾ। ਇਹ ਵਿਚਾਰ ਇਸ ਪੱਤ੍ਰੀ ਵਿਚਲੇ ਪੌਲੁਸ ਦੇ ਉਦੇਸ਼ ਦਾ ਸਾਰ ਦਿੰਦਾ ਹੈ: ਕਿ ਉਸ ਦੇ ਥੱਸਲੁਨੀਕੇ ਦੇ ਮਨ ਪਰਿਵਰਤਨ ਕੀਤੇ ਹੋਏ ਲੋਕ ਮਸੀਹ ਦੀ ਦੂਜੀ ਆਮਦ ਦੇ ਸਮੇਂ ਅਜਿਹੇ ਤਰੀਕੇ ਨਾਲ ਜੀਉਣ ਜੋ "ਦੋਸ਼ ਰਹਿਤ" ਹੋਵੇ।

**ਆਇਤ 24.** ਪਿਛਲੀ ਆਇਤ ਵਿੱਚ, ਪੌਲੁਸ ਨੇ ਪ੍ਰਾਰਥਨਾ ਵਿਅਕਤ ਕੀਤੀ ਹੈ ਕਿ ਪਰਮੇਸ਼ੁਰ ਹੋਣ ਦੇਵੇ ਕਿ ਥੱਸਲੁਨੀਕੇ ਦਾ ਹਰ ਇੱਕ ਮਸੀਹੀ ਨਿਆਂ ਦੇ ਦਿਨ ਜਦੋਂ ਯਿਸੂ ਵਾਪਸ ਆਵੇਗਾ ਵਿਸ਼ਵਾਸਯੋਗ ਅਤੇ "ਨਿਰਦੋਸ਼" ਪਾਇਆ ਜਾਵੇ। ਪੌਲੁਸ ਨੇ ਕਿਹਾ ਕਿ ਪਰਮੇਸ਼ੁਰ ਅਜਿਹਾ ਹੀ ਕਰੇਗਾ ਕਿ ਵੇਖੇ ਕਿ ਇੰਝ ਹੀ ਹੈ। ਉਸ ਨੇ ਇਹ ਕਹਿੰਦੇ ਹੋਏ ਸ਼ੁਰੂ ਕੀਤਾ ਕਿ ਪਰਮੇਸ਼ੁਰ **ਤੁਹਾਡਾ ਸੱਦਣ ਵਾਲਾ** ਸੀ। ਇੱਕ ਅਜਿਹਾ ਹੀ ਵਾਕ 2:12 ਵਿੱਚ ਮਿਲਦਾ ਹੈ, ਜਿੱਥੇ ਪੌਲੁਸ ਲਿਖਦਾ ਹੈ, "ਜਿਹੜਾ ਤੁਹਾਨੂੰ ਆਪਣੇ ਰਾਜ ਅਤੇ ਤੇਜ ਵਿੱਚ ਸੱਦਦਾ ਹੈ।" ਪਰਮੇਸ਼ੁਰ ਕਿਵੇਂ ਸੱਦਦਾ ਹੈ? ਕੀ ਉਹ ਹਰ ਕਿਸੇ ਨੂੰ ਸਵਰਗ ਤੋਂ ਸਿੱਧਾ ਇੱਕ ਦਰਸ਼ਨ ਦੇ ਦੁਆਰਾ ਸੱਦਦਾ ਹੈ ਜਿਵੇਂ ਪੌਲੁਸ ਦੇ ਮਾਮਲੇ ਵਿੱਚ ਹੋਇਆ ਸੀ (ਰਸੂਲਾਂ ਦੇ ਕਰਤੱਬ 9)? ਨਹੀਂ। ਥੱਸਲੁਨੀਕੇ ਦੇ ਲੋਕਾਂ ਨੂੰ ਆਪਣੀ ਦੂਸਰੀ ਪੱਤ੍ਰੀ ਵਿੱਚ, ਪੌਲੁਸ ਕਹਿੰਦਾ ਹੈ, "ਉਸ ਨੇ ਤੁਹਾਨੂੰ ਸਾਡੀ ਖੁਸ਼ ਖਬਰੀ ਦੇ ਰਾਹੀਂ ਸੱਦਿਆ" (2 ਥੱਸਲੁਨੀਕੀਆਂ 2:14)। ਇਸ ਲਈ, ਉਨ੍ਹਾਂ ਦੇ "ਸੱਦੇ ਜਾਣ," ਅਤੇ ਸਾਡੇ ਸੱਦੇ ਜਾਣ ਦਾ ਸਮਾਂ, ਉਹ ਹੈ ਜਦੋਂ ਕੋਈ ਸੁਸਮਾਚਾਰ ਨੂੰ ਸੁਣਦਾ ਹੈ। ਜਦੋਂ ਕੋਈ ਅੱਜ ਪ੍ਰਚਾਰ ਕੀਤੇ ਜਾ ਰਹੇ ਸੁਮਾਚਾਰ ਨੂੰ ਸੁਣਦਾ ਹੈ, ਤਾਂ ਉਸ ਨੂੰ ਅਸਿੱਧੇ ਤੌਰ ਤੇ ਪਰਮੇਸ਼ੁਰ ਦੇ ਦੁਆਰਾ ਸੱਦਿਆ ਜਾ ਰਿਹਾ ਹੁੰਦਾ ਹੈ ਕਿ ਉਸ ਕੋਲ ਆਵੇ ਅਤੇ ਉਸ ਦੀ ਸੇਵਾ ਕਰੇ ਅਤੇ ਆਗਿਆਕਾਰੀ ਦੇ ਦੁਆਰਾ ਪਾਪਾਂ ਦੀ ਮਾਫ਼ੀ ਦਾ ਦਾਅਵਾ ਕਰੇ।

ਇੱਥੇ ਪੌਲੁਸ ਜ਼ੋਰ ਦੇ ਇਸ ਗੱਲ ਤੇ ਸੀ ਕਿ ਪਰਮੇਸ਼ੁਰ ਸਾਨੂੰ ਆਪਣੀ ਕਿਸੇ ਅਚਨਚੇਤ ਭਾਵਨਾ ਨਾਲ ਨਹੀਂ "ਬੁਲਾਉਂਦਾ" ਹੈ ਅਤੇ ਫਿਰ ਚੰਚਲਤਾ ਦੇ ਨਾਲ ਇਸ ਦੇ ਬਾਰੇ ਭੁੱਲ ਜਾਂਦਾ ਹੈ। ਉਹ ਸਿਰਫ "ਬੁਲਾਉਂਦਾ" ਹੀ ਨਹੀਂ ਹੈ, ਉਹ ਨਾਲ ਨਾਲ ਚੱਲਦਾ ਵੀ ਹੈ। ਉਹ **ਅਜਿਹਾ ਹੀ ਕਰੇਗਾ**। ਉਹ ਕੰਮ ਕਰਦਾ ਹੈ। ਉਹ ਆਪਣੇ ਵਾਇਦੇ ਨੂੰ ਪੂਰਾ ਕਰੇਗਾ। ਜਿਵੇਂ ਗਿਣਤੀ 23:19 ਵਿੱਚ ਬਿਲਆਮ ਨੇ ਕਿਹਾ ਸੀ, "ਪਰਮੇਸ਼ੁਰ ਇਨਸਾਨ ਨਹੀਂ ਕਿ ਉਹ ਝੂਠ ਬੋਲੇ, ਨਾ ਆਦਮ ਜਾਇਆ ਕਿ ਉਹ ਪਛਤਾਵੇ। ਕੀ ਉਸ ਆਖਿਆ ਹੋਵੇ ਅਤੇ ਨਾ ਕਰੇ? ਅਥਵਾ ਉਹ ਬੋਲਿਆ ਅਤੇ ਉਹ ਪੂਰਾ ਨਾ ਹੋਇਆ?" ਉੱਤਰ ਇੱਥੇ ਸਪੱਸ਼ਟ ਰੂਪ ਵਿੱਚ ਸਮਝਾਇਆ ਗਿਆ ਹੈ। ਨਹੀਂ। ਪਰਮੇਸ਼ੁਰ ਬਿਨਾਂ ਪੂਰਾ ਕੀਤੇ ਵਾਇਦਾ ਨਹੀਂ ਕਰਦਾ ਹੈ। ਉਹ ਪੂਰਾ ਉਤਰੇਗਾ, ਜਿਵੇਂ ਪੌਲੁਸ ਨੇ ਇੱਥੇ ਕਿਹਾ ਸੀ, ਕਿਉਂਕਿ ਉਹ **ਵਫ਼ਾਦਾਰ** ਹੈ।

ਇਹੋ ਪੁਸ਼ਟੀ ਕਿ ਪਰਮੇਸ਼ੁਰ "ਵਫ਼ਾਦਾਰ ਹੈ" ਪਵਿੱਤਰ ਸ਼ਾਸਤਰ ਵਿੱਚ ਬਹੁਤ ਵਾਰ ਪਰਗਟ ਹੁੰਦੀ ਹੈ।[39] ਕੀ ਇਸ ਦਾ ਅਰਥ ਇਹ ਹੈ ਕਿ ਪਰਮੇਸ਼ੁਰ ਦਾ ਦਿਲ ਭਰੋਸੇ ਜਾਂ ਵਿਸ਼ਵਾਸ ਦੇ ਨਾਲ ਭਰਿਆ ਹੋਇਆ ਹੈ? ਨਹੀਂ, ਇਸ ਦੀ ਬਜਾਇ, ਇਸ ਦਾ ਅਰਥ ਹੈ, ਕਿ

ਤੁਸੀਂ ਉਸ ਉੱਤੇ ਨਿਰਭਰ ਕਰ ਸਕਦੇ ਹੋ ਕਿ ਉਹ ਆਪਣੇ ਵਾਇਦਿਆਂ ਨੂੰ ਪੂਰਾ ਕਰੇਗਾ। "ਵਫ਼ਾਦਾਰ" ਸ਼ਬਦ ਯੂਨਾਨੀ ਦੇ ਸ਼ਬਦ πιστός (*ਪਿਸਟੋਸ*) ਤੋਂ ਨਿਕਲਿਆ ਹੈ, ਅਤੇ ਇਸ ਅਰਥ ਹੈ "ਜੋ ਬੁਲਾਉਂਦਾ ਹੈ ਅਤੇ ਪੂਰਿਆਂ ਕਰੇਗਾ (ਫ਼ਿਲਿੱਪੀਆਂ 1:6)।"[40] ਜੋ ਕੁਝ ਵੀ ਉਸ ਨੇ ਕਿਹਾ ਉਹ ਉਸ ਨੂੰ ਪੂਰਾ ਕਰੇਗਾ। ਇਹ ਪੌਲੁਸ ਦੀ ਪਰਮੇਸ਼ੁਰ ਵਿੱਚ ਵਿਸ਼ਵਾਸ ਦੀ ਪੁਕਾਰ ਸੀ ਜਿਸਨੇ ਉਸ ਦੀ ਬਹੁਤ ਹੀ ਵਾਰ ਮਦਦ ਕੀਤੀ ਸੀ ਕਿ ਉਹ ਕਹਿ ਸਕਿਆ, "ਕਿਉਂ ਜੋ ਮੈਂ ਉਹ ਨੂੰ ਜਾਣਦਾ ਹਾਂ ਜਿਹ ਦੀ ਮੈਂ ਪਰਤੀਤ ਕੀਤੀ ਹੈ ਅਤੇ ਮੈਨੂੰ ਵਿਸ਼ਵਾਸ ਹੈ ਭਈ ਉਹ ਮੇਰੀ ਅਮਾਨਤ ਦੀ ਉਸ ਦਿਨ ਤੀਕ ਰਖਵਾਲੀ ਕਰ ਸੱਕਦਾ ਹੈ" (2 ਤਿਮੋਥਿਉਸ 1:12)। ਪੌਲੁਸ ਦਾ ਆਪਣੇ ਪਰਮੇਸ਼ੁਰ ਦੇ ਸੁਭਾਅ ਵਿੱਚ ਆਤਮ ਵਿਸ਼ਵਾਸ ਸੀ। ਉਹ ਜਾਣਦਾ ਸੀ ਕਿ ਪਰਮੇਸ਼ੁਰ ਉਸ ਦੇ ਲਈ ਅਤੇ ਥੱਸਲੁਨੀਕੇ ਦੇ ਲੋਕਾਂ ਦੇ ਲਈ "ਨੇੜੇ ਆਵੇਗਾ," ਤਾਂ ਕਿ ਉਨ੍ਹਾਂ ਨੂੰ ਨਿਆਂ ਦੇ ਦਿਨ ਦੇ ਲਈ "ਨਿਰਦੋਸ਼" ਰੱਖੇ। ਸਾਰੇ ਵਿਸ਼ਵਾਸਯੋਗ ਮਸੀਹੀਆਂ ਦੇ ਲਈ ਇਹ ਕਿੰਨਾ ਤਸੱਲੀ ਦੇਣ ਵਾਲਾ ਵਿਚਾਰ ਹੈ!

ਬੇਸ਼ੱਕ, ਸਾਡਾ ਪਰਮੇਸ਼ੁਰ ਸਾਨੂੰ ਪੂਰੀ ਤਰ੍ਹਾਂ ਨਾਲ ਪਵਿੱਤਰ ਕਰੇਗਾ ਅਤੇ ਸਾਨੂੰ ਉਸ ਅੰਤਿਮ ਦਿਨ ਦੇ ਲਈ ਬਚਾਈ ਰੱਖੇਗਾ ਜੇਕਰ ਅਸੀਂ ਸਿਰਫ ਉਹੀ ਕਰੀਏ ਜੋ ਉਹ ਸਾਨੂੰ ਕਰਨ ਦੇ ਲਈ ਕਹਿੰਦਾ ਹੈ। ਸਾਨੂੰ ਪਰਮੇਸ਼ੁਰ ਦੇ ਨਾਲ ਕੀਤੇ ਗਏ ਆਪਣੇ ਵਫ਼ਾਦਾਰੀ ਦੇ ਵਾਇਦੇ ਨੂੰ ਉਸੇ ਤਰ੍ਹਾਂ ਨਿਭਾਉਣਾ ਚਾਹੀਦਾ ਹੈ। ਸਾਨੂੰ ਜ਼ਰੂਰ, ਜਿਵੇਂ ਯਹੂਦਾਹ ਨੇ ਕਿਹਾ ਸੀ, "ਪਰਮੇਸ਼ੁਰ ਦੇ ਪ੍ਰੇਮ ਵਿੱਚ ਆਪਣੇ [ਆਪ] ਨੂੰ ਕਾਇਮ ਰੱਖੋ" (ਯਹੂਦਾਹ 21)। ਪਤਰਸ ਸਾਨੂੰ ਯਾਦ ਦਿਵਾਉਂਦਾ ਹੈ ਕਿ ਇਹ "ਨਿਹਚਾ ਦੇ ਰਾਹੀਂ" ਹੈ ਕਿ ਅਸੀਂ "ਪਰਮੇਸ਼ੁਰ ਦੀ ਸਮੱਰਥਾ ਨਾਲ . . . ਜੋ ਅੰਤ ਦੇ ਸਮੇਂ ਪਰਗਟ ਹੋਣ ਵਾਲੀ ਹੈ ਬਚਾਏ ਰਹਿੰਦੇ ਹੋ" (1 ਪਤਰਸ 1:5), ਪਰ ਜੇ ਅਸੀਂ ਆਪਣੀ "ਬੇੜੀ ਡੋਬ" ਲਈ ਹੈ (ਜਿਵੇਂ ਪੌਲੁਸ ਨੇ ਕਿਹਾ ਕੁਝ ਲੋਕਾਂ ਨੇ ਕੀਤਾ ਸੀ; 1 ਤਿਮੋਥਿਉਸ 1:19), ਫਿਰ ਪਰਮੇਸ਼ੁਰ ਸਾਨੂੰ ਸਾਡੇ ਸਹਿਯੋਗ ਤੋਂ ਬਿਨਾਂ ਨਿਰਦੋਸ਼ ਨਹੀਂ ਰੱਖੇਗਾ। ਸਾਨੂੰ, ਵੀ, ਵਫ਼ਾਦਾਰ ਹੋਣਾ ਚਾਹੀਦਾ ਹੈ ਜਿਵੇਂ ਉਹ "ਵਫ਼ਾਦਾਰ ਹੈ।" ਉਸ ਦੇ ਭਾਗ ਦੇ ਰੂਪ ਵਿੱਚ, ਪੌਲੁਸ ਕਹਿੰਦਾ ਹੈ ਸਾਨੂੰ ਚਿੰਤਾ ਕਰਨ ਦੀ ਲੋੜ ਨਹੀਂ ਹੈ, "ਅਸੀਂ ਇਸ ਨੂੰ ਪ੍ਰਾਪਤ ਕਰ ਲਵਾਂਗੇ।" ਜੇਕਰ ਅਸੀਂ ਆਪਣੇ ਹਿੱਸੇ ਵਿੱਚ ਕਾਇਮ ਰਹੀਏ:

> ਪਰਮੇਸ਼ੁਰ ਦੇ ਚੁਣਿਆਂ ਹੋਇਆਂ ਦੇ ਉੱਤੇ ਕੌਣ ਦਾਵਾ ਕਰੇਗਾ? ਪਰਮੇਸ਼ੁਰ ਹੀ ਹੈ ਜਿਹੜਾ ਧਰਮੀ ਠਹਿਰਾਉਂਦਾ ਹੈ। ਉਹ ਕੌਣ ਹੈ ਜੋ ਸਜ਼ਾ ਦਾ ਹੁਕਮ ਦੇਵੇਗਾ? ਮਸੀਹ ਯਿਸੂ ਹੀ ਹੈ ਜਿਹੜਾ ਮਰ ਗਿਆ। ਹਾਂ, ਸਗੋਂ ਮੁਰਦਿਆਂ ਵਿੱਚੋਂ ਜਿਵਾਲਿਆ ਗਿਆ ਜਿਹੜਾ ਪਰਮੇਸ਼ੁਰ ਦੇ ਸੱਜੇ ਪਾਸੇ ਹੈ ਅਤੇ ਸਾਡੇ ਲਈ ਸਫ਼ਾਰਸ਼ ਵੀ ਕਰਦਾ ਹੈ। ਕੌਣ ਸਾਨੂੰ ਮਸੀਹ ਦੇ ਪ੍ਰੇਮ ਤੋਂ ਅੱਡ ਕਰੇਗਾ? ਕੀ ਬਿਪਤਾ ਯਾ ਕਸ਼ਟ ਯਾ ਅਨ੍ਹੇਰ ਯਾ ਕਾਲ ਯਾ ਨੰਗ ਯਾ ਭੌਜਲ ਯਾ ਤਲਵਾਰ? ... ਸਗੋਂ ਇਨ੍ਹਾਂ ਸਭਨਾਂ ਗੱਲਾਂ ਵਿੱਚ ਉਹ ਦੇ ਦੁਆਰਾ ਜਿਹ ਨੇ ਸਾਡੇ ਨਾਲ ਪ੍ਰੇਮ ਕੀਤਾ ਸੀ ਅਸੀਂ ਹੱਦੋਂ ਵਧ ਫਤਹ ਪਾਉਂਦੇ ਹਾਂ (ਰੋਮੀਆਂ 8:33–37)।

ਸੱਚਮੁੱਚ, ਸਾਡਾ ਪਰਮੇਸ਼ੁਰ ਵਫ਼ਾਦਾਰ ਹੈ, ਅਤੇ, ਜੇਕਰ ਅਸੀਂ ਵਫ਼ਾਦਾਰ ਬਣੇ ਰਹਿੰਦੇ ਹਾਂ, ਤਾਂ ਉਹ ਉਸ ਦਿਨ ਵਿੱਚ ਸਾਨੂੰ ਜਿੱਤ ਦੇਵੇਗਾ।

**ਆਇਤ 25.** ਪੌਲੁਸ ਨੇ ਥੱਸਲੁਨੀਕੇ ਦੇ ਭਾਈਆਂ ਨੂੰ ਆਪਣੇ ਅਤੇ ਆਪਣੇ ਸਹਿਕਰਮੀਆਂ ਦੇ **ਲਈ ਪ੍ਰਾਰਥਨਾ** ਕਰਨ ਦੇ ਲਈ ਕਿਹਾ। ਉਸ ਨੇ ਅਕਸਰ ਅਜਿਹੀਆਂ ਬੇਨਤੀਆਂ ਕੀਤੀਆਂ ਸਨ (2 ਥੱਸਲੁਨੀਕੀਆਂ 3:1; ਕੁਲੁੱਸੀਆਂ 4:3; ਅਫ਼ਸੀਆਂ 6:19)।

ਰੋਮੀਆਂ 15:30 ਵਿੱਚ ਉਸ ਨੇ ਕਿਹਾ, "ਹੁਣ ਹੇ ਭਰਾਵੋ, ਸਾਡੇ ਪ੍ਰਭੂ ਯਿਸੂ ਮਸੀਹ ਦੇ ਨਮਿੱਤ ਅਰ ਆਤਮਾ ਦੇ ਪ੍ਰੇਮ ਦੇ ਨਮਿੱਤ ਮੈਂ ਤੁਹਾਡੀ ਮਿੰਨਤ ਕਰਦਾ ਹਾਂ ਜੋ ਤੁਸੀਂ ਪਰਮੇਸ਼ੁਰ ਦੇ ਅੱਗੇ ਮੇਰੇ ਲਈ ਪ੍ਰਾਰਥਨਾ ਕਰਨ ਵਿੱਚ ਮੇਰੇ ਨਾਲ ਜਤਨ ਕਰੋ।" 2 ਕੁਰਿੰਥੀਆਂ 1:11 ਵਿੱਚ, ਉਸ ਨੇ ਇਹ ਕਹਿਣ ਦੇ ਦੁਆਰਾ ਕੁਰਿੰਥੇ ਦੇ ਲੋਕਾਂ ਨੂੰ ਯਕੀਨ ਦੁਵਾਇਆ ਕਿ ਉਹ "ਕਿ ਤੁਸੀਂ [ਉਨ੍ਹਾਂ] ਰਲ ਮਿਲ ਕੇ ਬੇਨਤੀ ਨਾਲ ਸਾਡਾ [ਉਸ ਦਾ] ਉਪਰਾਲਾ ਕਰੋ।"

"ਪ੍ਰਾਰਥਨਾ" ਦੇ ਲਈ ਸ਼ਬਦ ਹੈ προσεύχομαι (*ਪ੍ਰੋਸਿਉਚੋਮਾਈ*) ਹੈ, ਅਤੇ ਇਸ ਦੀ ਫਾਰਮ ਵਰਤਮਾਨ ਆਗਿਆ ਵਾਚਕ ਹੈ (ਅਇਤ 17 ਤੇ ਵਿਚਾਰ ਵਟਾਂਦਰਾ ਵੇਖੋ)। ਵਰਤਮਾਨ ਕਾਲ ਸਮੇਂ ਦੀ ਇੱਕ ਮਿਆਦ ਵਿੱਚ ਨਿਰੰਤਰ ਕਿਰਿਆ ਦੀ ਸੰਭਾਵਨਾ ਨੂੰ ਦਰਸਾਉਂਦਾ ਹੈ। ਦੂਜੇ ਸ਼ਬਦਾਂ ਵਿੱਚ ਪੌਲੁਸ ਕਹਿ ਸਕਦਾ ਸੀ। "ਸਾਡੇ ਲਈ ਨਿਰੰਤਰ ਪ੍ਰਾਰਥਨਾ ਕਰੋ।" ਮੌਰਿਸ ਨੇ ਲਿਖਿਆ ਕਿ ਪੌਲੁਸ ਨੇ ਬੇਨਤੀ ਕੀਤੀ ਸੀ ਕਿ "ਨਿਰੰਤਰ ਪ੍ਰਾਰਥਨਾ ਕਰੋ (ਨਿਰੰਤਰ ਕਾਲ)।"[41]

ਜਦੋਂ ਅਸੀਂ ਪੌਲੁਸ ਦੇ ਵਿਸ਼ੇ ਵਿੱਚ ਸੋਚਦੇ ਹਾਂ, ਤਾਂ ਅਸੀਂ ਬਹੁਤ ਵਾਰ ਵਿਸ਼ਵਾਸ ਕਰਦੇ ਹਾਂ ਕਿ ਉਹ ਇੰਨਾ ਤਕੜਾ ਅਤੇ ਆਤਮ-ਨਿਰਭਰ ਸੀ ਕਿ ਉਸ ਨੂੰ ਕੋਈ ਮੁਸ਼ਕਲ ਨਹੀਂ ਹੈ, ਜਾਂ ਇਹ ਕਿ ਉਸ ਨੂੰ ਦੂਜਿਆਂ ਦੀਆਂ ਪ੍ਰਾਰਥਨਾਵਾਂ ਦੀ ਕੋਈ ਲੋੜ ਨਹੀਂ ਸੀ, ਪਰ ਇਹ ਧਾਰਣਾ ਗਲਤ ਹੈ। ਨਿਸ਼ਚਤ ਤੌਰ ਤੇ ਪੌਲੁਸ ਆਪਣੇ ਆਪ ਦੇ ਪ੍ਰਤਿ ਇਸ ਤਰ੍ਹਾਂ ਨਹੀਂ ਸੋਚਦਾ ਸੀ। 1 ਕੁਰਿੰਥੀਆਂ 9:27 ਵਿੱਚ, ਉਸ ਨੇ ਖੁੱਲ ਕੇ ਸਵੀਕਾਰ ਕੀਤਾ ਕਿ ਉਸ ਨੂੰ ਆਪਣੇ ਸਰੀਰ ਨੂੰ ਵੱਸ ਵਿੱਚ ਕਰਨਾ ਪੈਂਦਾ ਸੀ ਅਤੇ ਉਸ ਨੂੰ ਆਪਣਾ ਗੁਲਾਮ ਬਣਾਉਣਾ ਪੈਂਦਾ ਸੀ ਤਾਂ ਕਿ ਅਜਿਹਾ ਨਾ ਹੋਵੇ ਕਿ ਕਿਤੇ ਉਹ ਹੋਰਨਾਂ ਨੂੰ ਉਪਦੇਸ਼ ਕਰ ਕੇ ਆਪ ਇਨਾਮ ਤੋਂ ਵਾਂਝਾ ਰਹਿ ਜਾਵੇ। 2 ਕੁਰਿੰਥੀਆਂ 7:8 ਵਿੱਚ, ਉਸ ਨੇ ਪਰਗਟ ਕੀਤਾ ਕਿ ਉਸ ਨੂੰ ਇੱਕ ਨਿਸ਼ਚਤ ਬਿੰਦੂ ਤੇ ਡਰ ਸੀ ਕਿ ਉਹ ਕੁਰਿੰਥੇ ਦੇ ਲੋਕਾਂ ਉੱਤੇ ਬਹੁਤ ਜ਼ਿਆਦਾ ਸਖਤ ਸੀ। ਉਸ ਨੂੰ ਸ਼ੱਕ ਸੀ ਕਿ ਉਸ ਕੀ ਉਸ ਨੇ ਉਨ੍ਹਾਂ ਦੀਆਂ ਮੁਸ਼ਕਲਾਂ ਨੂੰ ਸਹੀ ਤਰੀਕੇ ਦੇ ਨਾਲ ਲਿਆ ਹੈ ਕਿ ਨਹੀਂ। ਉਸ ਨੂੰ ਵਿਅਕਤੀਗਤ ਪਰੀਖਿਆਵਾਂ ਦਾ ਸਾਹਮਣਾ ਕਰਨ ਦੇ ਨਾਲ ਨਾਲ ਪ੍ਰਭੂ ਦਾ ਕੰਮ ਕਰਨ ਦੇ ਲਈ ਉਨ੍ਹਾਂ ਦੀਆਂ ਪ੍ਰਾਰਥਨਾਵਾਂ ਦੀ ਲੋੜ ਸੀ। ਵਿਲੀਅਮ ਬਾਰਕਲੇ ਨੇ ਕਿਹਾ:

> ਇਹ ਇੱਕ ਸ਼ਾਨਦਾਰ ਗੱਲ ਹੈ ਕਿ ਸਾਰੇ ਸੰਤਾਂ ਵਿੱਚੋਂ ਸਭ ਤੋਂ ਮਹਾਨ ਸੰਤ ਇਹ ਮਹਿਸੂਸ ਕਰੇ ਕਿ ਉਸ ਨੂੰ ਨਿਮਰ ਮਸੀਹੀਆਂ ਦੀਆਂ ਪ੍ਰਾਰਥਨਾਵਾਂ ਦੇ ਰਾਹੀਂ ਸ਼ਕਤੀ ਪ੍ਰਾਪਤ ਹੋਈ ਸੀ। ਇੱਕ ਵਾਰ ਇੱਕ ਮਹਾਨ ਸਿਆਸਤਦਾਨ, ਜਿਸ ਨੂੰ ਉਸ ਦੇ ਦੇਸ਼ ਦੇ ਸਭ ਤੋਂ ਉੱਚੇ ਪੱਧਰ ਦੇ ਦਫ਼ਤਰ ਵਿੱਚ ਜੋ ਉਸ ਦਾ ਦੇਸ਼ ਉਸ ਨੂੰ ਪੇਸ਼ ਕਰ ਸਕਦਾ ਸੀ ਨਿਯੁਕਤ ਕੀਤਾ ਗਿਆ, ਉਸ ਨੂੰ ਉਸ ਦੇ ਦੋ ਮਿੱਤਰਾਂ ਦੇ ਰਾਹੀਂ ਵਧਾਈ ਦਿੱਤੀ ਗਈ ਸੀ ਅਤੇ ਉਸ ਨੇ ਛੇਤੀ ਨਾਲ ਉੱਤਰ ਦਿੱਤਾ, "ਮੈਨੂੰ ਵਧਾਈਆਂ ਨਾ ਦਿਓ; ਮੈਨੂੰ ਆਪਣੀਆਂ ਪ੍ਰਾਰਥਨਾਵਾਂ ਦਿਓ।" ਪੌਲੁਸ ਦੇ ਲਈ, ਪ੍ਰਾਰਥਨਾ ਇੱਕ ਸੋਨੇ ਦੀ ਚੈਨ ਸੀ ਜਿਸ ਵਿੱਚ ਉਹ ਦੂਸਰਿਆਂ ਲਈ ਪ੍ਰਾਰਥਨਾ ਕਰਦਾ ਸੀ ਅਤੇ ਉਹ ਪੌਲੁਸ ਲਈ ਪ੍ਰਾਰਥਨਾ ਕਰਦਾ ਸੀ।[42]

**ਆਇਤ 26.** ਆਪਣੇ ਅੰਤਮ ਸ਼ਬਦਾਂ ਵਿੱਚ, ਅਸੀਂ ਇੱਕ **ਪਵਿੱਤਰ ਚੁੰਮੇ** ਨਾਲ ਨਮਸਕਾਰ ਕਰਨ ਦੀ ਟਿੱਪਣੀ ਨੂੰ ਪਾਉਂਦੇ ਹਾਂ। ਪਵਿੱਤਰ ਚੁੰਮੇ ਨਾਲ ਨਮਸਕਾਰ ਕਰਨ ਦੀ ਸਲਾਹ ਪੌਲੁਸ ਦੇ ਰਾਹੀਂ ਕਈ ਵਾਰ ਦਿੱਤੀ ਗਈ ਸੀ: ਇੱਕ ਵਾਰ ਰੋਮੀ ਭਾਈਆਂ ਨੂੰ

(ਰੋਮੀਆਂ 16:16), ਅਤੇ ਦੂਸਰੀ ਵਾਕ ਕੁਰਿੰਥੁਸ ਦੇ ਭਾਈਆਂ ਨੂੰ (1 ਕੁਰਿੰਥੀਆਂ 16:20; 2 ਕੁਰਿੰਥੀਆਂ 13:12)। ਬੇਸ਼ੱਕ ਪਤਰਸ ਵੀ ਉਸ ਸਮੇਂ ਇਸੇ ਪ੍ਰਕਾਰ ਦੇ ਨਮਸਕਾਰ ਦੇ ਬਾਰੇ ਬੋਲ ਰਿਹਾ ਸੀ ਜਦੋਂ ਉਸ ਨੇ ਏਸ਼ੀਆ ਮਾਈਨਰ ਦੇ ਕਈ ਭਰਾਵਾਂ ਨੂੰ ਇਹ ਕਹਿੰਦੇ ਹੋਏ ਲਿਖਿਆ ਸੀ, "ਤੁਸੀਂ ਪ੍ਰੇਮ ਨਾਲ ਇੱਕ ਦੂਏ ਨੂੰ ਚੁੰਮ ਕੇ ਸੁਖ ਸਾਂਦ ਪੁੱਛੋ" (1 ਪਤਰਸ 5:14)। ਇਸ ਲਈ, ਜਿਵੇਂ ਵੇਖਿਆ ਜਾ ਸਕਦਾ ਹੈ, ਇਹ ਰਸੂਲਾਂ ਦੇ ਸਮੇਂ ਏਸ਼ੀਆ ਮਾਈਨਰ, ਯੂਨਾਨ ਅਤੇ ਇਟਲੀ ਵਿੱਚ ਇਸਤੇਮਾਲ ਕੀਤਾ ਜਾਂਦਾ ਸੀ। ਸੰਪੂਰਣ ਰੋਮੀ ਸੰਸਾਰ ਵਿੱਚ ਮਸੀਹੀਅਤ ਦੇ ਆਗਮਨ ਤੋਂ ਪਹਿਲਾਂ ਇੱਕ ਦੇਸ਼ ਵਾਸੀ ਜਾਂ ਨਜ਼ਦੀਕੀ ਰਿਸ਼ਤੇਦਾਰਾਂ ਨਾਲ ਸੁੱਖ-ਸਾਂਦ ਪੁੱਛਣ ਦਾ ਇਹੋ ਤਰੀਕਾ ਸੀ। ਰੋਬਰਟਸੰਨਜ਼ ਕਹਿੰਦਾ ਹੈ ਇਹ "ਰੱਬੀਆਂ ਦੇ ਲਈ ਰਸਮੀ ਪਰਨਾਮ ਸੀ।"[43] ਪਰ, ਨਿਸ਼ਚਤ ਤੌਰ ਤੇ ਦੁਨੀਆਂ ਦੇ ਇਸ ਭਾਗ ਵਿੱਚ ਇਹ ਸਿਰਫ ਰੱਬੀਆਂ ਤੱਕ ਹੀ ਸੀਮਿਤ ਨਹੀਂ ਸੀ।

ਪੌਲੁਸ ਅਤੇ ਪਤਰਸ ਇੱਕ "ਮਸੀਹੀ ਪਰਨਾਮ," ਦੀ ਸ਼ੁਰੂਆਤ ਨਹੀਂ ਕਰ ਰਹੇ ਸਨ, ਉਹ ਪਹਿਲਾਂ ਤੋਂ ਹੀ ਮੌਜੂਦ ਇੱਕ ਪਰਨਾਮ ਨੂੰ ਲੈ ਰਹੇ ਸਨ ਅਤੇ ਕਹਿ ਰਹੇ ਸਨ ਕਿ ਜਦੋਂ ਇੱਕ ਮਸੀਹੀ ਇਸ ਨੂੰ ਇਸਤੇਮਾਲ ਕਰੇ, ਤਾਂ ਉਸ ਨੂੰ ਇਸ ਗੱਲ ਨੂੰ ਯਕੀਨੀ ਬਣਾਉਣਾ ਚਾਹੀਦਾ ਹੈ ਕਿ ਇਹ "ਪਵਿੱਤਰ," ਜਾਂ ਗੰਭੀਰ, ਜਾਂ ਜਿਵੇਂ ਪਤਰਸ ਨੇ ਕਿਹਾ ਹੈ, "ਪ੍ਰੇਮ ਨਾਲ।" ਦੂਜੇ ਸ਼ਬਦਾਂ ਵਿੱਚ, ਉਨ੍ਹਾਂ ਨੂੰ ਇੱਕ ਭਾਈ ਦੇ ਸਾਹਮਣੇ ਉਸ ਦੇ ਨਾਲ ਦੋਸਤਾਨਾ ਅਤੇ ਦਿਆਲੂਤਾ ਵਿਵਹਾਰ ਕਰਨਾ, ਉਸ ਨੂੰ ਚੁੰਮਣਾ, ਅਤੇ ਫਿਰ ਉਸ ਦੀ ਪਿੱਠ ਪਿੱਛੇ ਉਸ ਦੇ ਬਾਰੇ ਨਾਕਾਰਤਮਕ ਗੱਲਾਂ ਕਰਨਾ ਨਹੀਂ ਹੈ। ਅਜਿਹਾ ਚੁੰਮਾ ਇੱਕ ਅਪਵਿੱਤ੍ਰ ਚੁੰਮਾ ਸੀ, ਜੋ ਉਸ ਦੇ ਨਾਲ ਮਿਲਦਾ-ਜੁਲਦਾ ਸੀ ਜੋ ਯਹੂਦਾਹ ਨੇ ਮਸੀਹ ਨੂੰ ਦਿੱਤਾ ਸੀ (ਮੱਤੀ 26:49)। ਮਾਊਂਟ ਮੌਰਿਸ ਨੇ ਲਿਖਿਆ ਕਿ "ਕਈਆਂ ਸਮਿਆਂ ਤੇ ਆਦਮੀ ਅਤੇ ਇਸਤਰੀਆਂ ਇੱਕ ਦੂਜੇ ਨੂੰ ਚੁੰਮਦੇ ਹਨ; ਜਾਹਿਰ ਤੌਰ ਤੇ ਇਹ ਬੁਰੇ ਦ੍ਰਿਸ਼ ਹੁੰਦੇ ਹਨ,"[44] ਸ਼ਾਇਦ ਇਸੇ ਗੱਲ ਨੇ ਪੌਲੁਸ ਦੇ ਲਈ ਇਸ ਗੱਲ ਨੂੰ ਬਹੁਤ ਹੀ ਜ਼ਰੂਰੀ ਕਰ ਦਿੱਤਾ ਕਿ ਜ਼ੋਰ ਦੇਵੇ ਕਿ ਹਰ ਇੱਕ ਚੁੰਮਾ ਪਵਿੱਤਰ ਹੋਣਾ ਚਾਹੀਦਾ ਹੈ।

ਪੌਲੁਸ ਨੇ ਕਿਹਾ ਕਿ ਉਹ ਉਸ ਦੇ ਲਈ **ਸਭਨਾਂ ਭਰਾਵਾਂ ਦੀ ਸੁਖ ਸਾਂਦ ਪੁੱਛੋ**। "ਸਾਰਿਆਂ" ਭਰਾਵਾਂ ਨੂੰ ਸੁਖ ਸਾਂਦ ਪੁੱਛਣੀ ਚਾਹੀਦੀ ਸੀ, ਇੱਥੋਂ ਤੱਕ ਕਿ ਉਨ੍ਹਾਂ ਨੂੰ ਵੀ ਜੋ ਨੈਤਿਕ ਤੌਰ ਤੇ ਢਿੱਲੇ ਸਨ (4:1) ਅਤੇ ਜੋ ਆਵਾਰਾਗਰਦ ਸਨ (4:1, 11, 12)। ਉਹ ਹੁਣ ਤੱਕ ਵੀ ਕਮਜ਼ੋਰਾਂ ਨੂੰ ਇਸ ਆਸ ਨਾਲ ਪਿਆਰ ਕਰਦਾ ਸੀ ਕਿ ਉਹ ਪਛਚਾਤਾਪ ਕਰਨਗੇ। ਹੋਰਨਾਂ ਬਹੁਤ ਸਾਰੇ ਬੰਦਾਂ ਵਿੱਚ, ਮਸੀਹੀਆਂ ਨੂੰ "ਇੱਕ ਦੂਜੇ ਨੂੰ" ਪਿਆਰ ਨਾਲ ਅਤੇ ਆਪਣੇ ਆਪ ਵੱਲੋਂ ਪਰਨਾਮ ਕਰਨ ਦੇ ਲਈ ਸਿਖਾਇਆ ਜਾਂਦਾ ਸੀ।

ਇਸ ਸਿੱਖਿਆ ਨੂੰ ਸਾਡੇ ਆਪਣੇ ਹੱਥ ਮਿਲਾਉਣ ਦੇ ਰਿਵਾਜ਼ ਤੇ ਲਾਗੂ ਕਰਨ ਦੇ ਨਾਲ, ਅਸੀਂ ਸਮਝ ਸਕਦੇ ਹਾਂ ਕਿ ਪੌਲੁਸ ਇੱਕ "ਪਵਿੱਤਰ" ਅਤੇ ਗੰਭੀਰ ਭਾਵ ਨਾਲ ਸੰਸਾਰਿਕ ਲੋਕਾਂ ਦੇ ਪਖੰਡ ਤੋਂ ਦੂਰ ਰਹਿ ਕੇ ਹੱਥ ਮਿਲਾਉਣ ਦੇ ਲਈ ਕਹਿ ਰਿਹਾ ਸੀ ਜੋ ਇੱਕ ਵਿਅਕਤੀ ਦੇ ਨਾਲ ਹੱਥ ਮਿਲਾਉਣ ਤੋਂ ਬਾਅਦ, ਅਕਸਰ, ਆਦਰਸ਼ ਰੂਪ ਵਿੱਚ "ਉਸ ਦੀ ਪਿੱਠ ਵਿੱਚ ਛੁਰਾ ਮਾਰਦੇ ਹਨ।"

**ਆਇਤ 27.** ਪੌਲੁਸ ਨੂੰ ਇੰਨੀ ਜ਼ਿਆਦਾ ਚਿੰਤਾ ਸੀ ਕਿ ਥੱਸਲੁਨੀਕੇ ਦੀ ਕਲੀਸਿਆ ਦਾ ਹਰ ਇੱਕ ਭਾਈ ਇਸ ਪੱਤ੍ਰੀ ਨੂੰ ਸੁਣੇ ਕਿ ਉਸ ਨੇ ਕਿਹਾ, **ਮੈਂ ਤੁਹਾਨੂੰ ਪ੍ਰਭੁ ਦੀ ਸੌਂਹ ਦਿੰਦਾ ਹਾਂ** ਇਸ ਨੂੰ ਪੜ੍ਹਣਾ। ਇਹ ਸਖਤ ਭਾਸ਼ਾ ਹੈ। ਪੌਲੁਸ ਨੇ ਅਵੱਸ਼ਕ ਤੌਰ ਤੇ ਕਿਹਾ, "ਮੈਂ ਤੁਹਾਨੂੰ ਇੱਕ

ਸਹੁੰ ਚੁਕਾਉਂਦਾ ਹਾਂ," ਜਾਂ ਪਵਿੱਤਰ ਫਰਜ਼ "ਪ੍ਰਭੂ ਦੇ ਦੁਆਰਾ," ਜਾਂ ਪ੍ਰਭੂ ਦੇ ਨਾਲ ਸਾਡੇ ਗਵਾਹ ਦੇ ਰੂਪ ਵਿੱਚ, ਜੋ ਤੁਹਾਨੂੰ ਇਹ ਧਿਆਨ ਰੱਖਣ ਦੇ ਲਈ ਬੰਨਦੀ ਹੈ ਕਿ ਸਾਰੇ ਭਾਈ ਇਸ ਪੱਤ੍ਰੀ ਨੂੰ ਸੁਣਨ। ਰੋਬਰਟਸਨੰਜ਼ ਦੇ ਅਨੁਸਾਰ, "ਸਹੁੰ ਚੁਕਾਉਣੀ," ἐνορκίζω (*ਐਨੋਰਕੀਜ਼ੋ*) "ਪੁਰਾਣੇ ਬਾਅਦ ਦੇ ਯੋਗ ὁρκίζω (*ਹੋਰਕੀਜ਼ੋ*) (ਮਰਕੁਸ 5:7), ਤੋਂ ਹੈ, ὁρκίζω (*horkizō*) (ਮਰਕੁਸ 5:7), ਕਿਸੇ ਨੂੰ ਸਹੁੰ ਪਾ ਦੇਣੀ।"[45] ਇੱਥੇ ਪੌਲੁਸ ਦੇ ਰਾਹੀਂ ਇਸਤੇਮਾਲ ਕੀਤੇ ਗਏ "ਤੁਹਾਨੂੰ" ਵਿੱਚ ਕਲੀਸਿਆ ਦਾ ਹਰ ਇੱਕ ਭਾਈ ਆਉਂਦਾ ਹੈ ਪਰ, ਜ਼ਾਹਿਰ ਤੌਰ ਤੇ, ਆਇਤ 12 ਵਿੱਚ ਉਲੇਖ ਕੀਤੇ ਗਏ ਆਗੂਆਂ ਤੇ ਹੋਰ ਵੀ ਭਾਰੀ ਜ਼ਿੰਮੇਵਾਰੀ ਹੋਵੇਗੀ।

ਪਰ ਇਹ ਸਪੱਸ਼ਟ ਜਾਪਦਾ ਹੈ ਕਿ ਇਹ ਲੋੜ ਕਿ ਹਰ ਇੱਕ ਭਾਈ ਦਾ ਇਸ ਪੱਤ੍ਰੀ ਦੇ ਨਾਲ ਇੱਕ ਵਿਅਕਤੀਗਤ ਸੰਪਰਕ ਹੋਣਾ ਪੌਲੁਸ ਦੇ ਲਈ ਬਹੁਤ ਹੀ ਮਹੱਤਵਪੂਰਣ ਸੀ। ਜਿਵੇਂ ਉਸ ਨੇ 1 ਕੁਰਿੰਥੀਆਂ 14:37 ਵਿੱਚ ਕਿਹਾ ਹੈ, ਜੋ ਉਹ ਉਨ੍ਹਾਂ ਨੂੰ ਲਿਖ ਰਿਹਾ ਸੀ ਉਹ "ਪ੍ਰਭੂ ਦਾ ਹੁਕਮ" ਸੀ, ਅਤੇ ਹਰ ਇੱਕ ਮਸੀਹੀ ਦੀ ਇਸ ਨੂੰ ਵਿਅਕਤੀਗਤ ਤੌਰ ਤੇ ਪੜ੍ਹਣ ਅਤੇ ਸੁਣਨ ਦੀ ਜ਼ਿੰਮੇਵਾਰੀ ਸੀ। ਇਹ ਪੱਤ੍ਰੀ ਨਵੇਂ ਨੇਮ ਦੀਆਂ ਸਭ ਤੋਂ ਪਹਿਲੀਆਂ ਪੱਤ੍ਰੀਆਂ ਵਿੱਚੋਂ ਇੱਕ ਹੈ, ਜੋ.ਈ. 51 ਦੇ ਆਸ–ਪਾਸ ਲਿਖੀ ਗਈ ਸੀ, ਅਤੇ ਇਸ ਨੇ ਇਸ ਸਿਧਾਂਤ ਤੇ ਜ਼ੋਰ ਦਿੱਤਾ, ਜਿਵੇਂ ਪਰਕਾਸ਼ ਦੀ ਪੋਥੀ ਵਿੱਚ ਹੈ, ਜੋ ਯੂਹੰਨਾ ਦੇ ਦੁਆਰਾ ਈ.ਪੂ. 100 ਦੇ ਆਸ-ਪਾਸ ਲਿਖੀ ਗਈ ਸੀ। ਅਸਲ ਵਿੱਚ, ਯੂਹੰਨਾ ਨੇ ਉਸ ਪੱਤ੍ਰੀ ਵਿੱਚ ਲਿਖਿਆ, "ਧੰਨ ਉਹ ਜਿਹੜਾ ਇਸ ਅਗੰਮ ਵਾਕ ਦੀਆਂ ਬਾਣੀਆਂ ਨੂੰ ਪੜ੍ਹਦਾ ਹੈ, ਨਾਲੇ ਓਹ ਜਿਹੜੇ ਸੁਣਦੇ ਹਨ" (ਪਰਕਾਸ਼ ਦੀ ਪੋਥੀ 1:3)। ਕੁਲੁੱਸੀਆਂ 4:16 ਵਿੱਚ, ਪੌਲੁਸ ਫਿਰ ਤੋਂ ਉਸ ਪੱਤ੍ਰੀ ਨੂੰ ਪੜਣ ਦਾ ਹੁਕਮ ਦਿੰਦਾ ਹੈ।

**ਪੜਣਾ** ਸ਼ਬਦ, ਜੋ ਪੌਲੁਸ ਨੇ ਇੱਥੇ ਇਸਤੇਮਾਲ ਕੀਤਾ ਸੀ, ਇੱਕ ਸ਼ਬਦ ਸੀ ਜਿਸ ਦਾ ਅਕਸਰ ਅਰਥ ਹੁੰਦਾ ਹੈ "ਸਰਵਜਨਕ ਤੌਰ ਤੇ ਪੜ੍ਹਣਾ।" ਹੋਵੇ ਜਾਂ ਨਾ ਹੋਵੇ ਇਸ ਦਾ ਅਰਥ ਹੈ ਕਿ ਇਸ ਪ੍ਰਸੰਗ ਵਿੱਚ ਇੱਕ ਖੁੱਲਾ ਸਵਾਲ ਹੈ। ਇਸ ਨੂੰ ਪੜ੍ਹਣ ਦੇ ਲਈ ਜਿਸ ਦਾ ਉਸ ਨੇ ਹੁਕਮ ਦਿੱਤਾ ਹੈ ਸਭ ਤੋਂ ਤਰਕਸੰਗਤ ਸਥਾਨ ਹਰ ਪ੍ਰਭੂ ਦੇ ਦਿਨ ਵਿੱਚ ਉਨ੍ਹਾਂ ਦੀਆਂ ਮਸੀਹੀ ਕਲੀਸਿਆਵਾਂ ਹਨ। ਪੌਲੁਸ ਇਸ ਗੱਲ ਨੂੰ ਜ਼ਰੂਰੀ ਬਣਾਉਣਾ ਚਾਹੁੰਦਾ ਸੀ ਕਿ ਉਹ ਭਾਈ ਜੋ ਅਵਾਰਾਗਰਦੀ ਕਰ ਰਹੇ ਸਨ (4:11, 12) ਇਸ ਨੂੰ ਸੁਣਨ, ਅਤੇ ਉਹ ਜੋ ਨੈਤਿਕ ਤੌਰ ਤੇ ਸੁਸਤ ਸਨ (4:1–8) ਇਸ ਦੇ ਸੰਪਰਕ ਵਿੱਚ ਆ ਸਕਣ। ਉਹ ਸ਼ਬਦ ਜੋ ਲਿਖੇ ਗਏ ਸਨ ਉਹ ਉਨ੍ਹਾਂ ਦੀਆਂ ਸਮੱਸਿਆਵਾਂ ਦੇ ਲਈ ਪਵਿੱਤਰ ਆਤਮਾ ਦਾ ਉਪਾਓ ਸਨ, ਅਤੇ ਉਹ ਚਾਹੁੰਦਾ ਸੀ ਕਿ ਉਹ ਪਵਿੱਤਰ ਆਤਮਾ ਦੇ ਆਪਣੇ ਸ਼ਬਦ ਸੁਣਨ ਬਜਾਇ ਇਸ ਦੇ ਕਿ ਸੰਭਵ ਤੌਰ ਤੇ ਇੱਕ ਗਲਤ ਸੰਸਕਰਣ ਪ੍ਰਾਪਤ ਕਰ ਲੈਣ, ਜਿਵੇਂ ਪੌਲੁਸ ਦੇ ਦਿਨਾਂ ਵਿੱਚ ਸੀ (2 ਥੱਸਲੁਨੀਕੀਆਂ 2:2; 3:17)। ਅੱਜ ਵੀ ਪਰਮੇਸ਼ੁਰ ਦੇ ਵਚਨ ਗਲਤ ਸਾਬਤ ਕੀਤਾ।

**ਆਇਤ 28.** ਇਹ ਬੰਦ ਕਰਨ ਦੀ ਪ੍ਰਾਰਥਨਾ ਦੇ ਵਾਂਗ ਹੈ ਜਿਸ ਦੇ ਨਾਲ ਪੌਲੁਸ ਆਮ ਤੌਰ ਤੇ ਆਪਣੀਆਂ ਪੱਤ੍ਰੀਆਂ ਦਾ ਸਿੱਟਾ ਕੱਢਦਾ ਹੁੰਦਾ ਸੀ। ਅਸਲ ਵਿੱਚ, 2 ਕੁਰਿੰਥੀਆਂ 13:14 ਵਿੱਚ ਉਹ ਕਹਿੰਦਾ ਹੈ, "ਪ੍ਰਭੂ ਯਿਸੂ ਮਸੀਹ ਦੀ ਕਿਰਪਾ, ਪਰਮੇਸ਼ੁਰ ਦਾ ਪ੍ਰੇਮ ਅਤੇ ਪਵਿੱਤਰ ਆਤਮਾ ਦੀ ਸੰਗਤ ਤੁਸਾਂ ਸਭਨਾਂ ਦੇ ਨਾਲ ਹੋਵੇ।" ਉਸ ਨੇ ਪ੍ਰਾਰਥਨਾ ਕੀਤੀ ਕਿ ਥੱਸਲੁਨੀਕੇ ਦੇ ਲੋਕਾਂ ਨੂੰ ਉਹ ਸਾਰੀਆਂ ਆਸ਼ਿਸ਼ਾਂ ਪ੍ਰਾਪਤ ਹੋਣ ਜੋ ਮਸੀਹ, ਆਪਣੀ ਪ੍ਰੇਮ ਭਰੀ ਕਿਰਪਾ ਦੇ ਨਾਲ ਪ੍ਰਦਾਨ ਕਰਦਾ ਹੈ।

ਬੁਨਿਆਦੀ ਤੌਰ ਤੇ, **ਕਿਰਪਾ** (χάρις, *ਚਾਰਿਸ,* "ਕਿਰਪਾ," "ਦਯਾ," ਜਾਂ "ਸੁਨਾਮ") ਹੈ ਜੋ ਅਨੰਦ ਦਾ ਕਾਰਣ ਬਣਦੀ ਹੈ। ਇਹ ਅਨੰਦ ਪਰਮੇਸ਼ੁਰ ਦੇ ਦੁਆਰਾ ਉਹ ਚੀਜ਼ਾਂ ਮੁਹੱਈਆ ਕਰਵਾਉਣ ਦੇ ਦੁਆਰਾ ਆਉਂਦੀ ਹੈ ਜਿਨ੍ਹਾਂ ਦੇ ਅਸੀਂ ਲਾਇਕ ਨਹੀਂ ਹਾਂ, ਜਾਂ ਜਿਨ੍ਹਾਂ ਨੂੰ ਪ੍ਰਾਪਤ ਕਰ ਸਕਣ ਦੀ ਸਾਡੇ ਅੰਦਰ ਯੋਗਤਾ ਨਹੀਂ ਹੈ। ਯਕੀਨੀ ਤੌਰ ਤੇ ਪੌਲੁਸ ਨੇ ਆਪਣੀ ਤੇਜ਼ ਜਾਗਰੁਕਤਾ ਦੇ ਕਾਰਣ ਕਿ ਉਹ ਨੇ ਮਸੀਹੀਆਂ ਨੂੰ ਸਤਾਉਣ ਦੇ ਦੁਆਰਾ ਪਾਪ ਕੀਤਾ ਸੀ ਪਰਮੇਸ਼ੁਰ ਦੀ ਕਿਰਪਾ ਦੇ ਵਿਸ਼ੇ ਵਿੱਚ ਇੰਨੀ ਗੱਲ ਕੀਤੀ ਹੈ। ਭਾਵੇਂ ਉਹ "ਮਹਾਂ ਪਾਪੀ" ਸੀ (1 ਤਿਮੋਥਿਉਸ 1:15; NIV), ਪਰ ਉਸ ਨੇ ਕਿਰਪਾ ਪ੍ਰਾਪਤ ਕੀਤੀ ਅਤੇ ਇੱਥੋਂ ਤੱਕ ਕਿ ਉਹ ਪਰਮੇਸ਼ੁਰ ਦੇ ਦੁਆਰਾ ਚੁਣਿਆ ਗਿਆ ਕਿ ਦੂਜਿਆਂ ਨੂੰ ਉਸ ਦਾ ਸੰਦੇਸ਼ ਸੁਣਾਵੇ। ਇਸ ਪ੍ਰਕਾਰ ਦੀ ਕਿਰਪਾ, ਜ਼ਾਹਿਰ ਤੌਰ ਤੇ, ਉਨ੍ਹਾਂ ਪਾਪੀਆਂ ਨੂੰ ਪ੍ਰਦਾਨ ਕੀਤੀ ਜਾਂਦੀ ਹੈ ਜੋ ਵਿਸ਼ਵਾਸ ਅਤੇ ਆਗਿਆਕਾਰੀ ਕਰਦੇ ਹਨ। ਇਹ ਸਾਡੇ **ਪ੍ਰਭੂ ਯਿਸੂ ਮਸੀਹ** ਦੇ ਰਾਹੀਂ ਪ੍ਰਦਾਨ ਕੀਤੀ ਜਾਂਦੀ ਹੈ, ਜੋ ਇਕੱਲਾ ਰਾਹ, ਸੱਚ, ਅਤੇ ਜੀਵਨ ਹੈ। ਅਸਲ ਵਿੱਚ, ਕੋਈ ਵੀ ਯਿਸੂ ਦੇ ਵਸੀਲੇ ਬਿਨਾਂ ਪਿਤਾ ਦੇ ਕੋਲ ਨਹੀਂ ਆਉਂਦਾ (ਯੂਹੰਨਾ 14:6)। ਵਿਲੀਅਮਜ਼ ਨੇ ਨੋਟ ਕੀਤਾ,

> ਪੌਲੁਸ ਕਿਰਪਾ ਨੂੰ ਖਾਸ ਤੌਰ ਤੇ ਪ੍ਰਭੂ ਯਿਸੂ ਦੇ ਨਾਲ ਜੋੜਦਾ ਹੈ (2 ਥੱਸਲੁਨੀਕੀਆਂ 1:2, 12; 2:16; 3:18)। ਰਸਮੀ ਤੌਰ ਤੇ ਆਪਣੇ ਪੱਤਰ ਟਾਇਪ ਕਰਨ ਇੱਕ ਲਿਪੀਕਾਰ ਨੂੰ ਨੌਕਰੀ ਤੇ ਰੱਖਿਆ ਸੀ, ਪਰ ਇਸ ਬਿੰਦੂ ਤੇ ਆ ਕੇ ਉਹ ਖੁਦ ਕਲਮ ਫੜ ਕੇ ਅੰਤਿਮ ਸ਼ਬਦ ਆਪਣੇ ਖੁਦ ਦੇ ਹੱਥਾਂ ਦੇ ਨਾਲ ਲਿਖਦਾ ਸੀ (ਤੁਲਨਾ ਕਰਕੇ ਵੇਖੋ 2 ਥੱਸਲੁਨੀਕੀਆਂ 3:17; ਗਲਾਤੀਆਂ 6:11)। ਆਇਤ 27 ਦਾ ਪਹਿਲਾ ਪੁਰਖ ਇਕ ਵਚਨ ਸ਼ਾਇਦ ਉਸ ਬਦਲਾਅ ਦਾ ਸੰਕੇਤ ਹੈ।[46]

ਪੌਲੁਸ ਕਦੀ ਵੀ ਇਸ ਤੱਥ ਤੇ ਮੋਹਿਤ ਹੋਣ ਤੋਂ ਢਿੱਲਾ ਨਹੀਂ ਪਿਆ ਕਿ ਪਰਮੇਸ਼ੁਰ ਉਸ ਦੇ ਵਰਗੇ ਘ੍ਰਿਣਾ ਯੋਗ ਵਿਅਕਤੀ ਨੂੰ ਲੈ ਸਕਦਾ ਹੈ ਅਤੇ ਉਸ ਨੂੰ ਆਪਣਾ "ਪਰਮੇਸ਼ੁਰ ਦਾ ਮੁਫਤ ਵਰਦਾਨ," ਜੋ ਅਨੰਤ ਜੀਵਨ ਹੈ ਪ੍ਰਦਾਨ ਕਰ ਸਕਦਾ ਸੀ (ਰੋਮੀਆਂ 6:23)। ਉਸ ਨੇ ਪ੍ਰਾਰਥਨਾ ਕੀਤੀ ਕਿ ਉਹੀ ਕਿਰਪਾ ਥੱਸਲੁਨੀਕੇ ਦੇ ਮਨ ਪਰਿਵਰਤਨ ਕੀਤੇ ਹੋਏ ਲੋਕਾਂ **ਉੱਤੇ** ਹੋਵੇ।

ਜੇਮਸ ਡੈਨੀ ਨੇ ਕਿਹਾ,

> ਜੋ ਕੁੱਝ ਵੀ ਪਰਮੇਸ਼ੁਰ ਨੇ ਸਾਨੂੰ ਕਹਿਣਾ ਹੈ—ਅਤੇ ਨਵੇਂ ਨੇਮ ਦੇ ਸਾਰੀਆਂ ਪੱਤ੍ਰੀਆਂ ਸਾਨੂੰ ਜੋ ਦਿਲ ਦੀ ਜਾਂਚ ਕਰਦੇ ਅਤੇ ਇਸ ਨੂੰ ਹਿਲਾਉਂਦੇ ਹਨ-ਕਿਰਪਾ ਦੇ ਨਾਲ ਸ਼ੁਰੂ ਅਤੇ ਕਿਰਪਾ ਖਤਮ ਹੁੰਦੇ ਹਨ . . . । ਸਭ ਕੁਝ ਜੋ ਪਰਮੇਸ਼ੁਰ ਨੇ ਯਿਸੂ ਮਸੀਹ ਦੇ ਵਿੱਚ ਹੋ ਕੇ ਮਨੁੱਖ ਦੇ ਲਈ ਕੀਤਾ ਸਭ ਕੁਝ ਇਸ ਦੇ ਵਿੱਚ ਵਿਅਕਤ ਕੀਤਾ ਜਾਂਦਾ ਹੈ: ਉਸ ਦੀ ਸਾਰੀ ਨਿਮਰਤਾ ਅਤੇ ਸੁੰਦਰਤਾ, ਉਸ ਦੀ ਸਾਰੀ ਕੋਮਲਤਾ ਅਤੇ ਧੀਰਜ, ਉਸ ਦੇ ਪਿਆਰ ਦਾ ਸਾਰਾ ਪਵਿੱਤਰ ਜਨੂਨ, ਕਿਰਪਾ ਦੇ ਵਿੱਚ ਇਕੱਠਾ ਕੀਤਾ ਜਾਂਦਾ ਹੈ। ਇਸ ਤੋਂ ਵੱਧ ਕੇ ਇੱਕ ਰੂਹ ਹੋਰ ਕੀ ਚਾਹਤ ਕਰ ਸਕਦੀ ਹੈ ਕਿ ਇਸ ਦੇ ਨਾਲ ਹੋਣੀ ਚਾਹੀਦੀ ਹੈ?[47]

# ਪ੍ਰਾਸੰਗਿਕਤਾ

ਇਸ ਅਧਿਆਇ ਵਿੱਚ, ਪੌਲੁਸ ਨੇ ਸਿਧਾਂਨਕ ਸਿੱਖਿਆ ਦੇ ਅਮਲੀ ਕਾਰਜ ਨੂੰ ਨਿਰੰਤਰ ਜਾਰੀ ਰੱਖਿਆ ਜੋ ਉਸ ਨੇ ਪੱਤ੍ਰੀ ਦੀ ਸ਼ੁਰੂਆਤ ਦੇ ਵਿੱਚ ਪੇਸ਼ ਕੀਤਾ ਸੀ।

ਅਧਿਆਇ 4 ਦੇ ਆਖਰੀ ਪੈਰੇ ਵਿੱਚ, ਪੌਲੁਸ ਨੇ ਇਸ ਗੱਲ ਤੇ ਜ਼ੋਰ ਦਿੱਤਾ ਕਿ ਮਸੀਹ ਵਿੱਚ ਹੋ ਕੇ ਮਰੇ ਹੋਇਆਂ ਨੂੰ ਮਸੀਹ ਦੀ ਆਮਦ ਦੇ ਸਮੇਂ ਬਾਹਰ ਛੱਡ ਦਿੱਤਾ ਨਹੀਂ ਜਾਵੇਗਾ। ਇਸ ਲਈ, ਇਸ ਅਧਿਆਇ ਦੇ ਪਹਿਲੇ ਹਿੱਸੇ ਵਿੱਚ, ਉਸ ਨੇ ਉਸ ਦੇ ਆਉਣ ਦੇ ਸਮੇਂ ਬਾਰੇ ਅਤੇ ਮਸੀਹੀ ਜੀਵਨ ਉੱਤੇ ਇਸ ਦਾ ਕੀ ਪ੍ਰਭਾਵ ਹੋਵੇਗਾ ਉਸ ਦੇ ਵਿਸ਼ੇ ਵਿੱਚ ਗੱਲ ਕਰਨੀ ਸ਼ੁਰੂ ਕੀਤੀ ਸੀ।

**ਯਿਸੂ ਕਦੋਂ ਆਵੇਗਾ? (5:1-3)**

ਪੌਲੁਸ ਦੀ ਪਿਛਲੀ ਚਰਚਾ ਦੇ ਮਨ ਵਿੱਚ ਹੁੰਦਿਆਂ ਹੋਇਆ, ਇਹ ਪੁੱਛਣਾ ਸੁਭਾਵਿਕ ਹੈ, "ਪ੍ਰਭੂ ਕਦੋਂ ਆਵੇਗਾ?" ਪੌਲੁਸ ਨੇ ਇਸ ਦਾ ਉੱਤਰ ਦਿੱਤੇ ਬਿਨਾਂ ਇਸ ਪ੍ਰਸ਼ਨ ਨੂੰ ਲੰਘ ਜਾਣ ਦਿੱਤਾ, ਕਿਉਂਕਿ ਉਸ ਨੇ ਪਹਿਲਾਂ ਤੋਂ ਹੀ ਥੱਸਲੁਨੀਕੇ ਦੇ ਲੋਕਾਂ ਨੂੰ ਇਸ ਦੇ ਬਾਰੇ ਜਾਣਕਾਰੀ ਦੇ ਦਿੱਤੀ ਸੀ। ਬੇਸ਼ੱਕ, ਚਰਚ ਦੇ ਸਥਾਪਤ ਕੀਤੇ ਜਾਣ ਦੇ ਨਾਲ ਹੀ ਇਸ ਸੱਚਾਈ ਨੂੰ ਉਨ੍ਹਾਂ ਦੇ ਸਾਹਮਣੇ ਪ੍ਰਚਾਰਿਤ ਕੀਤਾ ਗਿਆ ਸੀ। ਉਸ ਨੇ ਕਿਹਾ ਕਿ ਉਹ ਪ੍ਰਭੂ ਦੇ ਆਉਣ ਦੇ ਸਮੇਂ ਨੂੰ ਚੰਗੀ ਤਰ੍ਹਾਂ ਜਾਣਦੇ ਹਨ। ਥੱਸਲੁਨੀਕੇ ਦੇ ਲੋਕ ਇਸ ਲਈ ਜਾਣਦੇ ਸਨ ਕਿਉਂਕਿ ਪੌਲੁਸ ਨੇ ਇਸ ਦਾ ਪ੍ਰਚਾਰ ਉਨ੍ਹਾਂ ਦੇ ਸਾਹਮਣੇ ਕੀਤਾ ਸੀ।

ਪੌਲੁਸ ਨੇ ਉਸ ਦੇ ਆਉਣ ਦੇ ਬਾਰੇ ਇੱਕ ਜ਼ਰੂਰੀ ਸੱਚਾਈ ਨੂੰ ਵਿਅਕਤ ਕਰਨ ਦੇ ਲਈ ਇੱਕ ਚੋਰ ਦੇ ਆਉਣ ਦੀ ਉਦਾਹਰਣ ਨੂੰ ਇਸਤੇਮਾਲ ਕੀਤਾ ਸੀ। ਉਸ ਦੀ ਮਿਸਾਲ ਅਚਨਚੇਤਤਾ ਅਤੇ ਆਕਸਮਿਕਤਾ ਦਾ ਸੁਝਾਅ ਦਿੰਦੀ ਹੈ। ਇਸ ਸੱਚਾਈ ਤੋਂ ਇਲਾਵਾ ਅਸੀਂ ਹੋਰ ਕੋਈ ਚਿੰਨ੍ਹ ਜਾਂ ਆਗਾਮੀ ਚੇਤਾਵਨੀਆਂ ਪ੍ਰਾਪਤ ਨਹੀਂ ਕਰਾਂਗੇ ਕਿ ਉਹ ਕਿਸੇ ਵੀ ਸਮੇਂ ਆ ਸਕਦਾ ਹੈ।

ਇਸ ਗੱਲ ਨੂੰ ਵੇਖਦੇ ਹੋਏ ਕਿ ਮਸੀਹ ਇਸ ਤਰ੍ਹਾਂ ਆਵੇਗਾ ਜਿਵੇਂ ਰਾਤ ਨੂੰ ਚੋਰ, ਸਾਨੂੰ ਕਿਸ ਪ੍ਰਕਾਰ ਦਾ ਜੀਵਨ ਜੀਉਣਾ ਚਾਹੀਦਾ ਹੈ?

*ਤਿਆਰੀ ਦੀ ਹਾਲਤ ਵਿੱਚ।* ਸਾਨੂੰ ਹਰ ਸਮੇਂ ਤਿਆਰ ਰਹਿਣਾ ਚਾਹੀਦਾ ਹੈ। ਪਰਮੇਸ਼ੁਰ ਸਾਨੂੰ ਮਸੀਹ ਦੇ ਆਉਣ ਦੇ ਸਮੇਂ ਦਾ ਗਿਆਨ ਦੇਣ ਦੇ ਕੇ ਇੱਕ ਸੁਰੱਖਿਆ ਕਵਚ ਪਹਿਨਾਉਣ ਦੇ ਦੁਆਰਾ ਆਪਣੀ ਮਹਾਨ ਬੁੱਧ ਨੂੰ ਪਰਗਟ ਕੀਤਾ ਹੈ। ਜੇਕਰ ਸਾਨੂੰ ਪੱਕਾ ਪਤਾ ਹੁੰਦਾ, ਤਾਂ ਉਸ ਦੀ ਕਿਰਪਾ ਦਾ ਲਾਭ ਚੁੱਕਣ ਦੇ ਲਈ ਅਸੀਂ ਪਰਖੇ ਜਾ ਸਕਦੇ ਸਾਂ। ਉਹ ਚਾਹੁੰਦਾ ਹੈ ਕਿ ਅਸੀਂ ਮੁਸਾਫਰਾਂ ਦੇ ਵਾਂਗ ਦੇ ਵਾਂਗ ਜੀਵਨ ਗੁਜ਼ਾਰੀਏ ਜੋ ਇਸ ਸੰਸਾਰ ਵਿੱਚੋਂ ਲੰਘ ਰਹੇ ਹਨ ਅਤੇ ਉਨ੍ਹਾਂ ਨੂੰ ਇਹ ਪਤਾ ਹੁੰਦਾ ਹੈ ਕਿ ਕੋਈ ਵੀ ਦਿਨ ਸਾਡਾ ਆਖਰੀ ਦਿਨ ਹੋ ਸਕਦਾ ਹੈ।

*ਚੀਜ਼ਾਂ ਦੀ ਸਥਿਤੀ ਦੇ ਵਿਸ਼ੇ ਵਿੱਚ ਸੰਸਾਰ ਦੇ ਦੁਆਰਾ ਦਿੱਤੀ ਗਈ ਕਿਸੇ ਵੀ ਪੁਸ਼ਟੀ ਨੂੰ ਨਜ਼ਰਅੰਦਾਜ਼ ਕਰਨਾ।* ਲੋਕ ਕਹਿ ਰਹੇ ਹਨ, "ਅਸੀਂ ਸ਼ਾਂਤੀ ਵਿੱਚ ਹਾਂ ਅਤੇ ਸਾਨੂੰ ਕਿਸੇ ਵੀ ਗੱਲ ਦੇ ਬਾਰੇ ਚਿੰਤਾ ਕਰਨ ਦੀ ਕੋਈ ਲੋੜ ਨਹੀਂ ਹੈ। ਕੁਝ ਵੀ ਅਸਧਾਰਣ ਵਾਪਰਣ ਵਾਲਾ ਨਹੀਂ ਹੈ!" ਅਸੀਂ ਜਾਣਦੇ ਹਾਂ ਕਿ ਉਨ੍ਹਾਂ ਦੀਆਂ ਘੋਸ਼ਣਾਵਾਂ ਸੱਚਾਈ ਨੂੰ ਪੈਦਾ ਨਹੀਂ ਕਰਦੀਆਂ ਹਨ। ਜੋ ਕੁੱਝ ਵੀ ਉਹ ਕਹਿੰਦੇ ਹਨ ਸਾਨੂੰ ਉਸ ਦਾ ਉਲੰਘਣ ਕਰਨਾ ਚਾਹੀਦਾ ਹੈ ਕਿਉਂਕਿ

ਅਸੀਂ ਜਾਣਦੇ ਹਾਂ ਕਿ ਕਿਸੇ ਵੀ ਦਿਨ ਅੰਤ ਆ ਸਕਦਾ ਹੈ।

*"ਜੇਕਰ ਪਰਮੇਸ਼ੁਰ ਨੇ ਚਾਹਿਆ" ਕਹਿਣ ਤੋਂ ਬਿਨਾਂ ਕੋਈ ਵੀ ਲੰਬੀ ਯੋਜਨਾ ਨਾ ਬਣਾਓ।* ਸਾਡੇ ਕੋਲ ਅਗਲੇ ਦਿਨ ਜਾਂ ਇੱਥੋਂ ਤੱਕ ਕਿ ਅਗਲੇ ਮਿੰਟ ਦਾ ਵਾਇਦਾ ਵੀ ਨਹੀਂ ਹੈ। ਯਿਸੂ ਨੇ ਵਾਇਦਾ ਕੀਤਾ ਹੈ ਕਿ ਉਹ ਵਾਪਸ ਆਵੇਗਾ (ਯੂਹੰਨਾ 14:1–3), ਪਰ ਉਸ ਨੇ ਆਪਣੇ ਆਉਣ ਦੇ ਸਮੇਂ ਨੂੰ ਗੁਪਤ ਰੱਖ ਛੱਡਿਆ ਹੈ। ਉਸ ਦੇ ਆਉਣ ਦੀ ਅਚਨਚੇਤਤਾ ਅਤੇ ਆਕਸਮਿਕਤਾ ਦੇ ਵਿਸ਼ੇ ਵਿੱਚ ਦੋ ਮਿਸਾਲਾਂ ਇਸਤੇਮਾਲ ਕੀਤੀਆਂ ਗਈਆਂ ਹਨ: ਇੱਕ ਰਾਤ ਨੂੰ ਆਉਣ ਵਾਲਾ ਚੋਰ ਅਤੇ ਇੱਕ ਗਰਭਵਤੀ ਇਸਤਰੀ ਦੀਆਂ ਜਣਨ ਦੀਆਂ ਪੀੜਾਂ। ਇਨ੍ਹਾਂ ਚਿੱਤਰਾਂ ਨੇ ਸਾਫ ਐਲਾਨ ਕੀਤਾ ਹੈ ਕਿ ਯਿਸੂ ਕਿਸੇ ਵੀ ਸਮੇਂ ਆ ਸਕਦਾ ਹੈ।

ਫਿਰ ਸਾਨੂੰ ਕਿਸ ਪ੍ਰਕਾਰ ਜਿਉਣਾ ਚਾਹੀਦਾ ਹੈ? ਅਸੀਂ ਇਸ ਸੰਸਾਰ ਵਿੱਚ ਮੁਸਾਫਰਾਂ ਦੇ ਵਾਂਗ ਹੋਣਾ ਚਾਹੀਦਾ ਹੈ, ਹਰ ਸਮੇਂ ਸਾਨੂੰ ਆਪਣੇ ਮੁਕਤੀਦਾਤੇ ਦੇ ਵਾਪਸ ਆਉਣ ਦੀ ਉਡੀਕ ਵਿੱਚ ਰਹਿਣਾ ਚਾਹੀਦਾ ਹੈ। ਸਾਨੂੰ ਇਸ ਪ੍ਰਕਾਰ ਜੀਉਣਾ ਚਾਹੀਦਾ ਹੈ "ਜਿਵੇਂ ਯਿਸੂ ਕਲ ਮਰਿਆ ਸੀ, ਅੱਜ ਸਵੇਰੇ ਜੀ ਉੱਠਿਆ ਸੀ, ਅਤੇ ਅੱਜ ਰਾਤ ਵਾਪਸ ਆ ਰਿਹਾ ਹੈ।" EC

## ਅੰਤ ਦੇ ਸਮੇਂ ਦੀ ਉਡੀਕ ਕਰਨ (5:1-3)

ਇਹ ਦੋ ਉਦਾਹਰਣਾਂ (ਚੋਰ ਦਾ ਅਚਾਨਕ ਆਉਣਾ ਅਤੇ ਇੱਕ ਗਰਭਵਤੀ ਇਸਤਰੀ ਤੇ ਜਣਨ ਦੀਆਂ ਪੀੜਾਂ ਦਾ ਆਉਣਾ) ਯਿਸੂ ਦੇ ਆਉਣ ਦੇ ਬਾਰੇ ਦੋ ਵੱਖ ਵੱਖ ਸੱਚਾਈਆਂ ਤੇ ਜ਼ੋਰ ਦਿੰਦੀਆਂ ਹਨ। ਉਹ ਸ਼ਾਇਦ ਉਨ੍ਹਾਂ ਦੋ ਸੱਚਾਈਆਂ ਤੇ ਜ਼ੋਰ ਦਿੰਦਾ ਹੈ ਜੋ ਅਸੀਂ ਉਸ ਦੇ ਆਉਣ ਦੇ ਵਿਸ਼ੇ ਵਿੱਚ ਜਾਣ ਸਕਦੇ ਹਾਂ।

*ਉਸ ਦੇ ਆਉਣ ਦੀ ਅਚਨਚੇਤਤਾ।* ਜੇਕਰ ਸਾਨੂੰ ਪਤਾ ਹੁੰਦਾ ਕਿ ਚੋਰ ਆ ਰਿਹਾ ਸੀ, ਤਾਂ ਅਸੀਂ ਉਸ ਦੇ ਲਈ ਤਿਆਰ ਰਹਿੰਦੇ। ਜ਼ਾਹਿਰ ਹੈ, ਕਿ ਇਹ ਮਿਸਾਲ ਉਸ ਦੇ ਆਉਣ ਦੀ ਅਨਿਸ਼ਚਤਤਾ ਨੂੰ ਦਰਸਾਉਣ ਦੇ ਲਈ ਵਰਤੀ ਗਈ ਸੀ।

*ਉਸ ਦਾ ਆਉਣਾ ਲਾਜ਼ਮੀ।* ਇੱਕ ਗਰਭਵਤੀ ਇਸਤਰੀ ਨੂੰ ਇਕਦਮ ਜਨਣ ਦੀਆਂ ਪੀੜਾਂ ਹੋਣੀਆਂ ਸ਼ੁਰੂ ਹੋ ਜਾਂਦੀਆਂ ਹਨ। ਉਸ ਨੂੰ ਪਤਾ ਸੀ ਕਿ ਜਨਣ ਦਾ ਆ ਜਾਵੇਗਾ। ਜਣੇਪਾ ਲਾਜ਼ਮੀ ਹੈ। ਇੱਕ ਚੋਰ ਦੀ ਉਦਾਹਰਣ ਅਚਾਨਕਤਾ ਨੂੰ ਦਰਸਾਉਂਦੀ ਹੈ, ਪਰ ਇਹ ਮਿਸਾਲ ਲਾਜ਼ਮੀ ਹੋਣ ਨੂੰ ਦਰਸਾਉਂਦੀ ਹੈ।

ਮਸੀਹ ਦੇ ਆਉਣ ਦੇ ਸਮੇਂ ਵਿੱਚ ਵੀ ਅਜਿਹਾ ਹੋਵੇਗਾ। ਸ਼ਾਇਦ ਸੰਸਾਰ ਕਹੇ ਕਿ ਸਭ ਕੁਝ ਠੀਕ ਹੈ ਕੁਝ ਵੀ ਨਹੀਂ ਬਦਲੇਗਾ, ਪਰ ਉਹ ਗਲਤ ਹਨ। ਜਦੋਂ ਉਹ ਕਹਿ ਰਹੇ ਹਨ, "ਸ਼ਾਂਤੀ ਅਤੇ ਸੁਰੱਖਿਆ!" ਅਚਾਨਕ ਵਿਨਾਸ਼ ਉਸ ਤੇ ਆਣ ਪਵੇਗਾ।

ਯਿਸੂ ਦੇ ਆਉਣ ਦੀ ਤਿਆਰੀ ਦੇ ਲਈ ਸਾਨੂੰ ਦੋ ਮਿਸਾਲਾਂ ਦੀ ਲੋੜ ਹੁੰਦੀ ਹੈ। ਬਾਈਬਲ ਦੀ, ਮਸੀਹ ਦੀ ਵਾਪਸੀ ਦੀ ਸੰਤੁਲਿਤ ਰਾਇ ਇਹ ਹੈ ਕਿ ਉਹ ਜ਼ਰੂਰ ਆਵੇਗਾ, ਪਰ ਕੋਈ ਵੀ ਉਸ ਦੇ ਆਉਣ ਦੇ ਸਮੇਂ ਨੂੰ ਜਾਣਦਾ ਨਹੀਂ ਹੈ। ਇੱਥੇ ਸਾਡੇ ਸਾਹਮਣੇ ਉਸ ਦੇ ਆਉਣ ਦੀਆਂ ਨਿਸ਼ਚਤਾ ਅਤੇ ਅਨਿਸ਼ਚਤਾ ਹੈ। EC

## "ਉਹ ਦਿਨ" (5:1-3)

"ਪ੍ਰਭੂ ਦਾ ਦਿਨ" ਸ਼ਬਦ ਪੁਰਾਣੇ ਨੇਮ ਵਿੱਚ ਕਈ ਵਾਰ ਮਿਲਦੇ ਹਨ। ਨਵੇਂ ਨੇਮ ਤੋਂ ਪਹਿਲਾਂ ਇਹ ਉਸ ਹਰੇਕ ਦਿਨ ਦੀ ਗੱਲ ਕਰਦਾ ਸੀ ਜਿਸ ਦਿਨ ਪਰਮੇਸ਼ਰ ਕੌਮਾਂ, ਨਗਰਾਂ,

ਜਾਂ ਲੋਕਾਂ ਉੱਤੇ ਨਿਆਂ ਜਾਂ ਵਿਸ਼ੇਸ਼ ਅਸੀਸਾਂ ਲੈ ਕੇ ਆਉਂਦਾ ਸੀ। ਇਹ ਪਰਮੇਸ਼ਰ ਦੁਆਰਾ ਕਿਸੇ ਨਗਰ ਦੇ ਨਾਸ ਕੀਤੇ ਜਾਣ ਜਾਂ ਆਪਣੇ ਲੋਕਾਂ ਨੂੰ ਸੁਧਾਰੇ ਜਾਣ ਵੱਲ ਵੀ ਸੰਕੇਤ ਕਰਦਾ ਸੀ। ਜਿਸ ਭਾਵ ਦੀ ਵਰਤੋਂ ਪੌਲੁਸ ਨੇ ਕੀਤੀ, ਉਸ ਦਾ ਪਿਛੋਕੜ ਪੁਰਾਣੇ ਨੇਮ ਵਿੱਚ ਮਿਲਦਾ ਹੈ।

ਪਰ ਆਇਤ 2 ਵਿੱਚ ਪੌਲੁਸ ਦਿਨਾਂ ਦੇ ਦਿਨ, ਸਮੇਂ ਦੇ ਅੰਤਮ ਦਿਨ ਅਤੇ ਸੰਸਾਰ ਦੇ ਅੰਤ ਬਾਰੇ ਲਿਖ ਰਿਹਾ ਸੀ। ਇਸ ਵਿਸ਼ੇਸ਼ ਦਿਨ ਦਾ ਜ਼ਿਕਰ ਨਵੇਂ ਨੇਮ ਵਿੱਚ ਵੱਖ-ਵੱਖ ਤਰ੍ਹਾਂ ਨਾਲ ਕੀਤਾ ਗਿਆ ਹੈ। ਇਨ੍ਹਾਂ ਤਰੀਕਿਆਂ ਉੱਤੇ ਗੌਰ ਕਰਕੇ ਇਸ ਦਿਨ ਦਾ ਸਹੀ ਦ੍ਰਿਸ਼ਟੀਕੋਣ ਹਾਸਿਲ ਕਰਨ ਵਿੱਚ ਸਾਨੂੰ ਮਦਦ ਮਿਲੇਗੀ।

*ਇਸ ਦਾ ਸੰਬੰਧ ਪ੍ਰਭੂ ਦੇ ਨਾਲ ਹੋਣ ਕਰਕੇ ਇਹ "ਪ੍ਰਭੂ ਦਾ ਦਿਨ" ਹੋਵੇਗਾ।* ਪੌਲੁਸ ਨੇ ਇਸ ਨੂੰ "ਪ੍ਰਭੂ ਦਾ ਦਿਨ" ਆਖਿਆ, ਕਿਉਂਕਿ ਪ੍ਰਭੂ ਇਸ ਦੇ ਕੇਂਦਰ ਵਿੱਚ ਹੋਵੇਗਾ। ਮਸੀਹੀ ਲੋਕ ਕਿਸੇ ਘਟਨਾ ਦੀ ਉਡੀਕ ਨਹੀਂ ਕਰ ਰਹੇ ਹਨ, ਉਹ ਕਿਸੇ ਵਿਅਕਤੀ ਦੀ ਉਡੀਕ ਕਰ ਰਹੇ ਹਨ, ਆਪਣੇ ਮਹਾਨ ਮੁਕਤੀਦਾਤੇ ਦੇ ਆਉਣ ਦੀ ਉਡੀਕ ਕਰ ਰਹੇ ਹਨ। ਹਰ ਵਾਰੀ ਜਦੋਂ ਅਸੀਂ ਪ੍ਰਭੂ ਦੇ ਦਿਨ ਇਕੱਠੇ ਹੁੰਦੇ ਹਾਂ ਤਾਂ ਇੱਕ ਹੋਰ ਪ੍ਰਭੂ ਦੇ ਦਿਨ, ਆਖਰੀ ਦਿਨ ਦੀ ਉਡੀਕ ਕਰਦੇ ਹਾਂ। ਇਸ ਤਰ੍ਹਾਂ ਇਸ ਨੂੰ ਅਸੀਂ "ਪਰਮੇਸ਼ਰ ਦੇ ਦਿਨ" ਵਜੋਂ (2 ਪਤਰਸ 3:12), "ਯਿਸੂ ਮਸੀਹ ਦੇ ਦਿਨ" ਵਜੋਂ (ਫ਼ਿਲਿੱਪੀਆਂ 1:6), ਜਾਂ "ਸਾਡੇ ਪ੍ਰਭੂ ਯਿਸੂ ਮਸੀਹ ਦੇ ਦਿਨ" ਵਜੋਂ (1 ਕੁਰਿੰਥੀਆਂ 1:8) ਵੀ ਜਾਣਦੇ ਹਾਂ।

*ਇਸ ਦਾ ਸੰਬੰਧ ਕੁਧਰਮੀਆਂ ਦੇ ਨਾਲ ਹੋਣ ਕਰਕੇ ਇਹ "ਕ੍ਰੋਧ ਦਾ ਦਿਨ" ਹੋਵੇਗਾ।* ਪੌਲੁਸ ਨੇ ਇਸ ਨੂੰ ਉਹ ਦਿਨ ਆਖਿਆ "ਜਦੋਂ ਪਰਮੇਸ਼ਰ ਦਾ ਕ੍ਰੋਧ ਅਤੇ ਸੱਚਾ ਨਿਆਉਂ ਪਰਗਟ ਹੋਵੇਗਾ" (ਰੋਮੀਆਂ 2:5)। ਅਣਆਗਿਆਕਾਰੀਆਂ ਅਤੇ ਕੁਧਰਮੀਆਂ ਦੇ ਲਈ ਇਹ ਅਜਿਹਾ ਹੀ ਦਿਨ ਹੋਵੇਗਾ। ਪਰਮੇਸ਼ਰ ਚਾਹੁੰਦਾ ਹੈ ਭਈ ਸਾਰੇ ਮਨੁੱਖ ਬਚਾਏ ਜਾਣ ਅਤੇ ਓਹ ਸਤ ਦੇ ਗਿਆਨ ਤੀਕ ਪਹੁੰਚਣ (1 ਤਿਮੋਥਿਉਸ 2:4)। ਉਹ ਸਭਨਾਂ ਨੂੰ ਮੁਕਤੀ ਦੀ ਪੇਸ਼ਕਸ਼ ਕਰਦਾ ਹੈ, ਪਰ ਜਦ ਉਸ ਦੀ ਇਸ ਮਹਾਨ ਪੇਸ਼ਕਸ਼ ਨੂੰ ਠੁਕਰਾ ਦਿੱਤਾ ਜਾਂਦਾ ਹੈ, ਤਾਂ ਉਸ ਦੇ ਪ੍ਰੇਮ ਦੀ ਬੇਅਦਬੀ ਕਰਨ ਵਾਲੇ ਦੇ ਲਈ ਕ੍ਰੋਧ ਦਾ ਦਿਨ ਉਡੀਕ ਕਰਨ ਲੱਗ ਪੈਂਦਾ ਹੈ।

*ਇਸ ਦਾ ਸੰਬੰਧ ਧਰਮੀਆਂ ਨਾਲ ਹੋਣ ਕਰਕੇ ਇਹ "ਮੁਕਤੀ ਦਾ ਦਿਨ" ਹੋਵੇਗਾ।* ਪੌਲੁਸ ਨੇ ਇਸ ਨੂੰ "ਨਿਸਤਾਰੇ ਦਾ ਦਿਨ" ਆਖਿਆ (ਅਫ਼ਸੀਆਂ 4:30)। ਇਸ ਦਿਨ ਸਾਡੀ ਮੁਕਤੀ ਦੀ ਘੋਸ਼ਣਾ ਕੀਤੀ ਜਾਵੇਗੀ ਅਤੇ ਅਸੀਂ ਸਦੀਪਕ ਨਿਸਤਾਰੇ ਵਿੱਚ ਪ੍ਰਵੇਸ਼ ਕਰ ਜਾਵਾਂਗੇ।

*ਇਸ ਦਾ ਸੰਬੰਧ ਸਭਨਾਂ ਗੱਲਾਂ ਦੇ ਅੰਤ ਨਾਲ ਹੋਣ ਕਰਕੇ ਇਸ ਨੂੰ "ਉਸ ਦਿਨ" ਵੀ ਆਖਿਆ ਜਾਂਦਾ ਹੈ।* ਪੌਲੁਸ ਨੇ ਇਸ ਨੂੰ "ਉਸ ਦਿਨ" ਆਖਿਆ (2 ਥੱਸਲੁਨੀਕੀਆਂ 1:10), ਯਿਸੂ ਦੇ ਇਸ ਨੂੰ "ਅੰਤ ਦਾ ਦਿਨ" ਆਖਿਆ (ਯੂਹੰਨਾ 6:39) ਅਤੇ ਯਹੂਦਾਹ ਨੇ ਇਸ ਨੂੰ "ਵੱਡਾ ਦਿਹਾੜਾ" ਆਖਿਆ (ਯਹੂਦਾਹ 6)। ਇਹ ਉਹ ਦਿਨ ਹੈ ਜਿਸ ਵੱਲ ਸਾਰਾ ਸਮਾਂ ਹੌਲੀ-ਹੌਲੀ ਵਧ ਰਿਹਾ ਹੈ ਅਤੇ ਇਹ ਬਿਲਕੁਲ ਢੁਕਵਾਂ ਹੈ ਕਿ ਇਸ ਨੂੰ "ਵੱਡਾ ਦਿਹਾੜਾ" ਆਖਿਆ ਜਾਵੇ। ਹਰੇਕ ਮਸੀਹੀ ਦੇ ਕਲੰਡਰ ਵਿੱਚ ਇੱਕ "ਵੱਡਾ ਦਿਹਾੜਾ" ਹੈ ਜਿਸ ਵੱਲ ਸਾਰੀਆਂ ਗੱਲਾਂ ਵਧ ਰਹੀਆਂ ਹਨ।

ਕੋਈ ਵੀ ਵਿਅਕਤੀ ਸਭ ਤੋਂ ਵੱਡਾ ਸਵਾਲ ਇਹ ਪੁੱਛ ਸਕਦਾ ਹੈ, "ਕੀ ਤੁਸੀਂ ਨਿਆਂ ਦੇ ਦਿਨ ਦੇ ਲਈ ਤਿਆਰ ਹੋ?" ਸਾਡੀ ਆਤਮਾ ਦੀ ਹਾਲਤ ਇਹ ਤੈਅ ਕਰੇਗੀ ਕਿ ਸਾਡੇ ਲਈ

ਉਹ ਦਿਨ ਕਿਹੋ ਜਿਹਾ ਹੋਵੇਗਾ। ਜੇਕਰ ਅਸੀਂ ਨਿਸਤਾਰਾ ਪਾਏ ਹੋਏ ਲੋਕਾਂ ਵਿਚਾਲੇ ਹਾਂ, ਤਾਂ ਇਹ ਨਿਸਤਾਰੇ ਦਾ ਦਿਨ ਹੋਵੇਗਾ; ਪਰ ਜੇਕਰ ਅਸੀਂ ਅਣਆਗਿਆਕਾਰੀਆਂ ਵਿਚਾਲੇ ਹਾਂ, ਤਾਂ ਇਹ ਕ੍ਰੋਧ ਦਾ ਦਿਨ ਹੋਵੇਗਾ। EC

**ਪ੍ਰਭੂ ਦਾ ਦਿਨ (5:1-11)**

ਪਹਿਲੀ ਸਦੀ ਦੀ ਕਲੀਸਿਯਾ ਮਸੀਹ ਦੀ ਵਾਪਸੀ ’ਤੇ ਬਹੁਤ ਕੇਂਦਰਿਤ ਸੀ। ਉਹ ਐਨੇ ਕੇਂਦਰਿਤ ਇਸ ਕਰਕੇ ਸਨ ਕਿ ਰਸੂਲਾਂ ਨੇ ਉਨ੍ਹਾਂ ਨੂੰ ਅਜਿਹਾ ਸਿਖਾਇਆ ਸੀ। ਐਲਬਰਟ ਬੇਲੀ ਦਾ ਗੀਤ “ਸਾਵਧਾਨ ਰਹੋ ਅਤੇ ਪ੍ਰਾਰਥਨਾ ਕਰੋ” ਅਜਿਹੇ ਸੁਭਾਓ ਨੂੰ ਦਰਸਾਉਂਦਾ ਹੈ:

> ਸਾਵਧਾਨ ਰਹੋ ਅਤੇ ਪ੍ਰਾਰਥਨਾ ਕਰੋ, ਕਿਉਂਕਿ ਪ੍ਰਭੂ ਆ ਰਿਹਾ ਹੈ,
> ਇੱਕ ਦਿਨ ਬੱਦਲਾਂ ਵਿੱਚ ਆ ਰਿਹਾ ਹੈ;
> ਸ਼ੁੱਧ ਕਰਨ ਵਾਲੇ ਸੋਮੇ ਵਿੱਚ ਆਪਣੇ ਬਸਤਰ ਧੋ ਲਵੋ,
> ਸਾਵਧਾਨ ਰਹੋ, ਸਾਵਧਾਨ ਰਹੋ ਅਤੇ ਪ੍ਰਾਰਥਨਾ ਕਰੋ।
>
> . . . . . . . . . . . . . . . . . . . . . . .
> ਮੇਰੀ ਜਾਨ, ਮੁਕਤੀਦਾਤੇ ਦੀ ਚਿਤਾਉਣੀ,
> ਉੱਤੇ ਗੌਰ ਕਰ ਅਤੇ ਉਸ ਦੀ ਮੁਬਾਰਕ ਬਾਣੀ ਨੂੰ ਮੰਨ,
> ਉਸ ਦੇ ਆਉਣ ’ਤੇ, ਉਸ ਨੂੰ ਮਿਲਣ ਲਈ ਤਿਆਰ ਰਹੋ,
> ਸਾਵਧਾਨ ਰਹੋ, ਸਾਵਧਾਨ ਰਹੋ ਅਤੇ ਪ੍ਰਾਰਥਨਾ ਕਰੋ।[48]

ਪੌਲੁਸ ਨੇ ਥੱਸਲੁਨੀਕੀ ਭਾਈਆਂ ਨੂੰ ਇਸੇ ਦ੍ਰਿਸ਼ਟੀਕੋਣ ਨੂੰ ਅਪਣਾਉਣਾ ਸਿਖਾਇਆ। 1 ਥੱਸਲੁਨੀਕੀਆਂ 4:13–18 ਵਿੱਚ ਉਸ ਨੇ ਸਿਖਾਇਆ ਕਿ ਮਰ ਚੁੱਕੇ ਪਿਆਰੇ ਮਸੀਹ ਦੀ ਦੂਜੀ ਆਮਦ ਤੋਂ ਵਾਂਝੇ ਨਹੀਂ ਰਹਿਣਗੇ। 5:1–11 ਵਿੱਚ ਪੌਲੁਸ ਨੇ ਮਸੀਹ ਦੀ ਵਾਪਸੀ ਦੀ ਉਚਿਤ ਸਮਝ ਨੂੰ ਪ੍ਰਾਪਤ ਕਰਨ ਦੀ ਚਿੰਤਾ ਨੂੰ ਵਿਖਾਇਆ।

ਇਨ੍ਹਾਂ ਆਇਤਾਂ ਵਿੱਚ ਪੌਲੁਸ ਨੇ “ਸਮਿਆਂ” ਅਤੇ “ਵੇਲਿਆਂ” ਦੀ ਗੱਲ ਕੀਤੀ। “ਸਮੇਂ” ਅਨਿਸ਼ਚਿਤ ਅਤੇ ਵਿਸਤ੍ਰਿਤ ਦੌਰ ਦੀ ਗੱਲ ਕਰਦਾ ਹੈ। “ਵੇਲੇ” ਨਿਸ਼ਚਿਤ ਅਤੇ ਵਿਸ਼ੇਸ਼ ਦੌਰ ਦੀ ਗੱਲ ਕਰਦਾ ਹੈ। ਪੌਲੁਸ ਨੇ ਲਿਖਿਆ, “ਤੁਹਾਨੂੰ ਕੋਈ ਲੋੜ ਨਹੀਂ ਜੋ ਤੁਹਾਡੀ ਵੱਲ [ਅਜਿਹੀਆਂ ਗੱਲਾਂ] ਲਈ ਕੁਝ ਲਿਖਿਆ ਜਾਵੇ” (ਆਇਤ 1)। ਇਹ ਰਸੂਲਾਂ 1:7 ਵਿਚਲੇ ਯਿਸੂ ਦੇ ਸ਼ਬਦਾਂ ਦੇ ਨਾਲ ਮੇਲ ਖਾਂਦੇ ਹਨ: “ਤੁਹਾਡਾ ਕੰਮ ਨਹੀਂ ਭਈ ਉਨ੍ਹਾਂ ਸਮਿਆਂ ਅਤੇ ਵੇਲਿਆਂ ਨੂੰ ਜਾਣੋ ਜੋ ਪਿਤਾ ਨੇ ਆਪਣੇ ਵੱਸ ਵਿੱਚ ਰੱਖੇ ਹਨ।” ਇਹ ਸਪੱਸ਼ਟ ਹੈ ਕਿ ਕੁਝ ਲੋਕ ਮਸੀਹ ਦੀ ਵਾਪਸੀ ਬਾਰੇ ਬਹੁਤ ਜ਼ਿਆਦਾ ਵੇਰਵਾ ਮੰਗ ਰਹੇ ਸਨ।[49] ਪੌਲੁਸ ਨੇ ਥੱਸਲੁਨੀਕੀਆਂ ਨੂੰ ਉਹ ਜਾਣਕਾਰੀ ਨਹੀਂ ਦਿੱਤੀ ਜਿਸ ਦੇ ਲਈ ਉਹ ਮੰਗ ਕਰ ਰਹੇ ਸਨ, ਪਰ ਉਸ ਨੇ ਉਨ੍ਹਾਂ ਨੂੰ ਉਹ ਜਾਣਕਾਰੀ ਜ਼ਰੂਰ ਦਿੱਤੀ ਜਿਸ ਦੀ ਉਨ੍ਹਾਂ ਨੂੰ ਲੋੜ ਸੀ। ਉਸ ਨੇ ਵੱਡੇ ਅਤੇ ਇਤਹਾਸਕ “ਪ੍ਰਭੂ ਦੇ ਦਿਨ” ਬਾਰੇ ਕੀ ਸਿਖਾਇਆ?

*ਇਹ “ਚੋਰ ਦੀ ਤਰ੍ਹਾਂ” ਆਵੇਗਾ।* ਪੌਲੁਸ ਨੇ ਲਿਖਿਆ, “ਕਿਉਂ ਜੋ ਤੁਸੀਂ ਆਪ ਠੀਕ ਤਰਾਂ ਜਾਣਦੇ ਹੋ ਭਈ ਪ੍ਰਭੂ ਦਾ ਦਿਨ ਇਸ ਤਰ੍ਹਾਂ ਆਵੇਗਾ ਜਿਸ ਤਰ੍ਹਾਂ ਰਾਤ ਨੂੰ ਚੋਰ।” (ਆਇਤ 2)। ਉਸ ਨੇ “ਤੁਸੀਂ ਆਪ ਠੀਕ ਤਰ੍ਹਾਂ ਜਾਣਦੇ ਹੋ” ਸ਼ਬਦਾਂ ਦੀ ਵਰਤੋਂ ਕੀਤੀ ਕਿਉਂਕਿ ਪੌਲੁਸ ਨੇ ਇਹ ਸਭ ਉਸ ਵੇਲੇ ਉਨ੍ਹਾਂ ਨੂੰ ਸਿਖਾਇਆ ਸੀ, ਜਿਸ ਵੇਲੇ ਉਹ ਉਨ੍ਹਾਂ ਦੇ ਨਾਲ

ਕਲੀਸਿਯਾ ਵਿੱਚ ਸੀ।

"ਰਾਤ ਨੂੰ ਚੋਰ" ਦੀ ਤਸਵੀਰ ਮਹੱਤਵਪੂਰਨ ਹੈ। ਰਾਤ ਨੂੰ ਆਪਣੇ ਕਾਰੇ ਨੂੰ ਗੁਪਤ ਰੱਖਣਾ ਸੌਖਾ ਹੁੰਦਾ ਹੈ ਅਤੇ ਇਸ ਤਰ੍ਹਾਂ ਆਪਣੇ ਸ਼ਿਕਾਰ ਨੂੰ ਹੈਰਾਨ ਕਰਨਾ ਸੌਖਾ ਰਹਿੰਦਾ ਹੈ। ਚੋਰ ਆਪਣੇ ਆਉਣ ਬਾਰੇ ਰੌਲਾ ਨਹੀਂ ਪਾਉਂਦਾ। ਉਹ ਚੁੱਪਚਾਪ ਅੰਦਰ ਵੜ ਆਉਂਦਾ ਹੈ ਤਾਂ ਜੋ ਕਿਸੇ ਨੂੰ ਹਥਿਆਰ ਚੁੱਕਣ ਜਾਂ ਪੁਲਿਸ ਨੂੰ ਬੁਲਾਉਣ ਦਾ ਮੌਕਾ ਹੀ ਨਾ ਮਿਲੇ। ਉਹ ਆਪਣੇ ਸ਼ਿਕਾਰ ਨੂੰ ਬੰਦੂਕ ਦੀ ਨੋਕ 'ਤੇ ਫੜਦਾ ਹੈ ਅਤੇ ਉਨ੍ਹਾਂ ਦਾ ਕੀਮਤੀ ਸਮਾਨ ਲੈ ਜਾਂਦਾ ਹੈ।

ਮਸੀਹ ਦੀ ਤੁਲਨਾ ਚੋਰ ਨਾਲ ਇਸ ਕਰਕੇ ਨਹੀਂ ਕੀਤੀ ਗਈ ਹੈ ਕਿ ਉਹ ਨੁਕਸਾਨ ਕਰਨਾ ਚਾਹੁੰਦਾ ਹੈ। ਸਗੋਂ ਇਸ ਕਰਕੇ ਕਿ ਇਹ ਤੁਲਨਾ ਉਸ ਦੇ ਅਚਾਣਕ ਅਤੇ ਅਚਨਚੇਤ ਆਉਣ 'ਤੇ ਜ਼ੋਰ ਦਿੰਦੀ ਹੈ। ਉਹ "ਅਚਾਣਕ" ਅਤੇ ਅਜਿਹੇ ਸਮੇਂ ਆਵੇਗਾ, ਜਿਸ ਦੀ ਕਿਸੇ ਨੇ ਵੀ, ਇੱਥੋਂ ਤੱਕ ਕਿ "ਸੁਰਗ ਦੇ ਦੂਤਾਂ" ਨੇ ਵੀ ਉਮੀਦ ਨਹੀਂ ਕੀਤੀ ਹੋਵੇਗੀ (ਆਇਤ 3; ਮੱਤੀ 24:36; 2 ਪਤਰਸ 3:10)।

*ਇਹ ਸਭਨਾਂ ਲੋਕਾਂ ਦੇ ਲਈ ਇੱਕ ਮਹੱਤਵਪੂਰਨ ਘਟਨਾ ਹੈ।* ਯਿਸੂ ਦੀ ਵਾਪਸੀ ਸਭਨਾਂ ਨੂੰ ਪ੍ਰਭਾਵਿਤ ਕਰੇਗੀ। ਜਿਹੜੇ ਲੋਕ ਇਸ ਦੇ ਲਈ ਤਿਆਰ ਨਹੀਂ ਹੋਣਗੇ ਉਹ ਬੜੇ ਦੁਖੀ ਹਿਰਦੇ ਨਾਲ ਹੈਰਾਨ ਹੋ ਜਾਣਗੇ। ਆਇਤ 3 ਵਿੱਚ ਪੌਲੁਸ ਨੇ ਲਿਖਿਆ ਕਿ ਅਜਿਹੇ ਲੋਕ ਆਖ ਰਹੇ ਹੋਣਗੇ (ਜਾਂ ਉਮੀਦ ਲਗਾਈ ਬੈਠੇ ਹੋਣਗੇ) "ਅਮਨ ਚੈਨ ਅਤੇ ਸੁਖ ਸਾਂਦ ਹੈ!"

1975 ਵਿੱਚ ਜਦੋਂ ਮੈਨੂੰ ਸਿਸਿਲੀ ਦੇ ਕੈਟਾਨਿਆ ਵਿਖੇ ਯਿਸੂ ਦੀ ਦੂਜੀ ਆਮਦ ਬਾਰੇ ਪ੍ਰਚਾਰ ਕਰਨਾ ਸੀ, ਤਾਂ ਭਾਈ ਉੱਥੇ ਦੀਆਂ ਸੜਕਾਂ ਉੱਤੇ ਲਾਉਡ ਸਪੀਕਰ ਰਾਹੀਂ ਸਭਨਾਂ ਨੂੰ ਪੁੱਛਦੇ ਹੋਏ ਲੰਘ ਰਹੇ ਸਨ, "ਮਸੀਹ ਕਦੋਂ ਆਵੇਗਾ?" ਰਾਹ ਤੁਰਦੇ ਜ਼ਿਆਦਾਤਰ ਲੋਕ ਜਵਾਬ ਦੇ ਰਹੇ ਸਨ "ਕਦੇ ਨਹੀਂ!" ਉਨ੍ਹਾਂ ਨੇ ਮੰਨ ਲਿਆ ਸੀ ਕਿ ਉਹ ਸੁਰੱਖਿਅਤ ਹਨ।

ਅਜਿਹੇ ਲੋਕ "ਰਾਤ" ਅਤੇ "ਅਨ੍ਹੇਰੇ" ਦੇ ਉਹ ਲੋਕ ਹਨ ਜਿਨ੍ਹਾਂ ਦੀ ਕੋਈ ਤਿਆਰੀ ਨਹੀਂ ਹੈ (ਆਇਤ 5), ਉਹ ਪਾਪ ਵਿੱਚ ਅਤੇ ਆਤਮਕ ਹਨੇਰੇ ਵਿੱਚ ਜੀ ਰਹੇ ਹਨ। ਉਹ ਆਤਮਕ ਤੌਰ 'ਤੇ "ਸੁੱਤੇ" ਪਏ ਲੋਕ ਹਨ (ਆਇਤ 6) ਅਤੇ ਜੋ ਉਨ੍ਹਾਂ ਦੇ ਸਾਹਮਣੇ ਹੈ ਉਸੇ ਨੂੰ ਸੱਚਾਈ ਮੰਨੀ ਬੈਠੇ ਹਨ। ਇਹ ਲੋਕ ਅਜਿਹੇ ਦੁਸ਼ਟ ਕੰਮ ਕਰਦੇ ਹਨ, ਜਿਨ੍ਹਾਂ ਨੂੰ ਆਮਤੌਰ 'ਤੇ ਹਨੇਰੇ ਦੇ ਕੰਮ ਆਖਿਆ ਜਾਂਦਾ ਹੈ।

ਸੱਚਾਈ ਤਾਂ ਇਹ ਹੈ ਕਿ ਉਨ੍ਹਾਂ ਉੱਤੇ "ਨਾਸ" ਆਇਆ ਪਿਆ ਹੈ। "ਉਨ੍ਹਾਂ ਦਾ ਅਚਾਣਕ ਨਾਸ ਹੋ ਜਾਵੇਗਾ" (ਆਇਤ 3)। ਇਸ ਦਾ ਅਰਥ ਇਹ ਨਹੀਂ ਹੈ ਕਿ ਉਹ ਮਿਟ ਜਾਣਗੇ, ਸਗੋਂ ਇਹ ਕਿ ਹੁਣ ਉਹ ਬਰਬਾਦੀ ਦੀ ਹਾਲਤ ਵਿੱਚ ਅਗਾਂਹ ਵਧਣਗੇ। ਇਹ ਨਾਸ ਨਰਕ ਨਾਲੋਂ ਘੱਟ ਨਹੀਂ ਹੈ।

ਨਾਸ ਅਚਾਣਕ ਆਵੇਗਾ, "ਜਿਵੇਂ ਗਰਭਵੰਤੀ ਇਸਤਰੀ ਨੂੰ ਪੀੜਾਂ ਲੱਗਦੀਆਂ ਹਨ" (ਆਇਤ 3)। ਇਹ ਨਾਸ ਉਸ ਨਾਸ ਵਰਗਾ ਹੀ ਹੋਵੇਗਾ ਜਿਹੜਾ ਮਨੁੱਖੀ ਇਤਹਾਸ ਵਿੱਚ ਪਹਿਲਾਂ ਵੀ ਹੋ ਚੁੱਕਾ ਹੈ। ਨੂਹ ਦੇ ਦਿਨਾਂ ਦੇ ਲੋਕਾਂ ਬਾਰੇ ਸੋਚੋ। ਜਿਹੜੇ ਲੋਕ ਤਿਆਰ ਨਹੀਂ ਸਨ, ਉਹ ਸੋਚ ਰਹੇ ਸਨ ਕਿ ਉਹ ਸੁਰੱਖਿਅਤ ਹਨ, ਪਰ ਜਦੋਂ ਅਚਾਣਕ ਮੀਂਹ ਪੈਣ ਲੱਗ ਪਿਆ ਤਾਂ ਪਰਮੇਸ਼ਰ ਨੇ ਬੇੜੀ ਦਾ ਦਰਵਾਜ਼ਾ ਬੰਦ ਕਰ ਦਿੱਤਾ (1 ਪਤਰਸ 3:20)। 538 ਈਸਾ ਪੂਰਬ ਵਿੱਚ ਫਾਰਸ ਦੇ ਹੱਥੋਂ ਬਾਬਲ ਦੇ ਲੋਕਾਂ ਦੀ ਹਾਰ ਵੀ ਅਚਾਣਕ ਹੋਈ। ਫਾਰਸ ਦੀ ਸੈਨਾ ਰਾਤ ਵੇਲੇ ਚੁੱਪਚਾਪ ਨਦੀ ਦੇ ਰਾਹੀਂ ਆਏ, ਜਦੋਂ ਬਾਬਲ ਦੀ ਸੈਨਾ ਸੁੱਤੀ ਪਈ ਸੀ।[50] ਮਸੀਹ ਦੀ ਵਾਪਸੀ ਵੀ ਅਜਿਹੇ ਲੋਕਾਂ ਲਈ, ਜਿਹੜੇ ਤਿਆਰ ਨਹੀਂ ਹਨ,

ਅਚਾਣਕ ਹੋਵੇਗੀ।

ਹਾਲਾਂਕਿ ਯਿਸੂ ਦੀ ਵਾਪਸੀ ਉਵੇਂ ਹੋਵੇਗੀ ਜਿਵੇਂ ਰਾਤ ਨੂੰ ਚੋਰ, ਪਰ ਮਸੀਹੀ ਅਜਿਹੇ ਨਾ ਹੋਣ ਕਿ ਉਸ ਦੇ ਲਈ ਤਿਆਰ ਨਹੀਂ ਸਨ। "ਪਰ ਹੇ ਭਰਾਵੋ, ਤੁਸੀਂ ਅਨ੍ਹੇਰੇ ਵਿੱਚ ਨਹੀਂ ਹੋ ਜੋ ਤੁਹਾਡੇ ਉੱਤੇ ਉਹ ਦਿਨ ਚੋਰ ਦੀ ਨਿਆਈਂ ਆਣ ਪਵੇ" (ਆਇਤ 4)। ਮਸੀਹੀ ਲੋਕ "ਅਨ੍ਹੇਰੇ ਵਿੱਚ ਨਹੀਂ" ਹਨ। ਉਨ੍ਹਾਂ ਨੇ ਯਿਸੂ ਦੇ ਪੈਰੋਕਾਰ ਬਣਨ ਦਾ ਫੈਸਲਾ ਲਿਆ ਹੈ ਜਿਸ ਨੇ ਆਖਿਆ, "ਜਗਤ ਦਾ ਚਾਨਣ ਮੈਂ ਹਾਂ। ਜਿਹੜਾ ਮੇਰੇ ਪਿੱਛੇ ਤੁਰਦਾ ਹੈ ਅਨ੍ਹੇਰੇ ਵਿੱਚ ਕਦੇ ਨਾ ਚੱਲੇਗਾ" (ਯੂਹੰਨਾ 8:12)। ਮਸੀਹ ਨੇ "ਸਾਨੂੰ ਅੰਧਕਾਰ ਦੇ ਵੱਸ ਵਿੱਚੋਂ ਛੁਡਾ ਕੇ ਆਪਣੇ . . . ਰਾਜ ਵਿੱਚ ਪੁਚਾ ਦਿੱਤਾ" ਹੈ (ਕੁਲੁੱਸੀਆਂ 1:13)। ਕੀ ਇਸ ਦਾ ਅਰਥ ਇਹ ਹੈ ਕਿ ਸਾਨੂੰ ਉਸ ਦੀ ਵਾਪਸੀ ਦੇ ਦਿਨ ਅਤੇ ਸਮੇਂ ਦਾ ਪਤਾ ਲੱਗ ਜਾਵੇਗਾ? ਨਹੀਂ। ਪਰਮੇਸ਼ਰ ਨੂੰ ਛੱਡ ਉਸ ਬਾਰੇ ਕੋਈ ਵੀ ਨਹੀਂ ਜਾਣਦਾ (ਮੱਤੀ 24:36; ਮਰਕੁਸ 13:32)। ਨਾ ਹੀ ਇਸ ਦਾ ਅਰਥ ਇਹ ਹੈ ਕਿ ਜਦ ਉਹ ਆਵੇਗਾ ਤਾਂ ਅਸੀਂ ਉਸ ਦੀ ਉਡੀਕ ਕਰ ਰਹੇ ਹੋਵਾਂਗੇ। ਕੁਝ ਲੋਕ "ਖੇਤ ਵਿੱਤ ਹੋਣਗੇ" ਅਤੇ ਕੰਮ ਕਰ ਰਹੇ ਹੋਣਗੇ (ਮੱਤੀ 24:39–41)।

ਪਰ ਇਸ ਦਾ ਅਰਥ ਇਹ ਜ਼ਰੂਰ ਹੈ ਕਿ ਯਿਸੂ ਦੀ ਵਾਪਸੀ ਸਾਡੇ ਲਈ ਅਨੰਦ ਨਾਲ ਭਰਿਆ ਮੌਕਾ ਹੋਵੇਗਾ। ਵਿਸ਼ਵਾਸਯੋਗ ਮਸੀਹੀ ਆਤਮਕ ਤੌਰ 'ਤੇ ਤਿਆਰ ਹੋਣਗੇ। ਵਿਸ਼ਵਾਸਯੋਗ ਮਸੀਹੀ "ਚਾਨਣ ਦੇ ਪੁੱਤਰ" ਹਨ (ਆਇਤ 5)। ਵਿਸ਼ਵਾਸਯੋਗ ਮਸੀਹੀ "ਚਾਨਣ ਵਿੱਚ ਚੱਲ [ਰਹੇ ਹੋਣਗੇ] . . . ਆਪੋ ਵਿੱਚੀਂ ਸੰਗਤ [ਕਰ ਰਹੇ ਹੋਣਗੇ] ਅਤੇ ਉਹ ਦੇ ਪੁੱਤਰ ਯਿਸੂ ਦਾ ਲਹੂ ਸਾਨੂੰ [ਉਨ੍ਹਾਂ ਨੂੰ] ਸਾਰੇ ਪਾਪ ਤੋਂ ਸ਼ੁੱਧ ਕਰਦਾ ਹੈ" (1 ਯੂਹੰਨਾ 1:7)। ਸੱਚਮੁੱਚ ਤਿਆਰ ਬੈਠੇ ਲੋਕ ਆਖਣਗੇ "ਮਾਰਾਨਾਥਾ!" ਜਿਸ ਦਾ ਅਰਥ ਹੈ, "ਹੇ ਸਾਡੇ ਪ੍ਰਭੂ, ਆ!" (1 ਕੁਰਿੰਥੀਆਂ 16:22)।

*ਮਸੀਹੀਆਂ ਨੂੰ ਇਸ ਦੀ ਅੱਗੇ ਤਿਆਰੀ ਕਰਨੀ ਹੈ।* ਪੌਲੁਸ ਨੇ ਆਖਿਆ, "ਸੋ ਇਸ ਲਈ ਅਸੀਂ ਹੋਰਨਾਂ ਵਾਂਙੁ ਨਾ ਸਵੀਏਂ" (ਆਇਤ 6)। ਇਸ ਦਾ ਅਰਥ ਹੈ ਕਿ ਅਸੀਂ ਆਤਮਕ ਤੌਰ 'ਤੇ "ਸੁਸਤ" ਨਾ ਹੋ ਜਾਈਏ, ਜੋ ਖਤਰੇ ਨੂੰ ਸਿਆਣ ਨਾ ਸਕਣ। ਜੇਕਰ ਕਿਸੇ ਮਸੀਹੀ ਨੇ ਝਪਕੀ ਲੈਣ ਦਾ ਫੈਸਲਾ ਕਰ ਲਿਆ ਹੈ ਤਾਂ ਉਸ ਨੂੰ ਜਾਗ ਜਾਣ ਦੀ ਲੋੜ ਹੈ! ਰੋਮੀਆਂ 13:11 ਵਿੱਚ ਪੌਲੁਸ ਨੇ ਲਿਖਿਆ, "ਅਤੇ ਤੁਸੀਂ ਸਮਾ ਜਾਣਦੇ ਹੋ ਜੋ ਹੁਣ ਨੀਂਦਰ ਤੋਂ ਤੁਹਾਡੇ ਜਾਗਣ ਦਾ ਵੇਲਾ ਆ ਪੁੱਜਿਆ ਹੈ ਕਿਉਂ ਜੋ ਜਿਸ ਵੇਲੇ ਅਸਾਂ ਨਿਹਚਾ ਕੀਤੀ ਓਸ ਵੇਲੇ ਨਾਲੋਂ ਸਾਡੀ ਮੁਕਤੀ ਹੁਣ ਨੇੜੇ ਹੈ।"

ਪੌਲੁਸ ਨੇ ਤਾਗੀਦ ਕੀਤੀ, "ਜਾਗਦੇ ਰਹੀਏ ਅਰ ਸੁਚੇਤ ਰਹੀਏ" (ਆਇਤ 6)। ਇਹ ਸੁਸਤ ਹੋ ਜਾਣ ਦੇ ਬਿਲਕੁਲ ਉਲਟ ਹੈ। ਇਸ ਦੇ ਵਿੱਚ ਜਾਗਦੇ ਰਹਿਣ ਦੀ ਦ੍ਰਿੜ੍ਹਤਾ ਸ਼ਾਮਲ ਹੈ ਕਿਉਂਕਿ ਸੌਂ ਜਾਣ ਦਾ ਖਤਰਾ ਸਾਹਮਣੇ ਹੈ। ਇਹ ਉਸ ਵਿਅਕਤੀ ਵਰਗਾ ਹੈ ਜਿਹੜਾ "ਸਵੇਰੇ ਤੜਕੇ ਜਾਗ ਜਾਂਦਾ ਹੈ" ਅਤੇ ਬੜੀ ਅਸਾਨੀ ਨਾਲ ਆਪਣੇ ਸਰੀਰ ਨੂੰ ਚੁਸਤ ਕਰ ਲੈਂਦਾ ਹੈ। ਅਸੀਂ ਬਾਈਬਲ ਪੜ੍ਹਣ ਅਤੇ ਪ੍ਰਾਰਥਨਾ ਕਰਨ ਦੁਆਰਾ ਆਪਣੇ ਆਪ ਨੂੰ ਸੁਚੇਤ ਰੱਖ ਸਕਦੇ ਹਾਂ।

ਮਸੀਹੀਆਂ ਨੂੰ ਆਪਣੇ ਸ਼ਸਤਰ-ਬਸਤਰ ਧਾਰਨ ਕਰਕੇ ਤਿਆਰ ਰਹਿਣਾ ਚਾਹੀਦਾ ਹੈ, ਜੋ ਨਿਹਚਾ, ਆਸ ਅਤੇ ਪ੍ਰੇਮ ਦੇ ਬਣੇ ਹਨ (ਆਇਤ 8)। ਪਹਿਲਾਂ ਪੌਲੁਸ ਨੇ "ਨਿਹਚਾ ਅਤੇ ਪ੍ਰੇਮ ਦੀ ਸੰਜੋ" ਦਾ ਜ਼ਿਕਰ ਕੀਤਾ। "ਨਿਹਚਾ" ਪਰਮੇਸ਼ਰ ਵਿੱਚ ਹੋਣੀ ਚਾਹੀਦੀ ਹੈ, ਵਿਸ਼ੇਸ਼ ਤੌਰ 'ਤੇ ਸੰਕਟ ਜਾਂ ਬਿਪਤਾ ਦੇ ਸਮੇਂ (ਵੇਖੋ ਯਾਕੂਬ 1:1–4)। "ਪ੍ਰੇਮ" ਇੱਕ ਜਬਰਦਸਤ

ਚਾਹਤ ਹੈ ਕਿ ਅਸੀਂ ਆਪਣੇ ਸੰਗੀ ਨਾਗਰਿਕਾਂ ਦੇ ਲਈ ਭਲਿਆਈ ਕਰਨਾ ਚਾਹੁੰਦੇ ਹਾਂ, ਫਿਰ ਭਾਵੇਂ ਉਹ ਸਾਡੇ ਲਈ ਮਾੜਾ ਹੀ ਕਿਉਂ ਨਾ ਚਾਹੁੰਦੇ ਹੋਣ। ਨਿਹਚਾ ਅਤੇ ਪ੍ਰੇਮ "ਸੰਜੋ" ਦਾ ਨਿਰਮਾਣ ਕਰਦੇ ਹਨ, ਜੋ ਸ਼ਤਾਨ ਦੇ ਹਮਲਿਆਂ ਤੋਂ ਸਾਡੀ ਸੁਰੱਖਿਆ ਕਰਦੀ ਹੈ।

ਅੱਗੇ ਪੌਲੁਸ "ਮੁਕਤੀ ਦੀ ਆਸ ਦੇ ਟੋਪ" ਦਾ ਜ਼ਿਕਰ ਕੀਤਾ। ਕਿਸੇ ਚੀਜ਼ ਨੂੰ ਪ੍ਰਾਪਤ ਕਰਨ ਦੀ ਉਮੀਦ ਨੂੰ ਆਸ ਆਖਿਆ ਜਾਂਦਾ ਹੈ। ਸਾਡੀ ਆਸ "ਮੁਕਤੀ ਦੀ" ਹੈ, ਸਾਡੇ ਸੁਰਗੀ ਘਰ ਵਿੱਚ ਪਰਮੇਸ਼ਰ ਦੇ ਨਾਲ ਸੰਪੂਰਨ ਮਿਲਾਪ ਦੀ ਆਸ। ਇਹ ਅਜਿਹਾ ਸ਼ਸਤਰ-ਬਸਤਰ ਹੈ ਜਿਹੜਾ ਸਾਡੇ ਸਿਰ ਨੂੰ ਸੁਰੱਖਿਅਤ ਰੱਖਦਾ ਹੈ। ਜਦੋਂ ਅਸੀਂ ਸਵਰਗ ਨੂੰ ਹਮੇਸ਼ਾ ਆਪਣੇ ਮਨ ਵਿੱਚ ਰੱਖਾਂਗੇ, ਤਾਂ ਜਦ ਸ਼ਤਾਨ ਪ੍ਰੀਖਿਆਵਾਂ ਦੇ ਨਾਲ ਸਾਡੇ ਉੱਤੇ ਹਮਲਾ ਕਰੇਗਾ, ਤਦ ਅਸੀਂ ਆਪਣੀ ਆਸ ਨੂੰ ਚੇਤੇ ਰੱਖਾਂਗੇ।

ਪਰਮੇਸ਼ਰ ਦੇ ਸ਼ਸਤਰ-ਬਸਤਰ ਸਾਨੂੰ ਮਸੀਹ ਦੀ ਵਾਪਸੀ ਦੇ ਲਈ ਤਿਆਰ ਕਰਨਗੇ। ਸਾਨੂੰ ਚਿੱਟੇ ਬਸਤਰ ਪਾ ਕੇ ਪਰਬਤਾਂ 'ਤੇ ਖੜ੍ਹੇ ਹੋ ਕੇ ਉਡੀਕ ਕਰਨ ਦੀ ਲੋੜ ਨਹੀਂ ਹੈ, ਸਗੋਂ ਅਸੀਂ ਆਪਣਿਆਂ ਹਿਰਦਿਆਂ ਵਿੱਚ ਤਕੜੀ ਨਿਹਚਾ ਦੇ ਨਾਲ ਉਸ ਦੇ ਲਈ ਜੀ ਰਹੇ ਹੋਵਾਂਗੇ:

ਮਸੀਹ ਦੇ ਸਿਪਾਹੀਓ, ਉੱਠੋ,
ਅਤੇ ਆਪਣੇ ਸ਼ਸਤਰ ਧਾਰਨ ਕਰੋ;
ਉਸ ਦੇ ਪੁੱਤਰ ਯਿਸੂ ਦੇ ਰਾਹੀਂ,
ਪਰਮੇਸ਼ਰ ਦੇ ਬਲ ਨਾਲ ਤਕੜੇ ਹੋਵੋ।[51]

*ਮਸੀਹ ਦੀ ਦੂਜੀ ਆਮਦ ਵੇਲੇ ਮਸੀਹੀ ਲੋਕ ਸਿਆਣ ਜਾਣਗੇ ਕਿ ਉਹ ਕਿਸ ਲਈ ਥਾਪੇ ਗਏ ਹਨ।* ਪੌਲੁਸ ਨੇ ਆਖਿਆ, "ਕਿਉਂ ਜੋ ਪਰਮੇਸ਼ਰ ਨੇ ਸਾਨੂੰ ਕ੍ਰੋਧ ਦੇ ਲਈ ਨਹੀਂ ਸਗੋਂ ਇਸ ਲਈ ਥਾਪਿਆ ਭਈ ਅਸੀਂ ਆਪਣੇ ਪ੍ਰਭੂ ਯਿਸੂ ਮਸੀਹ ਦੇ ਰਾਹੀਂ ਮੁਕਤੀ ਨੂੰ ਪਰਾਪਤ ਕਰੀਏ" (ਆਇਤ 9)। ਇਸ ਦਾ ਭਾਵ ਇਹ ਵੀ ਹੈ ਕਿ ਵਿਸ਼ਵਾਸਘਾਤੀ ਲੋਕ ਕ੍ਰੋਧ ਲਈ ਥਾਪੇ ਗਏ ਹਨ। "ਥਾਪੇ ਗਏ" ਦਾ ਅਰਥ ਹੈ ਕਿ ਪਰਮੇਸ਼ਰ ਨੇ ਉਨ੍ਹਾਂ ਨੂੰ ਆਪਣੀ ਯੋਜਨਾ ਵਿੱਚ ਇਸ ਦੇ ਲਈ ਵੱਖਰਾ ਕੀਤਾ ਹੋਇਆ ਹੈ। "ਕ੍ਰੋਧ" ਕਿਸੇ ਕੰਮ ਜਾਂ ਵਿਅਕਤੀ ਦੇ ਵਿਰੁੱਧ ਇੱਕ ਜਬਰਦਸਤ ਭਾਵਨਾ ਹੈ। ਇਸ ਆਇਤ ਵਿੱਚ "ਕ੍ਰੋਧ" ਦਾ ਅਰਥ ਸਜ਼ਾ ਹੈ, ਜਿਹੜੀ ਅਣਆਗਿਆਕਾਰੀਆਂ ਨੂੰ ਦਿੱਤੀ ਜਾਵੇਗੀ ਅਰਥਾਤ, "ਸਦਾ ਦਾ ਵਿਨਾਸ" (2 ਥੱਸਲੁਨੀਕੀਆਂ 1:9)। ਸੱਚਾਈ ਇਹ ਹੈ ਕਿ ਪਰਮੇਸ਼ਰ ਕਿਸੇ ਨੂੰ ਵੀ ਸਜ਼ਾ ਨਹੀਂ ਦੇਣਾ ਚਾਹੁੰਦਾ (2 ਪਤਰਸ 3:9), ਇਸੇ ਕਰਕੇ ਉਸ ਨੇ ਬਚਣ ਦਾ ਇੱਕ ਰਾਹ ਦਿੱਤਾ ਹੈ। ਮਸੀਹੀ ਉਹ ਲੋਕ ਹਨ ਜਿਹੜੇ ਉਸ ਰਾਹ ਨੂੰ ਚੁਣਦੇ ਹਨ।

ਮਸੀਹੀ ਲੋਕ "ਆਪਣੇ ਪ੍ਰਭੂ ਯਿਸੂ ਮਸੀਹ ਰਾਹੀਂ ਮੁਕਤੀ" ਲਈ "ਥਾਪੇ" ਗਏ ਹਨ। ਯਿਸੂ ਨੇ ਆਖਿਆ, "ਰਾਹ . . . ਮੈਂ ਹਾਂ। ਕੋਈ ਮੇਰੇ ਵਸੀਲੇ ਬਿਨਾ ਪਿਤਾ ਦੇ ਕੋਲ ਨਹੀਂ ਆਉਂਦਾ" (ਯੂਹੰਨਾ 14:6)। ਪਰਮੇਸ਼ਰ ਨੇ ਸਾਡੇ ਲਈ "ਥਾਪਿਆ" ਹੈ ਕਿ ਅਸੀਂ "ਮੁਕਤੀ" ਪ੍ਰਾਪਤ ਕਰੀਏ, ਅਰਥਾਤ ਸਵਰਗ ਵਿੱਚ ਉਸ ਦੇ ਨਾਲ ਸਾਡਾ ਪੁਨਰਮੇਲ ਹੋ ਜਾਵੇ। ਅਜਿਹਾ ਉਸ ਨੇ ਇਸ ਲਈ ਕੀਤਾ ਹੈ ਕਿ ਅਸੀਂ "ਉਹ ਦੇ ਨਾਲ ਹੀ ਜੀਵੀਏ" (ਆਇਤ 10)। ਅਸੀਂ, ਜੋ ਵਿਸ਼ਵਾਸਯੋਗ ਹਾਂ, ਸਵਰਗ ਜਾਵਾਂਗੇ। ਮਸੀਹ ਦੀ ਵਾਪਸੀ ਦੇ ਵੇਲੇ ਭਾਵੇਂ ਜੀਉਂਦੇ ਹੋਣ ਭਾਵੇਂ ਮੁਰਦੇ, ਸਾਰੇ ਵਿਸ਼ਵਾਸਯੋਗ ਲੋਕ ਉੱਥੇ ਇਕੱਠੇ ਹੋਣਗੇ।

"ਇਸ ਕਾਰਨ ਤੁਸੀਂ ਇੱਕ ਦੂਏ ਨੂੰ ਤਸੱਲੀ ਦਿਓ" (ਆਇਤ 11)। ਅਸੀਂ ਜਿਸ ਲਈ

ਥਾਪੇ ਗਏ ਹਾਂ ਅਰਥਾਤ ਆਪਣੀ ਮੁਕਤੀ ਦੇ ਬਾਰੇ ਸਿੱਖਿਆ ਦੇ ਕੇ ਇੱਕ-ਦੂਜੇ ਨੂੰ ਤਸੱਲੀ ਦਿਓ। ਥੱਸਲੁਨੀਕੀ ਵਿਸ਼ਵਾਸੀ ਅਜਿਹਾ ਪਹਿਲਾਂ ਤੋਂ ਕਰ ਰਹੇ ਸਨ (ਆਇਤ 11), ਪਰ ਪੌਲੁਸ ਨੇ ਉਨ੍ਹਾਂ ਨੂੰ ਆਖਿਆ ਕਿ ਅਜਿਹਾ ਹੋਰ ਵੀ ਜ਼ਿਆਦਾ ਕਰਨ। ਸਾਨੂੰ ਆਪਣੇ ਅਦਭੁਤ ਭਵਿੱਖ ਬਾਰੇ ਇੱਕ-ਦੂਜੇ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਪਰਮੇਸ਼ਰ ਸਾਡੀ ਮਦਦ ਕਰੇਗਾ ਕਿ ਅਸੀਂ ਵਿਸ਼ਵਾਸਯੋਗ ਬਣੀਏ ਅਤੇ ਬਣੇ ਰਹੀਏ। EE

## ਸੱਚਾ ਜੀਵਨ

ਜੀਵਨ ਕਿੱਥੇ ਹੈ? ਅਸਲ ਜੀਵਨ ਕਿੱਥੇ ਹੈ?

ਅਵਿਸ਼ਵਾਸ ਵਿੱਚ ਨਹੀਂ—

ਵੋਲਟੇਅਰ ਇੱਕ ਪ੍ਰਸਿੱਧ ਨਾਸਤਿਕ ਸੀ। ਉਸ ਨੇ ਲਿਖਿਆ: “ਕਾਸ਼ ਕਿ ਮੈਂ ਪੈਦਾ ਹੀ ਨਾ ਹੋਇਆ ਹੁੰਦਾ।”

ਭੋਗ-ਵਿਲਾਸ ਵਿੱਚ ਨਹੀਂ—

ਲੋਰਡ ਬਾਯਰਨ ਨੇ ਹੁਣ ਤੱਕ ਸਭ ਤੋਂ ਵਧ ਸੁਖ-ਵਿਲਾਸੀ ਜੀਵਨ ਬਤੀਤ ਕੀਤਾ। ਉਸ ਨੇ ਲਿਖਿਆ: “ਕੀੜਾ, ਨਾਸੂਰ ਅਤੇ ਸੋਗ ਕੇਵਲ ਮੇਰੇ ਲਈ ਹੀ ਬਣੇ ਹਨ।”

ਪੈਸੇ ਵਿੱਚ ਨਹੀਂ—

ਅਮਰੀਕੀ ਕਰੋੜਪਤੀ ਜੇਅ ਗੋਲਡ ਕੋਲ ਬਥੇਰਾ ਪੈਸਾ ਸੀ। ਮਰਨ ਵੇਲੇ ਉਸ ਨੇ ਆਖਿਆ, “ਸ਼ਾਇਦ ਮੈਂ ਦੁਨੀਆ ਦਾ ਸਭ ਤੋਂ ਵਧ ਮੰਦਭਾਗਾ ਵਿਅਕਤੀ ਹਾਂ।”

ਪਦਵੀ ਜਾਂ ਪ੍ਰਸਿੱਧੀ ਵਿੱਚ ਨਹੀਂ—

ਲੋਰਡ ਬੀਕਨਸਫੀਲਡ ਨੇ ਇਨ੍ਹਾਂ ਦੋਹਾਂ ਦਾ ਬਹੁਤ ਵਧ ਅਨੰਦ ਮਾਣਿਆ। ਉਸ ਨੇ ਲਿਖਿਆ: “ਜੋਬਨ ਇੱਕ ਗਲਤੀ ਹੈ; ਜਵਾਨੀ ਇੱਕ ਸੰਘਰਸ਼ ਅਤੇ ਬੁਢਾਪਾ ਇੱਕ ਪਛਤਾਵਾ।”

ਫੌਜੀ ਜਿੱਤਾਂ ਵਿੱਚ ਨਹੀਂ—

ਸਿਕੰਦਰ ਮਹਾਨ ਨੇ ਆਪਣੇ ਸਮੇਂ ਦੇ ਸੰਸਾਰ ਨੂੰ ਜਿੱਤ ਲਿਆ ਸੀ। ਅਜਿਹਾ ਕਰਨ ਤੋਂ ਬਾਅਦ ਉਹ ਆਪਣੇ ਤੰਬੂ ਵਿੱਚ ਰੋ ਪਿਆ ਕਿਉਂਕਿ ਉਸ ਨੇ ਆਖਿਆ, “ਹੁਣ ਜਿੱਤਣ ਲਈ ਕੋਈ ਸੰਸਾਰ ਬਚਿਆ ਹੀ ਨਹੀਂ ਹੈ।”

ਤਾਂ ਫਿਰ, ਖੁਸ਼ੀ ਮਿਲਦੀ ਕਿੱਥੇ ਹੈ?

ਜਵਾਬ ਸਧਾਰਨ ਹੈ: ਕੇਵਲ ਮਸੀਹ ਵਿੱਚ। ਉਸ ਨੇ ਆਖਿਆ, “ਮੈਂ ਤੁਹਾਨੂੰ ਫੇਰ ਵੇਖਾਂਗਾ ਅਤੇ ਤੁਹਾਡਾ ਦਿਲ ਅਨੰਦ ਹੋਵੇਗਾ ਅਰ ਤੁਹਾਡਾ ਅਨੰਦ ਤੁਹਾਥੋਂ ਕੋਈ ਨਹੀਂ ਖੋਹੇਗਾ।”

“ਮਸੀਹ ਦੇ ਨਾਲ ਜੀਵਨ ਇੱਕ ਅੰਤਹੀਣ ਆਸ ਹੈ; ਉਸ ਦੇ ਬਿਨਾ ਇਹ ਇੱਕ ਆਸਹੀਣ ਅੰਤ ਹੈ।”[52]

ਜੇਕਰ ਯਿਸੂ ਅੱਜ ਵਾਪਿਸ ਆ ਜਾਵੇ, ਤਾਂ ਸਾਨੂੰ ਕਿਹੋ ਜਿਹਾ ਲੱਗੇਗਾ? ਕੀ ਸਾਡੇ ਕੋਲ ਅੰਤਹੀਣ ਆਸ ਹੋਵੇਗੀ ਜਾਂ ਆਸਹੀਣ ਅੰਤ? EE

**ਚਾਨਣ ਦੇ ਪੁੱਤਰਾਂ ਵਾਂਗ (5:4-11)**

ਜੇਕਰ ਯਿਸੂ ਉਵੇਂ ਆਉਣ ਵਾਲਾ ਹੈ ਜਿਵੇਂ ਰਾਤ ਨੂੰ ਚੋਰ, ਤਾਂ ਸਾਨੂੰ ਕਿਹੋ ਜਿਹਾ ਜੀਵਨ ਬਤੀਤ ਕਰਨਾ ਚਾਹੀਦਾ ਹੈ? ਪੌਲੁਸ ਵੱਲੋਂ ਦੋ ਮਸੀਹੀ ਚਰਿੱਤਰ ਢੁਕਵੇਂ ਢੰਗ ਨਾਲ ਸਾਹਮਣੇ ਲਿਆਂਦੇ ਗਏ ਹਨ।

*ਸਾਨੂੰ ਜਾਗਦੇ ਰਹਿਣਾ ਹੈ।* ਅਸੀਂ ਹਨੇਰੇ ਵਿੱਚ ਨਹੀਂ ਰਹਿੰਦੇ ਭਈ ਇਸ ਗੱਲ ਤੋਂ ਅਣਜਾਣ ਹਾਂ ਕਿ ਯਿਸੂ ਆਉਣ ਵਾਲਾ ਹੈ। ਅਸੀਂ ਉਸ ਦੇ ਆਉਣ ਦੀ ਸੱਚਾਈ ਨੂੰ ਜਾਣਦੇ ਹਾਂ, ਇਸ ਕਰਕੇ ਅਸੀਂ ਇਸ ਸੱਚਾਈ ਦੇ ਗਿਆਨ ਵਿੱਚ ਜੀਉਂਦੇ ਹਾਂ। ਪੌਲੁਸ ਨੇ ਆਖਿਆ ਕਿ ਅਸੀਂ "ਚਾਨਣ ਦੇ ਪੁੱਤਰ" ਹਾਂ ਕਿਉਂਕਿ ਅਸੀਂ ਸੱਚਾਈ ਵਿੱਚ ਜੀਉਂਦੇ ਹਾਂ ਅਤੇ ਆਪ ਚਾਨਣ ਹਾਂ। ਉਸ ਨੇ ਆਖਿਆ ਕਿ ਅਸੀਂ "ਦਿਨ ਦੇ ਪੁੱਤਰ" ਹਾਂ ਕਿਉਂਕਿ ਅਸੀਂ ਪ੍ਰਭੂ ਦੇ ਦਿਨ ਨੂੰ ਚੇਤੇ ਰੱਖਦੇ ਹੋਏ ਆਪਣਾ ਜੀਵਨ ਬਤੀਤ ਕਰਦੇ ਹਾਂ। ਅਸੀਂ ਜਾਣਦੇ ਹਾਂ ਕਿ ਉਹ ਦਿਨ ਆ ਰਿਹਾ ਹੈ ਅਤੇ ਅਸੀਂ ਉਸ ਦੀ ਤਿਆਰੀ ਵਿੱਚ ਜੀ ਰਹੇ ਹਾਂ।

*ਸਾਨੂੰ ਸੁਚੇਤ ਰਹਿਣਾ ਹੈ।* ਸਾਨੂੰ ਸੁੱਤੇ ਨਹੀਂ ਰਹਿਣਾ ਹੈ, ਸਗੋਂ ਸਾਨੂੰ ਜਾਗਦੇ ਰਹਿਣਾ ਹੈ ਅਤੇ ਉਸ ਗੱਲ ਲਈ ਸੁਚੇਤ ਰਹਿਣਾ ਹੈ ਜਿਹੜੀ ਕਿਸੇ ਵੀ ਵੇਲੇ ਹੋ ਸਕਦੀ ਹੈ। ਉਸ ਨੇ ਆਖਿਆ ਕਿ ਕੁਝ ਲੋਕ ਰਾਤ ਨੂੰ ਮਤਵਾਲੇ ਹੋਣ ਵਾਲੇ ਲੋਕਾਂ ਵਰਗੇ ਹਨ। ਉਹ ਜੀਵਨ ਨੂੰ ਲੈ ਕੇ ਗੰਭੀਰ ਨਹੀਂ ਹਨ ਅਤੇ ਨਾ ਹੀ ਸੰਭਾਵਨਾ ਦੇ ਪ੍ਰਤੀ ਸੁਚੇਤ ਹਨ। ਮਸੀਹੀ ਆਪਣੇ ਜੀਵਨ ਦਾ ਅਨੰਦ ਮਾਣ ਸਕਦੇ ਹਨ, ਪਰ ਉਨ੍ਹਾਂ ਨੂੰ ਜਾਗਦੇ ਰਹਿਣ ਦੀ ਵੀ ਲੋੜ ਹੈ। ਉਹ ਜਾਣਦੇ ਹਨ ਕਿ ਕਿਸੇ ਵੀ ਵੇਲੇ ਉਹ ਸਭਨਾਂ ਚੀਜ਼ਾਂ ਦੇ ਅੰਤ ਨੂੰ ਵੇਖ ਸਕਦੇ ਹਨ।

ਹਰੇਕ ਮਸੀਹੀ ਨੂੰ ਹਰ ਵੇਲੇ ਇਵੇਂ ਜੀਉਣਾ ਚਾਹੀਦਾ ਹੈ ਕਿ ਯਿਸੂ ਕਿਸੇ ਵੀ ਵੇਲੇ ਵਾਪਿਸ ਆ ਸਕਦਾ ਹੈ। ਸਾਨੂੰ ਜਾਗਦੇ ਰਹਿਣਾ ਹੈ ਅਤੇ ਸੁਚੇਤ ਰਹਿਣਾ ਹੈ। EC

## ਸੁਚੇਤ ਜੀਵਨ (5:8-11)

ਪੌਲੁਸ ਨੇ ਆਖਿਆ ਕਿ ਥੱਸਲੁਨੀਕੀ ਵਿਸ਼ਵਾਸੀ ਚਾਨਣ ਦੇ ਪੁੱਤਰ ਸਨ ਅਤੇ ਕੋਈ ਵੀ ਗੱਲ ਉਨ੍ਹਾਂ ਉੱਤੇ ਅਚਨਚੇਤ ਨਾ ਆਣ ਪਵੇ। ਉਸ ਨੇ ਉਨ੍ਹਾਂ ਨੂੰ ਚਿਤਾਉਣੀ ਦਿੱਤੀ ਕਿ ਉਹ ਜਾਗਦੇ ਅਤੇ ਸੁਚੇਤ ਰਹਿਣ। ਪਰ ਸੁਚੇਤ ਰਹਿਣ ਨਾਲ ਕੁਝ ਜਿੰਮੇਵਾਰੀਆਂ ਵੀ ਸਾਡੇ ਉੱਤੇ ਆਉਂਦੀਆਂ ਹਨ। ਸੁਚੇਤ ਲੋਕ ਕਿਵੇਂ ਜੀਉਂਦੇ ਹਨ?

*ਨਿਹਚਾ ਅਤੇ ਪ੍ਰੇਮ ਦੀ ਸੰਜੋ।* ਮਸੀਹੀ ਲੋਕ ਸਿਪਾਹੀ ਹਨ ਅਤੇ ਜ਼ਰੂਰੀ ਹੈ ਕਿ ਸ਼ਸਤਰ-ਬਸਤਰ ਪਹਿਨ ਕੇ ਰੱਖਣ। ਉਹ ਫੈਸਲਾ ਲੈਂਦੇ ਹਨ ਕਿ ਉਹ ਨਿਹਚਾ ਅਤੇ ਪ੍ਰੇਮ ਨੂੰ ਪਹਿਨ ਲੈਣ, ਜੋ ਉਨ੍ਹਾਂ ਦੇ ਹਿਰਦੇ ਨੂੰ ਸੁਰੱਖਿਅਤ ਰੱਖਣਗੇ ਅਤੇ ਉਨ੍ਹਾਂ ਨੂੰ ਹਮੇਸ਼ਾ ਤਿਆਰ ਰੱਖਣਗੇ।

*ਮੁਕਤੀ ਦੀ ਆਸ ਦਾ ਟੋਪ।* ਮਸੀਹੀ ਜਾਣਦੇ ਹਨ ਕਿ ਉਹ ਖੁਸ਼ਖਬਰੀ ਦੇ ਪ੍ਰਤੀ ਆਪਣੀ ਆਗਿਆਕਾਰੀ ਅਤੇ ਯਿਸੂ ਦੇ ਲਹੂ ਰਾਹੀਂ ਸ਼ੁੱਧੀਕਰਨ ਸਦਕਾ ਬਚਾਏ ਜਾਣਗੇ। ਮੁਕਤੀ ਉਨ੍ਹਾਂ ਦੇ ਲਈ ਵਰਤਮਾਨ ਸੱਚਾਈ ਹੋਣ ਦੇ ਨਾਲ-ਨਾਲ ਭਵਿੱਖ ਦੀ ਇੱਕ ਆਸ ਵੀ ਹੈ। ਉਹ ਅਤੀਤ ਦੇ ਪਾਪ ਤੋਂ ਬਚਾ ਲਏ ਗਏ ਹਨ, ਚਾਨਣ ਵਿੱਚ ਚੱਲਣ ਦੁਆਰਾ ਬਚੇ ਰਹਿੰਦੇ ਹਨ ਅਤੇ ਉਹ ਸਵਰਗ ਵਿਚਲੇ ਸਦੀਪਕ ਜੀਵਨ ਦੀ ਉਡੀਕ ਕਰਦੇ ਹਨ।

*ਇੱਕ ਦੂਏ ਨੂੰ ਤਸੱਲੀ ਦਿਓ।* ਪੌਲੁਸ ਨੇ ਆਖਿਆ ਕਿ ਮਸੀਹ ਦੇ ਪ੍ਰਤੀ ਵਿਸ਼ਵਾਸਯੋਗ ਰਹਿਣ ਲਈ ਇੱਕ-ਦੂਜੇ ਨੂੰ ਤਸੱਲੀ ਦਿਓ, ਇੱਕ-ਦੂਜੇ ਦੀ ਉੱਨਤੀ ਕਰੋ ਅਰਥਾਤ ਇੱਕ-ਦੂਜੇ

ਨੂੰ ਤਕੜਿਆਂ ਕਰੋ ਅਤੇ ਭਰਾਵਾਂ ਵਾਗ ਇਕੱਠੇ ਰਹੋ।

ਅਸੀਂ ਭਾਵੇਂ ਜਾਗਦੇ ਭਾਵੇਂ ਸੁੱਤੇ ਹੋਈਏ ਉਹ ਦੇ ਨਾਲ ਹੀ ਜੀਵੀਏ। ਇਸ ਵਾਕ ਦਾ ਅਰਥ ਹੈ ਕਿ ਉਸ ਦੀ ਵਾਪਸੀ ਵੇਲੇ ਭਾਵੇਂ ਅਸੀਂ ਮਰ ਚੁੱਕੇ ਹੋਈਏ ਜਾਂ ਭਾਵੇਂ ਉਸ ਦੀ ਵਾਪਸੀ ਵੇਲੇ ਧਰਤੀ ’ਤੇ ਜੀਉਂਦੇ ਹੋਈਏ (ਆਇਤਾਂ 9, 10)। ਉਹ ਆਖਦਾ ਹੈ ਕਿ ਅਸੀਂ ਭਾਵੇਂ ਜਾਗਦੇ ਹੋਈਏ ਜਾਂ ਮਰ ਚੁੱਕੇ ਹੋਈਏ ਅਸੀਂ ਉਸ ਦੇ ਨਾਲ ਰਹਾਂਗੇ। ਮਸੀਹੀ ਇਸ ਜੀਵਨ ਵਿੱਚ ਇਕੱਠੇ ਰਹਿਣਗੇ ਅਤੇ ਆਉਣ ਵਾਲੇ ਜੀਵਨ ਵਿੱਚ ਵੀ।

ਸੁਚੇਤਤਾ ਤਿੰਨ ਦਿਸ਼ਾਵਾਂ ਵਿੱਚ ਜਾਂਦੀ ਹੈ: ਪ੍ਰਭੂ ਵੱਲ, ਭਰਾਵਾਂ ਵੱਲ ਅਤੇ ਭਵਿੱਖ ਵੱਲ। ਸਾਨੂੰ ਪ੍ਰਭੂ ਦੇ ਪ੍ਰਤੀ, ਪ੍ਰਭੂ ਦੇ ਲੋਕਾਂ ਦੇ ਪ੍ਰਤੀ ਅਤੇ ਪ੍ਰਭੂ ਦੀ ਵਾਪਸੀ ਦੇ ਪ੍ਰਤੀ ਸੁਚੇਤ ਰਹਿਣ ਦੀ ਜਿੰਮੇਵਾਰੀ ਸੌਂਪੀ ਗਈ ਹੈ। EC

**ਸਭਨਾਂ ਦਿਨਾਂ ਵਿੱਚੋਂ ਵੱਡਾ ਦਿਹਾੜਾ (5:1-11)**

ਯਿਸੂ ਦੀ ਵਾਪਸੀ ਵਿਸ਼ਵਾਸਯੋਗ ਮਸੀਹੀਆਂ ਨੂੰ ਇੱਕ ਆਸ ਦਿੰਦੀ ਹੈ। ਹਾਲਾਂਕਿ ਇਹ ਭਵਿੱਖ ਦੇ ਲਈ ਆਸ ਦਿੰਦੀ ਹੈ, ਪਰ ਨਾਲ ਹੀ ਇਹ ਹੁਣ ਸ਼ਾਂਤੀ ਅਤੇ ਤਸੱਲੀ ਵੀ ਦਿੰਦੀ ਹੈ।

ਜਦ ਅਸੀਂ ਯਿਸੂ ਦੀ ਵਾਪਸੀ ਦੀ ਉਡੀਕ ਕਰ ਰਹੇ ਹਾਂ, ਤਾਂ ਸਾਨੂੰ ਉਸ ਵੱਡੇ ਦਿਨ ਦੀ ਤਿਆਰੀ ਵਿੱਚ ਜੀਉਣਾ ਚਾਹੀਦਾ ਹੈ। 1 ਥੱਸਲੁਨੀਕੀਆਂ 5 ਦਾ ਪਹਿਲਾ ਹਿੱਸਾ ਇਸੇ ਮਸਲੇ ਬਾਰੇ ਗੱਲ ਕਰਦਾ ਹੈ। ਯਿਸੂ ਦੀ ਵਾਪਸੀ ਬਾਰੇ ਇਹ ਚਰਚਾ ਥੱਸਲੁਨੀਕੇ ਦੇ ਵਿਸ਼ਵਾਸੀਆਂ ਨੂੰ ਉਤਸ਼ਾਹਿਤ ਕਰਨ ਲਈ ਸ਼ਾਮਿਲ ਕੀਤੀ ਗਈ ਸੀ, ਇਸ ਕਰਕੇ ਨਹੀਂ ਕਿ ਉਹ ਇਹ ਜਾਣਦੇ ਨਹੀਂ ਸਨ ਕਿ ਯਿਸੂ ਵਾਪਿਸ ਆ ਰਿਹਾ ਹੈ ਜਾਂ ਇਸ ਕਰਕੇ ਨਹੀਂ ਕਿ ਉਹ ਮੰਦਾ ਜੀਵਨ ਜੀ ਰਹੇ ਸਨ ਅਤੇ ਉਸ ਦੀ ਵਾਪਸੀ ਦੇ ਲਈ ਤਿਆਰ ਨਹੀਂ ਸਨ। ਇਹ ਹਿੱਸਾ ਇਸ ਤਰ੍ਹਾਂ ਅਰੰਭ ਹੁੰਦਾ ਹੈ, “ਤੁਹਾਨੂੰ ਕੋਈ ਲੋੜ ਨਹੀਂ ਜੋ ਤੁਹਾਡੀ ਵੱਲ ਸਮਿਆਂ ਅਤੇ ਵੇਲਿਆਂ ਲਈ ਕੁਝ ਲਿਖਿਆ ਜਾਵੇ” (5:1) ਅਤੇ ਇਸ ਤਰ੍ਹਾਂ ਖਤਮ ਹੁੰਦਾ ਹੈ “ਜਿਵੇਂ ਤੁਸੀਂ ਕਰਦੇ ਵੀ ਹੋ” (5:11), ਜਿਸ ਤੋਂ ਪਤਾ ਚੱਲਦਾ ਹੈ ਕਿ ਉਹ ਉਸ ਦੀ ਵਾਪਸੀ ਬਾਰੇ ਜਾਣਦੇ ਸਨ ਅਤੇ ਚੰਗੇ ਜੀਵਨ ਜੀ ਰਹੇ ਸਨ। ਪੌਲੁਸ ਥੱਸਲੁਨੀਕੀਆਂ ਨੂੰ ਉਤਸ਼ਾਹਿਤ ਕਰ ਰਿਹਾ ਸੀ ਕਿ ਉਹ ਹੋਰ ਵਧੇਰੇ ਪ੍ਰਭਾਵਸ਼ਾਲੀ ਜੀਵਨ ਬਤੀਤ ਕਰਨ, ਉਸ ਦੇ ਅਧਾਰ ’ਤੇ ਜੋ ਉਹ ਕਰਦੇ ਆ ਰਹੇ ਸਨ।

ਅਸੀਂ ਯਿਸੂ ਦੀ ਵਾਪਸੀ ਬਾਰੇ ਜਿੰਨੇ ਜ਼ਿਆਦਾ ਤੱਥ ਸਮਝਦੇ ਜਾਵਾਂਗੇ, ਓਨਾ ਵਧੇਰੇ ਅਸੀਂ ਆਪਣੇ ਜੀਵਨਾਂ ਨੂੰ ਬੁੱਧੀਮਾਨੀ ਨਾਲ ਇਸਤੇਮਾਲ ਕਰਾਂਗੇ ਅਤੇ ਉਸ ਦੀ ਵਾਪਸੀ ਦੇ ਲਈ ਤਿਆਰ ਰਹਾਂਗੇ। ਉਸ ਦੀ ਵਾਪਸੀ ਕਿਹੋ ਜਿਹੀ ਹੋਵੇਗੀ ਅਤੇ ਅਸੀਂ ਕਿਵੇਂ ਤਿਆਰ ਰਹਿ ਸਕਦਾ ਹਾਂ?

*ਉਸ ਦੀ ਵਾਪਸੀ ਦੇ ਲਈ ਤਿਆਰ ਰਹਿਣਾ* (5:1–3)। ਪੌਲੁਸ ਨੇ ਪੂਰੀ ਨਿਸ਼ਚਿਤਤਾ ਦੇ ਨਾਲ ਯਿਸੂ ਦੀ ਵਾਪਸੀ ਦੀ ਗੱਲ ਕੀਤੀ ਸੀ (5:1)। ਉਸ ਨੇ ਉਸ ਦੀ ਵਾਪਸੀ ਦੇ ਸਮੇਂ ਦੀ ਅਨਿਸ਼ਚਿਤਤਾ ਬਾਰੇ ਵੀ ਗੱਲ ਕੀਤੀ। ਇਹ ਦੋਵੇਂ ਸੁਨੇਹੇ ਥੱਸਲੁਨੀਕੇ ਦੇ ਨਵੇਂ ਮਸੀਹੀਆਂ ਦੁਆਰਾ ਸਵੀਕਾਰ ਕਰ ਲਏ ਗਏ ਸਨ।

ਕਦੇ-ਕਦੇ ਅਸੀਂ ਉਪਦੇਸ਼ਕ ਸੋਚਦੇ ਹਾਂ ਕਿ ਕਿਸੇ ਵਿਸ਼ੇ ’ਤੇ ਸਿਖਾਏ ਜਾਣ ਦਾ ਅਰਥ ਹੈ ਕਿ ਹੁਣ ਉਸ ਵਿਸ਼ੇ ’ਤੇ ਦੁਬਾਰਾ ਸਿਖਾਏ ਜਾਣ ਦੀ ਲੋੜ ਨਹੀਂ ਹੈ। ਇਹ ਸੁਨੇਹਾ ਉਬਾਊ ਨਹੀਂ ਸੀ; ਇਹ ਅਜਿਹਾ ਸੁਨੇਹਾ ਸੀ ਜਿਸ ਨੂੰ ਪਰਮੇਸ਼ੁਰ ਬਾਰ-ਬਾਰ ਸੁਣਾਉਣਾ ਚਾਹੁੰਦਾ ਸੀ। ਇਹ

ਮੰਡਲੀ ਨੂੰ ਵਧਣ ਅਤੇ ਪਰਿਪੱਕ ਹੋਣ ਵਿੱਚ ਮਦਦ ਕਰੇਗਾ।

ਇਹ ਸੁਨੇਹਾ ਕੀ ਸੀ? ਇਹ ਸੁਨੇਹਾ ਇਹ ਸੀ ਕਿ ਪ੍ਰਭੂ ਦੀ ਵਾਪਸੀ ਅਚਾਣਕ ਹੋਵੇਗੀ ਅਤੇ ਉਸ ਵੇਲੇ ਹੋਵੇਗੀ ਜਿਸ ਦੀ ਕਿਸੇ ਨੇ ਉਮੀਦ ਵੀ ਨਹੀਂ ਕੀਤੀ ਹੋਵੇਗੀ, ਉਵੇਂ ਹੀ ਜਿਵੇ ਰਾਤ ਨੂੰ ਚੋਰ ਆਉਂਦਾ ਹੈ (5:2)। ਜਿਨ੍ਹਾਂ ਧਾਰਮਿਕ ਆਗੂਆਂ ਨੇ ਮਸੀਹ ਦੀ ਵਾਪਸੀ ਦੇ ਸਮੇਂ ਦਾ ਅੰਦਾਜ਼ਾ ਲਗਾਉਣ ਦਾ ਜਤਨ ਕੀਤਾ ਹੈ, ਉਨ੍ਹਾਂ ਨੇ ਇਨ੍ਹਾਂ ਆਇਤਾਂ ਨੂੰ ਸਵੀਕਾਰ ਨਹੀਂ ਕੀਤਾ ਹੈ। ਉਨ੍ਹਾਂ ਦੇ ਦਾਅਵੇ ਖੋਖਲੀਆਂ ਸ਼ੰਕਾਵਾਂ ਹਨ। ਜਿਹੜੇ ਲੋਕ ਅਜਿਹੇ ਦਾਅਵਿਆਂ ਦੇ ਮਗਰ ਹੋ ਲੈਂਦੇ ਹਨ, ਉਹ ਆਪਣੀ ਨਿਹਚਾ ਪਰਮੇਸ਼ਰ ਦੇ ਵਚਨ ’ਤੇ ਨਹੀਂ ਪਰ ਮਨੁੱਖਾਂ ’ਤੇ ਪਾ ਰਹੇ ਹਨ। ਉਹ ਪੱਕੇ ਤੌਰ ’ਤੇ ਨਿਰਾਸ਼ਾ ਦਾ ਸਾਹਮਣਾ ਕਰਨਗੇ। ਇਸ ਦੇ ਉਲਟ ਪੌਲੁਸ ਵਰਗੇ ਇਨ੍ਹਾਂ ਆਗੂਆਂ ਨੇ ਯਿਸੂ ਦੀ ਵਾਪਸੀ ਦੀ ਨਿਸ਼ਚਿਤਤਾ ਅਤੇ ਉਸ ਦੀ ਵਾਪਸੀ ਦੇ ਸਮੇਂ ਦੀ ਅਨਿਸ਼ਚਿਤਤਾ ਦੇ ਪਰਮੇਸ਼ਰ ਦੇ ਸੁਨੇਹੇ ਨੂੰ ਸਵੀਕਾਰ ਕੀਤਾ ਸੀ।

ਜਦੋਂ ਥੱਸਲੁਨੀਕੀ ਲੋਕ ਮਸੀਹੀ ਹੋਏ ਸਨ, ਉਹ ਜਾਣ ਗਏ ਸਨ ਕਿ ਯਿਸੂ ਉਨ੍ਹਾਂ ਨੂੰ ਬਚਾਵੇਗਾ। ਉਹ ਜਾਣਦੇ ਸਨ ਕਿ ਉਹ ਪਰਮੇਸ਼ਰ ਦੀ ਕਿਰਪਾ ਹੇਠ ਹੋਣਗੇ ਅਤੇ ਆਪਣਿਆਂ ਪਾਪਾਂ ਦੇ ਨਤੀਜਿਆਂ ਤੋਂ ਬਚ ਜਾਣਗੇ (ਵੇਖੋ 1:10)। ਬਾਕੀ ਲੋਕ ਦਾਅਵੇ ਕਰ ਰਹੇ ਸਨ ਕਿ ਯਿਸੂ ਵਾਪਿਸ ਨਹੀਂ ਆਵੇਗਾ ਅਤੇ ਉਨ੍ਹਾਂ ਨੂੰ ਆਪਣਿਆਂ ਪਾਪਾਂ ਦਾ ਹਿਸਾਬ ਨਹੀਂ ਦੇਣਾ ਪਵੇਗਾ। ਉਹ ਸੋਚ ਰਹੇ ਸਨ ਕਿ ਉਨ੍ਹਾਂ ਦੀ ਸੁਰੱਖਿਆ ਨੂੰ ਕੋਈ ਖਤਰਾ ਨਹੀਂ ਹੈ। ਯਿਸੂ ਦੀ ਵਾਪਸੀ ਗੈਰਵਿਸ਼ਵਾਸੀਆਂ ਦੇ ਉੱਤੇ ਸਜ਼ਾ ਅਤੇ ਨਾਸ ਲੈ ਕੇ ਆਵੇਗੀ। ਗਰਭਵੰਤੀ ਇਸਤਰੀ ਦੀਆਂ ਪੀੜਾਂ ਵਾਂਗ ਇਹ ਅਚਾਣਕ ਹੋਵੇਗਾ (5:3)। ਯਿਸੂ ਉਨ੍ਹਾਂ ਨੂੰ ਲੈਣ ਲਈ ਆਵੇਗਾ ਜਿਨ੍ਹਾਂ ਨੇ ਉਸ ਉੱਤੇ ਵਿਸ਼ਵਾਸ ਕੀਤਾ ਹੈ। ਵਿਸ਼ਵਾਸ ਤੋਂ ਰਹਿਤ ਲੋਕ ਆਪਣਿਆਂ ਪਾਪਾਂ ਦੇ ਨਤੀਜੇ ਭੋਗਣਗੇ।

ਯਿਸੂ ਦੀ ਅਚਾਣਕ ਵਾਪਸੀ ਦਾ ਜ਼ਿਕਰ ਮਸੀਹੀਆਂ ਨੂੰ ਡਰਾ-ਧਮਕਾ ਕੇ ਆਗਿਆਕਾਰੀ ਬਣਾਉਣ ਲਈ ਨਹੀਂ ਕੀਤਾ ਗਿਆ ਸੀ। ਉਹ ਇਸ ਮਸਲੇ ਤੋਂ ਪੂਰੀ ਤਰ੍ਹਾਂ ਜਾਣੂ ਸਨ। ਇਹ ਸੁਨੇਹਾ ਇਸ ਕਰਕੇ ਦਿੱਤਾ ਗਿਆ ਸੀ ਪਰਮੇਸ਼ਰ ਦੇ ਵੱਲ ਹੋਣ ਦੇ ਲਾਭਾਂ ਨੂੰ ਦੁਬਾਰਾ ਸੁਨਿਸ਼ਿਚਿਤ ਕੀਤਾ ਜਾ ਸਕੇ ਅਤੇ ਇਹ ਵੀ ਕਿ ਯਿਸੂ ਉਨ੍ਹਾਂ ਦੀ ਆਤਮਕ ਭਲਿਆਈ ਦੀ ਦੇਖਭਾਲ ਕਰ ਲਵੇਗਾ। ਤਦ ਤੱਕ ਉਹ ਉਹੋ ਜਿਹਾ ਜੀਵਨ ਬਤੀਤ ਕਰਦੇ ਰਹਿਣ ਜਿਹੋ ਜਿਹਾ ਯਿਸੂ ਚਾਹੁੰਦਾ ਸੀ।

ਕੀ ਅਸੀਂ ਯਿਸੂ ਦੀ ਵਾਪਸੀ ਦੀ ਨਿਸ਼ਚਿਤਤਾ ਬਾਰੇ ਸੁਨਿਸ਼ਚਿਤ ਹਾਂ? ਕੀ ਅਸੀਂ ਜਾਣਦੇ ਹਾਂ ਕਿ ਇਹ ਕਿਸੇ ਵੀ ਸਮੇਂ ਹੋ ਸਕਦਾ ਹੈ? ਕੀ ਅਸੀਂ ਆਪਣੇ ਰੋਜਾਨਾ ਦੇ ਜੀਵਨ ਵਿੱਚ ਇਸ ਨੂੰ ਚੇਤੇ ਰੱਖਦੇ ਹਾਂ? ਆਪਣੇ ਆਪ ਨੂੰ ਹਰ ਦਿਨ, ਹਰ ਹਫਤੇ ਇਸ ਸੱਚਾਈ ਬਾਰੇ ਚੇਤੇ ਕਰਾਉਂਦੇ ਰਹਿਣਾ ਚੰਗਾ ਹੈ!

*ਚਾਨਣ ਦੇ ਪੁੱਤਰ ਹੋਣਾ* (5:4–7)। ਨਵੇਂ ਨੇਮ ਵਿੱਚ ਚਾਨਣ ਅਤੇ ਦਿਨ ਅਕਸਰ ਪਰਮੇਸ਼ਰ ਦੇ ਨਾਲ ਸੰਬੰਧਤ ਹਨ; ਹਨੇਰਾ ਅਤੇ ਰਾਤ ਅਕਸਰ ਸ਼ਤਾਨ ਦੇ ਨਾਲ ਸੰਬੰਧਤ ਹਨ। ਸਾਨੂੰ ਦੱਸਿਆ ਗਿਆ ਹੈ ਕਿ “ਪਰਮੇਸ਼ਰ ਚਾਨਣ ਹੈ ਅਤੇ ਅਨ੍ਹੇਰਾ ਉਹ ਦੇ ਵਿੱਚ ਮੂਲੋਂ ਨਹੀਂ” (1 ਯੂਹੰਨਾ 1:5)। ਯਿਸੂ ਨੂੰ “ਜਗਤ ਦਾ ਚਾਨਣ” (ਯੂਹੰਨਾ 8:12) ਆਖਿਆ ਗਿਆ ਹੈ। ਜਿਹੜੇ ਲੋਕ ਪਰਮੇਸ਼ਰ ਦੇ ਪੈਰੋਕਾਰ ਹਨ ਉਨ੍ਹਾਂ ਨੂੰ, “ਚਾਨਣ ਦੇ ਪੁਤਰ” (ਅਫ਼ਸੀਆਂ 5:8) ਆਖਿਆ ਗਿਆ ਹੈ। ਇਸ ਦੇ ਉਲਟ ਸ਼ਤਾਨ ਦੇ ਕੋਲ “ਅੰਧਕਾਰ ਦਾ ਵੱਸ” (ਕੁਲੁੱਸੀਆਂ 1:13) ਹੈ ਅਤੇ ਜੋ ਕੋਈ ਉਸ ਦੇ ਮਗਰ ਤੁਰਦਾ ਹੈ ਉਹ “ਅਨ੍ਹੇਰੇ ਵਿੱਚ ਚੱਲਦਾ ਹੈ”

(ਯੂਹੰਨਾ 12:35)।

ਇਹ ਭਾਵ ਪਰਮੇਸ਼ਰ ਦੇ ਸੁਭਾਓ ਅਤੇ ਸ਼ਤਾਨ ਦੇ ਸੁਭਾਓ ਵਿਚਕਾਰ ਭਿੰਨਤਾਵਾਂ ਨੂੰ ਪੇਸ਼ ਕਰਦੇ ਹਨ। ਪਰਮੇਸ਼ਰ ਦਾ ਵਚਨ ਹਮੇਸ਼ਾ ਸੱਚਾ ਹੈ (ਯੂਹੰਨਾ 17:17), ਪਰ ਸ਼ਤਾਨ ਝੂਠਾ ਹੈ ਅਤੇ ਝੂਠ ਦਾ ਪਿਤਾ ਹੈ (ਯੂਹੰਨਾ 8:44)। ਇਹ ਪੱਤਰ ਸਾਨੂੰ ਮਸੀਹੀਆਂ ਨੂੰ ਚੇਤੇ ਕਰਾਉਂਦਾ ਹੈ ਕਿ ਜਦ ਤੋਂ ਪਰਮੇਸ਼ਰ ਨੇ ਸਾਨੂੰ ਸਵੀਕਾਰ ਕਰ ਲਿਆ ਹੈ, ਤਦ ਤੋਂ ਅਸੀਂ "ਚਾਨਣ ਦੇ ਪੁੱਤਰ ਅਤੇ ਦਿਨ ਦੇ ਪੁੱਤਰ" (5:5) ਬਣ ਗਏ ਹਾਂ।

ਜਿਵੇਂ ਸ਼ਤਾਨ ਅਤੇ ਪਰਮੇਸ਼ਰ ਵਿਚਕਾਰ ਅੰਤਰ ਹੈ, ਉਸੇ ਤਰ੍ਹਾਂ ਉਨ੍ਹਾਂ ਲੋਕਾਂ ਵਿਚਕਾਰ ਵੀ ਅੰਤਰ ਹੋਣਾ ਚਾਹੀਦਾ ਹੈ ਜੋ ਪਰਮੇਸ਼ਰ ਦੇ ਵੱਲ ਹਨ ਅਤੇ ਜੋ ਸ਼ਤਾਨ ਦੇ ਵੱਲ ਹਨ (5:5–7)। ਜੇਕਰ ਅਸੀਂ ਆਪਣੇ ਸੁਰਗੀ ਪਿਤਾ ਦੇ ਸੱਚੇ ਚੇਲੇ ਹਾਂ, ਤਾਂ ਅਸੀਂ ਉਸ ਵਰਗੇ ਦਿਖਾਂਗੇ। ਅਸੀਂ ਆਪਣੇ ਪਿਤਾ ਵਰਗੇ ਕਿਵੇਂ ਦਿੱਖਦੇ ਹਾਂ? ਆਪਣੇ ਵਿਹਾਰ ਵਿੱਚ! ਇਸ ਵਿਹਾਰ ਨੂੰ "ਜਾਗਦੇ ਰਹਿਣ ਅਤੇ ਸੁਚੇਤ ਰਹਿਣ" ਵਜੋਂ ਪੇਸ਼ ਕੀਤਾ ਗਿਆ ਹੈ (ਆਇਤ 6)। ਲਾਪਰਵਾਹ ਵਿਹਾਰ ਜਾਂ ਮਤਵਾਲਾ ਮਨ ਸਾਡੇ ਵਿਹਾਰ ਦੇ ਸੰਬੰਧ ਵਿੱਚ ਸਹੀ ਫੈਸਲੇ ਲੈਣਾ ਸਾਨੂੰ ਔਖਾ ਕਰ ਦੇਵੇਗਾ।

ਥੱਸਲੁਨੀਕੇ ਵਿੱਚ ਜਿਹੜੇ ਲੋਕ ਮਸੀਹੀ ਬਣ ਗਏ ਸਨ, ਉਹ ਆਪਣੇ ਵਿਸ਼ਵਾਸ ਦੇ ਕਾਰਨ ਸਤਾਏ ਜਾ ਰਹੇ ਸਨ। ਸ਼ਤਾਨ ਆਪਣਾ ਪੂਰਾ ਜ਼ੋਰ ਲਗਾ ਰਿਹਾ ਸੀ ਕਿ ਉਨ੍ਹਾਂ ਨੂੰ ਪਰਮੇਸ਼ਰ ਦੀ ਪੈਰੋਕਾਰੀ ਕਰਨ ਤੋਂ ਮੋੜ ਦੇਵੇ। ਜੇਕਰ ਕਿਸੇ ਵਿਅਕਤੀ ਦਾ ਮਨ ਸੁਚੇਤ ਨਾ ਹੁੰਦਾ ਅਤੇ ਉਸ ਦੀਆਂ ਭਾਵਨਾਵਾਂ ਉੱਤੇ ਉਸ ਦਾ ਨਿਯੰਤ੍ਰਣ ਨਾ ਹੁੰਦਾ ਤਾਂ ਅਜਿਹੇ ਵਿਅਕਤੀ ਨੂੰ ਵਾਪਿਸ ਮੂਰਤੀ ਪੂਜਾ ਵਿੱਚ ਲਿਜਾਣਾ ਕਿੰਨਾ ਸੌਖਾ ਹੁੰਦਾ! ਅਜਿਹੇ ਵਿਅਕਤੀ ਦਾ ਉਸ ਵੇਲੇ ਅਨੈਤਿਕਤਾ ਅਤੇ ਕੁਧਰਮ ਦਿਆਂ ਕੰਮਾਂ ਵਿੱਚ ਸ਼ਾਮਿਲ ਹੋਣਾ ਕਿੰਨਾ ਸੌਖਾ ਹੋ ਜਾਂਦਾ, ਜਦ ਉਸ ਦੇ ਆਲੇ-ਦੁਆਲੇ ਦੇ ਲੋਕ ਉਸ ਨੂੰ ਆਪਣੇ ਵਰਗੀ ਜੀਵਨਸ਼ੈਲੀ ਵਿੱਚ ਸ਼ਾਮਿਲ ਹੋਣ ਲਈ ਉਕਸਾਉਂਦੇ! ਪੁਰਾਣੇ ਕੰਮਾਂ ਵਿੱਚ ਵਾਪਿਸ ਚਲੇ ਜਾਣਾ ਸੌਖਾ ਅਤੇ ਲੋਕਾਂ ਨੂੰ ਖੁਸ਼ ਕਰਨ ਵਾਲਾ ਕੰਮ ਹੁੰਦਾ।

ਉਨ੍ਹਾਂ ਮਸੀਹੀਆਂ ਨੂੰ ਸੁਚੇਤ ਮਨ ਦੀ ਲੋੜ ਸੀ ਕਿ ਆਪਣੇ ਆਲੇ-ਦੁਆਲੇ ਦੀਆਂ ਪ੍ਰੀਖਿਆਵਾਂ ਦਾ ਵਿਰੋਧ ਕਰ ਪਾਉਂਦੇ ਅਤੇ ਸਾਵਧਾਨ ਰਹਿ ਪਾਉਂਦੇ ਕਿ ਉਨ੍ਹਾਂ ਦਾ ਹਰੇਕ ਸ਼ਬਦ ਅਤੇ ਕੰਮ ਸੱਚੇ ਪਰਮੇਸ਼ਰ ਦਾ ਸਨਮਾਨ ਕਰਦਾ। ਉਹ ਲੋਕ ਵੱਖਰੇ ਸਨ ਅਤੇ ਇਸੇ ਕਰਕੇ ਬਾਕੀ ਦੇ ਲੋਕ ਇਨ੍ਹਾਂ ਨੂੰ ਸਤਾ ਰਹੇ ਸਨ; ਪਰ ਇਹ ਲੋਕ ਦਰਸਾ ਰਹੇ ਸਨ ਕਿ ਉਹ ਕਿਸ ਦੇ ਪੁੱਤਰ ਸਨ—ਕਿ ਉਹ ਪਰਮੇਸ਼ਰ ਦੇ ਪੁੱਤਰ ਸਨ।

ਅਸੀਂ ਲੋਕ ਕਿਹੋ ਜਿਹੇ ਹਾਂ? ਕੀ ਅਸੀਂ ਸੁਚੇਤ ਅਤੇ ਸੰਜਮੀਂ ਹਾਂ, ਜਾਂ ਫਿਰ ਅਸੀਂ ਜੂਆ ਖੇਡਣ, ਪਰਮੇਸ਼ਰ ਦਾ ਨਾਮ ਵਿਅਰਥ ਲੈਣ, ਜਾਂ ਆਪਣੇ ਬਾਕੀ ਸਹਿਕਰਮੀਆਂ ਵਾਂਗ ਆਪਣੇ ਮਾਲਕ ਨੂੰ ਧੋਖਾ ਦੇਣ ਲਈ ਅਸਾਨੀ ਨਾਲ ਮੰਨ ਜਾਂਦੇ ਹਾਂ? ਜੇਕਰ ਅਸੀਂ ਸ਼ਤਾਨ ਦਿਆਂ ਵਿਅਰਥ ਅਤੇ ਵਿਨਾਸ਼ਕਾਰੀ ਕੰਮਾਂ ਵਿੱਚ ਆਪਣੇ ਆਪ ਨੂੰ ਸ਼ਾਮਿਲ ਨਾ ਕਰੀਏ ਤਾਂ ਅਸੀਂ ਭੀੜ ਵਿੱਚ ਵੱਖਰੇ ਨਜ਼ਰ ਆਵਾਂਗੇ। ਜੇਕਰ ਅਸੀਂ ਨਸ਼ਿਆਂ ਜਾਂ ਸ਼ਰਾਬ ਨੂੰ ਠੁਕਰਾਉਂਦੇ ਹਾਂ, ਕਿਉਂਕਿ ਅਸੀਂ ਆਪਣੇ ਮਨ ਨੂੰ ਸੁਚੇਤ ਅਤੇ ਆਪਣੀਆਂ ਇੰਦਰੀਆਂ ਦੇ ਕਾਬੂ ਵਿੱਚ ਰੱਖਣਾ ਚਾਹੁੰਦੇ ਹਾਂ, ਤਾਂ ਅਸੀਂ ਭੀੜ ਵਿੱਚ ਵੱਖਰੇ ਨਜ਼ਰ ਆਵਾਂਗੇ। ਜੇਕਰ ਅਸੀਂ ਉਨ੍ਹਾਂ ਥਾਂਵਾਂ 'ਤੇ ਜਾਣ ਤੋਂ ਮਨਾ ਕਰ ਦਿੰਦੇ ਹਾਂ ਜਿੱਥੇ ਜਾ ਕੇ ਸਾਡਾ ਪ੍ਰਭਾਵ ਕਮਜ਼ੋਰ ਪੈ ਜਾਵੇਗਾ ਜਾਂ ਇੱਕ ਗਲਤ ਉਦਾਹਰਨ ਪੇਸ਼ ਕਰੇਗਾ, ਤਾਂ ਅਸੀਂ ਭੀੜ ਵਿੱਚ ਵੱਖਰੇ ਨਜ਼ਰ ਆਵਾਂਗੇ। ਜੇਕਰ ਅਸੀਂ

ਹਨੇਰੇ ਵਿੱਚ ਭਰੇ ਇਸ ਸੰਸਾਰ ਵਿੱਚ ਦਿਨ ਦੇ ਪੁੱਤਰਾਂ ਵਾਂਗ ਜੀਉਂਦੇ ਹਾਂ ਤਾਂ ਅਸੀਂ ਵੱਖਰੇ ਨਜ਼ਰ ਆਵਾਂਗੇ। ਜਿਵੇਂ ਕਿ ਫ਼ਿਲਿੱਪੈ ਦੇ ਮਸੀਹੀਆਂ ਨੂੰ ਆਖਿਆ ਗਿਆ ਸੀ, "ਤੁਸੀਂ ਨਿਰਦੋਸ਼ ਅਤੇ ਸਿੱਧੇ ਸਾਧੇ ਹੋ ਕੇ ਵਿੰਗੀ ਟੇਢੀ ਪੀੜ੍ਹੀ ਵਿੱਚ ਪਰਮੇਸ਼ਰ ਦੇ ਨਿਰਮਲ ਬਾਲਕ ਬਣੇ ਰਹੋ ਜਿਨ੍ਹਾਂ ਦੇ ਵਿੱਚ ਤੁਸੀਂ ਜਗਤ ਉੱਤੇ ਜੋਤਾਂ ਵਾਂਙੁ ਦਿੱਸਦੇ ਹੋ" (ਫ਼ਿਲਿੱਪੀਆਂ 2:15)।

ਸਾਡੇ ਵਾਂਗ ਉਸ ਸਮੇਂ ਦੇ ਮਸੀਹੀਆਂ ਨੂੰ ਵੀ ਚੁਣੌਤੀਆਂ ਮਿਲਦੀਆਂ ਸਨ, ਕਿ ਉਹ ਪਰਮੇਸ਼ਰ ਵਰਗੇ ਬਣਨ, ਯਿਸੂ ਵਾਂਗ ਜੀਉਣ, ਕਿ ਉਹ "ਪਿਆਰਿਆਂ ਪੁੱਤਰਾਂ ਵਾਂਙੁ ਪਰਮੇਸ਼ਰ ਦੀ ਰੀਸ" ਕਰਨ (ਅਫ਼ਸੀਆਂ 5:1)। ਕੀ ਅਸੀਂ ਆਪਣੇ ਸੁਰਗੀ ਪਿਤਾ ਵਰਗੇ ਦਿਸਦੇ ਹਾਂ? ਕੀ ਲੋਕ ਆਖ ਸਕਦੇ ਹਨ, "ਉਹ ਬਿਲਕੁਲ ਆਪਣੇ ਸੁਰਗੀ ਪਿਤਾ ਵਰਗਾ ਹੈ"? ਇਹ ਸਭ ਤੋਂ ਵੱਡੀ ਸ਼ਲਾਘਾ ਹੋਵੇਗੀ!

*ਪਰਮੇਸ਼ਰ ਦੇ ਸ਼ਸਤਰ-ਬਸਤਰ ਧਾਰਨ ਕਰਨਾ* (5:8–10)। ਇਸ ਤਰ੍ਹਾਂ ਦਾ ਜੀਵਨ ਬਤੀਤ ਕਰਨ ਲਈ ਥੱਸਲੁਨੀਕੀ ਵਿਸ਼ਵਾਸੀ ਆਪਣੇ ਆਪ ਨੂੰ ਕਿਵੇਂ ਤਿਆਰ ਕਰ ਸਕਦੇ ਸਨ? ਉਹ ਸ਼ਤਾਨ ਦੀਆਂ ਚੁਣੌਤੀਆਂ ਦਾ ਸਾਹਮਣਾ ਕਰਨ ਲਈ ਸੁਚੇਤ ਅਤੇ ਤਿਆਰ ਕਿਵੇਂ ਰਹਿ ਸਕਦੇ ਸਨ? ਪਰਮੇਸ਼ਰ ਦੇ ਸੰਸਾਧਨਾਂ ਦੀ ਵਰਤੋਂ ਕਰਕੇ। ਪਰਮੇਸ਼ਰ ਵਰਗੇ ਬਣਨਾ ਆਪਣੇ ਆਪ ਨਹੀਂ ਹੁੰਦਾ। ਉਹ ਆਪਣੀ ਅੰਤਰਪ੍ਰੇਰਣਾ ਦੇ ਮਗਰ ਲੱਗ ਕੇ ਪਰਮੇਸ਼ਰ ਦੀ ਪੈਰਵੀ ਨਹੀਂ ਕਰ ਸਕਦੇ ਸਨ। ਉਹ ਆਪਣੀਆਂ ਚਾਹਤਾਂ ਦੀ ਪੂਰਤੀ ਕਰਕੇ ਪਰਮੇਸ਼ਰ ਦੀ ਸੰਤਾਨ ਨਹੀਂ ਬਣ ਸਕਦੇ ਸਨ। ਉਨ੍ਹਾਂ ਨੂੰ "ਨਿਹਚਾ ਅਤੇ ਪ੍ਰੇਮ ਦੀ ਸੰਜੋ ਅਤੇ ਮੁਕਤੀ ਦੀ ਆਸ ਨੂੰ ਟੋਪ ਦੇ ਥਾਂ ਪਹਿਨ ਕੇ" (5:8) ਪਰਮੇਸ਼ਰ ਦੇ ਸੰਸਾਧਨ ਇਸਤੇਮਾਲ ਕਰਨੇ ਹੀ ਪੈਣੇ ਸਨ। ਉਨ੍ਹਾਂ ਦੇ ਲਈ ਪਰਮੇਸ਼ਰ ਦਾ ਪਹਿਲਾ ਟੀਚਾ ਉਨ੍ਹਾਂ ਦੀ ਮੁਕਤੀ ਸੀ ਅਤੇ ਉਨ੍ਹਾਂ ਦਾ ਵੀ ਪਹਿਲਾ ਟੀਚਾ ਇਹੋ ਹੋਣਾ ਚਾਹੀਦਾ ਸੀ। ਪਰਮੇਸ਼ਰ ਉਨ੍ਹਾਂ ਦੀ ਮਦਦ ਜ਼ਰੂਰ ਕਰਦਾ।

ਪਰਮੇਸ਼ਰ ਸਾਡੀ ਵੀ ਮੁਕਤੀ ਚਾਹੁੰਦਾ ਹੈ ਅਤੇ ਹਨੇਰੇ ਦੇ ਰਾਜ ਦਿਆਂ ਖਤਰਿਆਂ ਦਾ ਸਾਹਮਣਾ ਕਰਨ ਲਈ ਸਾਨੂੰ ਤਿਆਰ ਕਰੇਗਾ। ਪਰਮੇਸ਼ਰ ਸਾਥੋਂ ਕਿਹੜੇ ਸੰਸਾਧਨ ਇਸਤੇਮਾਲ ਕਰਵਾਉਣਾ ਚਾਹੁੰਦਾ ਹੈ? ਨਿਹਚਾ, ਪ੍ਰੇਮ ਅਤੇ ਆਸ।

ਜਦ ਅਸੀਂ ਪਰਮੇਸ਼ਰ 'ਤੇ ਭਰੋਸਾ ਰੱਖਦੇ ਹਾਂ, ਉਸ ਨੂੰ ਅਤੇ ਭਾਈਆਂ ਨੂੰ ਪ੍ਰੇਮ ਕਰਦੇ ਹਾਂ ਅਤੇ ਸਾਡੀ ਸਦੀਪਕ ਭਲਿਆਈ ਲਈ ਉਸ 'ਤੇ ਭਰੋਸਾ ਰੱਖਦੇ ਹਾਂ, ਤਦ ਅਸੀਂ ਇਸ ਹਨੇਰੇ ਸੰਸਾਰ ਵਿੱਚ ਚਾਨਣ ਵਾਂਗ ਲਿਸ਼ਕਦੇ ਹਾਂ। ਅਸੀਂ ਹਨੇਰੇ ਦਾ ਰਾਜ ਅਤੇ ਉਸ ਦੇ ਰਾਜਾ, ਸ਼ਤਾਨ, ਦਾ ਸਾਹਮਣਾ ਕਰ ਪਾਉਂਦੇ ਹਾਂ। ਜਿਸ ਤਰ੍ਹਾਂ ਬੱਚੇ ਆਪਣੇ ਮਾਪਿਆਂ ਨੂੰ ਪ੍ਰੇਮ ਕਰਦੇ ਹਨ, ਉਨ੍ਹਾਂ 'ਤੇ ਭਰੋਸਾ ਕਰਦੇ ਹਨ ਅਤੇ ਉਨ੍ਹਾਂ 'ਤੇ ਨਿਰਭਰ ਰਹਿੰਦੇ ਹਨ, ਉਸੇ ਤਰ੍ਹਾਂ ਅਸੀਂ ਵੀ ਆਪਣੇ ਜੀਵਨ ਆਪਣੇ ਸੁਰਗੀ ਪਿਤਾ ਦਿਆਂ ਹੱਥਾਂ ਵਿੱਚ ਸਪੁਰਦ ਕਰਨੇ ਹਾਂ। ਉਸ 'ਤੇ ਭਰੋਸਾ ਰੱਖੋ ਅਤੇ "ਆਪਣੀ ਸਾਰੀ ਚਿੰਤਾ ਓਸ ਉੱਤੇ ਸੁਟ ਛੱਡੋ ਕਿਉਂ ਜੋ ਉਹ ਨੂੰ ਤੁਹਾਡਾ ਫ਼ਿਕਰ ਹੈ" (1 ਪਤਰਸ 5:7)।

*ਇੱਕ-ਦੂਜੇ ਦੀ ਮਦਦ ਕਰਨਾ* (5:11)। ਕਿਉਂ ਜੋ ਪਰਮੇਸ਼ਰ ਸਾਡਾ ਪਿਤਾ ਹੈ, ਇਸ ਕਰਕੇ ਅਸੀਂ ਭੈਣ-ਭਰਾ ਹਾਂ; ਅਸੀਂ ਪਰਮੇਸ਼ਰ ਦਾ ਪਰਿਵਾਰ ਹਾਂ। ਕਲੀਸਿਯਾ ਦੇ ਮੈਂਬਰ ਹੋਣ ਕਾਰਨ ਆਪਣੇ ਪਰਿਵਾਰ ਦੀ ਮਦਦ ਕਰਨਾ ਸਾਡੇ ਲਈ ਇੱਕ ਮਹੱਤਵਪੂਰਨ ਕੰਮ ਹੈ।

ਆਪਣੇ ਆਤਮਕ ਭੈਣ-ਭਰਾਵਾਂ ਦੀ ਮਦਦ ਕਰਨ ਲਈ ਪਰਮੇਸ਼ਰ ਨੇ ਸਾਨੂੰ ਕੁਝ ਨਿਰਦੇਸ਼ ਦਿੱਤੇ ਹਨ: "ਇੱਕ ਦੂਏ ਨੂੰ ਤਸੱਲੀ ਦਿਓ ਅਤੇ ਇੱਕ ਦੂਏ ਦੀ ਉੱਨਤੀ ਕਰੋ . . ." (5:11)। ਕੀ ਸਾਡਾ ਟੀਚਾ ਵੀ ਇਹੋ ਹੈ? ਕੀ ਅਸੀਂ ਆਪਣਿਆਂ ਭੈਣ-ਭਰਾਵਾਂ ਨੂੰ ਵੇਖ ਕੇ

ਆਖ ਸਕਦੇ ਹਾਂ, "ਮੈਂ ਇਸ ਵਿਅਕਤੀ ਨੂੰ ਤਸੱਲੀ ਦੇ ਰਿਹਾ ਹਾਂ ਤਾਂ ਜੋ ਉਹ ਉੱਨਤੀ ਕਰ ਸਕੇ"? ਕੀ ਅਸੀਂ ਉਨ੍ਹਾਂ ਦੇ ਸਾਹਮਣੇ ਖੜ੍ਹੇ ਹੋ ਕੇ ਪੂਰੀ ਦ੍ਰਿੜ੍ਹਤਾ ਨਾਲ ਆਖ ਸਕਦੇ ਹਾਂ, "ਮੈਂ ਤੁਹਾਨੂੰ ਤਸੱਲੀ ਦੇ ਰਿਹਾ ਹਾਂ ਤਾਂ ਜੋ ਤੁਸੀਂ ਉੱਨਤੀ ਕਰ ਸਕੋ"? ਕੀ ਸਾਡਾ ਕੋਈ ਸੰਗੀ ਮਸੀਹੀ ਸਾਨੂੰ ਵੇਖ ਕੇ ਆਖ ਸਕਦਾ ਹੈ, "ਆਹ ਰਿਹਾ ਮੇਰਾ ਭਰਾ ਜਾਂ ਮੇਰੀ ਭੈਣ ਜੋ ਮੈਨੂੰ ਤਸੱਲੀ ਦੇ ਰਿਹਾ ਹੈ ਤਾਂ ਜੋ ਮੈਂ ਉੱਨਤੀ ਕਰ ਸਕਾਂ"?

ਹਨੇਰੇ ਨਾਲ ਘਿਰੇ ਚਾਨਣ ਦੇ ਰਾਜ ਵਿੱਚ ਪਰਮੇਸ਼ਰ ਚਾਹੁੰਦਾ ਸੀ ਕਿ ਇਨ੍ਹਾਂ ਮਸੀਹੀਆਂ ਨੂੰ ਲਗਾਤਾਰ ਚੇਤੇ ਕਰਾਇਆ ਜਾਵੇ ਕਿ ਉਹ ਕੇਵਲ ਪਰਮੇਸ਼ਰ ਦੇ ਰਾਜ ਦਾ ਹਿੱਸਾ ਨਹੀਂ ਹਨ, ਸਗੋ ਪਰਮੇਸ਼ਰ ਦੇ ਪਰਿਵਾਰ ਦਾ ਹਿੱਸਾ ਵੀ ਹਨ। ਸਾਨੂੰ ਇਸ ਬਾਰੇ ਚੇਤੇ ਕਰਾਉਣ ਦਾ ਇਸ ਤੋਂ ਵਧੀਆ ਤਰੀਕਾ ਹੋਰ ਕੀ ਹੋ ਸਕਦਾ ਹੈ ਕਿ ਸਾਡੀ ਮੰਡਲੀ ਅਜਿਹੇ ਭੈਣ-ਭਰਾਵਾਂ ਨਾਲ ਭਰੀ ਹੋਵੇ ਜੋ ਸਾਡੀ ਮਦਦ ਕਰਨ, ਸਾਡਾ ਸਹਿਯੋਗ ਕਰਨ, ਸਾਨੂੰ ਉਤਸ਼ਾਹਿਤ ਕਰਨ, ਸਾਡੇ ਨਾਲ ਹਮਦਰਦੀ ਰੱਖਣ, ਸਾਨੂੰ ਚਿਤਾਉਣੀ ਦੇਣ ਅਤੇ ਸਾਨੂੰ ਪ੍ਰੇਮ ਕਰਨ?

ਮਸੀਹੀ ਹੋਣ ਸਦਕਾ ਸਾਡੇ ਵਿੱਚ ਇਕੱਲੇਪਣ ਦੀ ਭਾਵਨਾ, ਇਕੱਲੇ ਛੱਡ ਦਿੱਤੇ ਜਾਣ ਦੀ ਭਾਵਨਾ, ਲੋਕਾਂ ਵੱਲੋਂ ਛੱਡ ਦਿੱਤੇ ਜਾਣ ਦੀ ਭਾਵਨਾ ਜਾਂ ਅਜਿਹੀ ਭਾਵਨਾ ਕਿ ਅਸੀਂ ਇਸ ਥਾਂ ਜਾਂ ਇਨ੍ਹਾਂ ਲੋਕਾਂ ਦੇ ਲਾਇਕ ਨਹੀਂ ਹਾਂ, ਕਦੇ ਨਹੀਂ ਆਉਣੀ ਚਾਹੀਦੀ। ਸਾਡੇ ਸੰਗੀ ਮਸੀਹੀਆਂ ਦੀ ਇਹ ਜਿੰਮੇਵਾਰੀ ਹੈ ਕਿ ਉਹ ਲਗਾਤਾਰ ਸਾਡਾ ਸਹਿਯੋਗ ਕਰਨ—ਕੇਵਲ ਇਸ ਲਈ ਨਹੀਂ ਕਿ ਅਸੀਂ ਜੀਉਂਦੇ ਰਹਿ ਸਕੀਏ ਸਗੋਂ ਇਸ ਲਈ ਕਿ ਅਸੀਂ ਤਰੱਕੀ ਕਰੀਏ ਅਤੇ ਤਕੜੇ ਹੋਈਏ, ਤਾਂ ਜੋ ਅਸੀਂ ਵਧ ਸਕੀਏ ਅਤੇ ਪਰਿਪੱਕ ਹੋ ਸਕੀਏ।

ਇਹ ਸਾਡੀ ਕਲੀਸਿਯਾ ਵਿੱਚ ਹਮੇਸ਼ਾ ਕਿਉਂ ਨਹੀਂ ਹੁੰਦਾ? ਸ਼ਾਇਦ ਸਾਨੂੰ ਅਜਿਹੀ ਮਦਦ ਬਾਰੇ ਸਿਖਾਇਆ ਨਹੀਂ ਗਿਆ ਹੈ। ਸ਼ਾਇਦ ਸਾਨੂੰ ਸਿਖਾਇਆ ਤਾਂ ਗਿਆ ਹੈ ਪਰ ਅਸੀਂ ਇਸ ਸੁਨੇਹੇ ਨੂੰ ਆਪਣਿਆਂ ਹਿਰਦਿਆਂ ਵਿੱਚ ਨਹੀਂ ਲਿਆ ਹੈ। ਸ਼ਾਇਦ ਅਸੀਂ ਮਦਦ ਮੰਗਣ ਤੋਂ ਜਾਂ ਮਦਦ ਦੇਣ ਤੋਂ ਸ਼ਰਮਾਉਂਦੇ ਆਏ ਹਾਂ।

ਇਸ ਮਾਮਲੇ ਵਿੱਚ ਉਹ ਕਰਨਾ ਜੋ ਪਰਮੇਸ਼ਰ ਚਾਹੁੰਦਾ ਹੈ, ਹਰੇਕ ਮਸੀਹੀ, ਹਰੇਕ ਪਰਿਵਾਰ, ਹਰੇਕ ਕਲੀਸਿਯਾ, ਹਰੇਕ ਐਲਡਰ, ਹਰੇਕ ਪ੍ਰਚਾਰਕ, ਹਰੇਕ ਉਪਦੇਸ਼ਕ ਦਾ ਟੀਚਾ ਹੋਣਾ ਚਾਹੀਦਾ ਹੈ। ਪਰਮੇਸ਼ਰ ਚਾਹੁੰਦਾ ਹੈ ਕਿ ਉਸ ਦੇ ਪਰਿਵਾਰ ਦਾ ਹਰੇਕ ਮੈਂਬਰ ਇਸ ਤਰ੍ਹਾਂ ਦਾ ਜੀਵਨ ਬਤੀਤ ਕਰਕੇ ਦੂਜਿਆਂ ਦੀ ਮਦਦ ਕਰੇ ਅਤੇ ਦੂਜਿਆਂ ਤੋਂ ਮਦਦ ਪ੍ਰਾਪਤ। ਇਹ ਸਾਨੂੰ ਮਸੀਹ ਦੀ ਵਾਪਸੀ ਦੇ ਲਈ ਤਿਆਰ ਕਰੇਗਾ!

*ਸਿੱਟਾ।* ਯਿਸੂ ਦੀ ਵਾਪਸੀ ਵਿਸ਼ਵਾਸਯੋਗ ਮਸੀਹੀਆਂ ਦੇ ਲਈ ਇਸ ਜੀਵਨ ਦਾ ਅੰਤ ਅਤੇ ਇੱਕ ਬਿਹਤਰ ਜੀਵਨ ਦਾ ਅਰੰਭ ਹੋਵੇਗੀ। ਇਸ ਵਾਪਸੀ ਅਤੇ ਇਸ ਅਰੰਭ ਦਾ ਹਿੱਸਾ ਬਣਨਾ ਹਰੇਕ ਮਸੀਹੀ ਦਾ ਟੀਚਾ ਹੋਣਾ ਚਾਹੀਦਾ ਹੈ।

ਕੀ ਅਸੀਂ ਇਸ ਘਟਨਾ ਦੀ ਉਡੀਕ ਅਨੰਦ ਦੇ ਨਾਲ ਕਰ ਰਹੇ ਹਾਂ? ਇਸ ਦਾ ਜਵਾਬ ਅਸੀਂ ਆਪਣਿਆਂ ਬੁੱਲਾਂ ਜਾਂ ਆਪਣੇ ਮਨਾਂ ਨਾਲ ਹੀ ਨਹੀਂ ਸਗੋਂ ਆਪਣਿਆਂ ਜੀਵਨਾਂ ਦੇ ਨਾਲ ਵੀ ਦੇਈਏ। ਸਾਨੂੰ ਚਾਨਣ ਦੇ ਪੁੱਤਰਾਂ ਵਾਂਗ ਜੀਉਣਾ ਹੈ ਅਤੇ ਜਦੋਂ ਸਾਡੇ ਭੈਣ-ਭਰਾ ਸਾਡੇ ਨਾਲ ਪਰਮੇਸ਼ਰ ਦੇ ਚਾਨਣ ਵਿੱਚ ਚੱਲ ਰਹੇ ਹਨ, ਤਾਂ ਸਾਨੂੰ ਉਨ੍ਹਾਂ ਦੀ ਮਦਦ ਵੀ ਕਰਨੀ ਹੈ। TP

**ਤੁਹਾਡੇ ਆਗੂ (5:12, 13)**

ਜਦ ਪੌਲੁਸ ਵਿਹਾਰਕ ਗੱਲਾਂ ਵੱਲ ਅੱਗੇ ਵਧਦਾ ਹੈ, ਉਹ ਥੱਸਲੁਨੀਕੀਆਂ ਨੂੰ ਆਖਦਾ ਹੈ ਕਿ ਉਹ ਸਥਾਨਕ ਕਲੀਸਿਯਾ ਦੀ ਅਗਵਾਈ ਕਰਨ ਵਾਲੇ ਆਗੂਆਂ ਦਾ ਢੁਕਵਾਂ ਸਨਮਾਨ ਕਰਨ।

ਇਹ ਆਗੂ ਕੌਣ ਹਨ? ਉਨ੍ਹਾਂ ਦਾ ਵੇਰਵਾ ਦੇਣ ਲਈ ਇਹ ਤਿੰਨ ਵਾਕ ਵਰਤੇ ਗਏ ਹਨ: ਜਿਹੜੇ ਤੁਹਾਡੇ ਵਿੱਚ ਮਿਹਨਤ ਕਰਦੇ, ਪ੍ਰਭੂ ਵਿੱਚ ਤੁਹਾਡੇ ਆਗੂ ਹਨ ਅਤੇ ਤੁਹਾਨੂੰ ਚਿਤਾਰਦੇ ਹਨ। ਇਨ੍ਹਾਂ ਵਿੱਚੋਂ ਕੁਝ ਦੀ ਵਰਤੋਂ ਕਲੀਸਿਯਾ ਦੇ ਸਭਨਾਂ ਆਗੂਆਂ ਦੇ ਲਈ, ਜਿਨ੍ਹਾਂ ਵਿੱਚ ਐਲਡਰ ਵੀ ਸ਼ਾਮਿਲ ਹਨ, ਕੀਤੀ ਜਾ ਸਕਦੀ ਹੈ।

*ਆਪਣੇ ਆਗੂਆਂ ਦੇ ਕੰਮ ਦੀ ਸ਼ਲਾਘਾ ਕਰੋ* (ਆਇਤ 12)। ਜਿਸ ਸ਼ਬਦ ਦਾ ਅਨੁਵਾਦ ਇੱਥੇ "ਮਿਹਨਤ" ਕੀਤਾ ਗਿਆ ਹੈ, ਉਸ ਦਾ ਦਰਅਸਲ ਅਰਥ "ਕੜੀ ਮਿਹਨਤ" ਹੈ। ਇਸ ਤਰ੍ਹਾਂ ਦੀ ਮਿਹਨਤ ਦੀ ਸੱਚਮੁੱਚ ਸ਼ਲਾਘਾ ਕੀਤੀ ਜਾਣੀ ਚਾਹੀਦੀ ਹੈ।

*ਆਪਣੇ ਆਗੂਆਂ ਦਾ ਬਹੁਤਾ ਆਦਰ ਕਰੋ* (ਆਇਤ 13)। ਇਨ੍ਹਾਂ ਵਿਅਕਤੀਆਂ ਦਾ ਬਹੁਤਾ ਆਦਰ ਕੀਤਾ ਜਾਣਾ ਚਾਹੀਦਾ ਹੈ। ਅਸੀਂ ਵੇਖਿਆ ਕਿ ਇਸ ਸ਼ਬਦ ਦੀ ਵਰਤੋਂ 3:10 ਵਿੱਚ ਵੀ ਕੀਤੀ ਗਈ ਹੈ। ਇਹ ਸ਼ਬਦ ਨਵੇਂ ਨੇਮ ਵਿੱਚ ਕੇਵਲ ਤਿੰਨ ਵਾਰੀ ਇਸਤੇਮਾਲ ਹੋਇਆ ਹੈ: ਇਸ ਆਇਤ, 3:10 ਅਤੇ ਅਫ਼ਸੀਆਂ 3:20 ਵਿੱਚ। ਤਿੰਨੇ ਥਾਂਵਾਂ 'ਤੇ ਇਸ ਦੀ ਵਰਤੋਂ ਮਹੱਤਵਪੂਰਨ ਹੈ। ਇੱਥੇ ਇਸ ਦਾ ਅਨੁਵਾਦ "ਬਹੁਤਾ ਹੀ" ਕੀਤਾ ਗਿਆ ਹੈ; 3:10 ਵਿੱਚ ਇਸ ਦਾ ਅਨੁਵਾਦ "ਅਤਯੰਤ" ਕੀਤਾ ਗਿਆ ਹੈ; ਅਤੇ ਅਫ਼ਸੀਆਂ 3:20 ਵਿੱਚ ਇਸ ਦਾ ਅਨੁਵਾਦ "ਅੱਤ ਵਧੀਕ" ਕੀਤਾ ਗਿਆ ਹੈ। ਕਹਿਣ ਦਾ ਭਾਵ ਇਹ ਹੈ ਕਿ ਇਨ੍ਹਾਂ ਵਿਅਕਤੀਆਂ ਦਾ ਆਦਰ ਕੀਤਾ ਜਾਣਾ ਇੱਕ ਮਹੱਤਵਪੂਰਨ ਵਿਸ਼ਾ ਹੈ।

*ਆਪਣੇ ਆਗੂਆਂ ਨੂੰ ਪ੍ਰੇਮ ਕਰੋ।* ਜਦ ਅਸੀਂ ਉਨ੍ਹਾਂ ਦੇ ਕੰਮ ਦੇ ਮਹੱਤਵ ਨੂੰ ਸਿਆਣਦੇ ਹਾਂ ਤਾਂ ਸਾਨੂੰ ਉਨ੍ਹਾਂ ਦਾ ਪ੍ਰੇਮ ਪੂਰਬਕ ਆਦਰ ਕਰਨਾ ਹੈ।

ਪਰਮੇਸ਼ਰ ਦੇ ਆਗੂਆਂ ਨੂੰ ਉਸ ਦ੍ਰਿਸ਼ਟੀ ਨਾਲ ਵੇਖਿਆ ਜਾਣਾ ਚਾਹੀਦਾ ਹੈ ਜੋ ਉਹ ਹਨ, ਅਰਥਾਤ ਵਡਮੁੱਲੇ ਲੋਕ ਜੋ ਪਰਮੇਸ਼ਰ ਦੀ ਯੋਜਨਾ ਵਿੱਚ ਇੱਕ ਵਿਸ਼ੇਸ਼ ਭੂਮਿਕਾ ਅਦਾ ਕਰਦੇ ਹਨ। ਜਦ ਕੋਈ ਵਿਅਕਤੀ ਪਰਮੇਸ਼ਰ ਦੇ ਪ੍ਰਬੰਧ ਨੂੰ ਰੱਦਦਾ ਹੈ ਤਾਂ ਉਹ ਪਰਮੇਸ਼ਰ ਨੂੰ ਰੱਦਦਾ ਹੈ। EC

**ਦੂਜਿਆਂ ਦੇ ਪ੍ਰਤੀ ਉਚਿਤ ਰਵੱਈਆ (5:13-15)**

ਇੱਥੇ ਹੁਕਮਾਂ ਦੀ ਇੱਕ ਛੋਟੀ ਸੂਚੀ ਦਿੱਤੀ ਗਈ ਹੈ। ਨਵੇਂ ਨੇਮ ਵਿੱਚ ਜਿਹੜੇ ਹੁਕਮ ਸਾਨੂੰ ਦਿੱਤੇ ਗਏ ਹਨ, ਜਿਨ੍ਹਾਂ ਦੀ ਅਸੀਂ ਪਾਲਣਾ ਕਰਨੀ ਹੈ, ਉਨ੍ਹਾਂ ਸਭਨਾਂ ਦੀ ਸੂਚੀ ਬਣਾਉਣਾ ਚੁਣੌਤੀ ਭਰਿਆ ਕੰਮ ਹੋ ਸਕਦਾ ਹੈ। ਇੱਥੇ ਦਿੱਤੀ ਗਈ ਸੂਚੀ ਤੋਂ ਅਰੰਭ ਕੀਤਾ ਜਾ ਸਕਦਾ ਹੈ। ਪੌਲੁਸ ਨੇ ਦੂਜੇ ਲੋਕਾਂ ਦੇ ਨਾਲ ਸੰਬੰਧਾਂ ਬਾਰੇ ਨਿਰਦੇਸ਼ ਦੇ ਕੇ ਇਸ ਸੂਚੀ ਦਾ ਅਰੰਭ ਕੀਤਾ। ਉਸ ਨੇ ਚਾਰ ਸਮੂਹਾਂ ਦਾ ਜ਼ਿਕਰ ਕੀਤਾ ਜਿਨ੍ਹਾਂ ਦੇ ਪ੍ਰਤੀ ਅਸੀਂ ਮਸੀਹ ਵਰਗਾ ਸੁਭਾਓ ਦਰਸਾਉਣਾ ਹੈ।

*ਕੁਸੂਤਿਆਂ ਵੱਲ।* ਕੁਸੂਤਿਆਂ ਨੂੰ ਸੁਧਾਰੇ ਜਾਣ ਦੀ ਲੋੜ ਹੈ। ਇੱਥੇ ਜਿਸ ਸ਼ਬਦ ਦਾ ਅਨੁਵਾਦ "ਕੁਸੂਤਿਆਂ" ਕੀਤਾ ਗਿਆ ਹੈ, ਉਸ ਦਾ ਅਸਲ ਅਰਥ "ਬੇਲਗਾਮ" ਹੈ। ਇਸ ਦਾ ਅਨੁਵਾਦ "ਨਿਕੰਮੇ" ਵੀ ਕੀਤਾ ਗਿਆ ਹੈ। ਅਜਿਹੇ ਵਿਅਕਤੀ ਨੂੰ ਝਿੜਕਣ ਦੁਆਰਾ ਅਤੇ

ਉਸ ਦੀ ਜ਼ਿੰਦਗੀ ਨੂੰ ਸੁਧਾਰਨ ਵਿੱਚ ਮਦਦ ਕਰਨ ਦੁਆਰਾ ਸਖਤ ਪ੍ਰੇਮ ਦਰਸਾਏ ਜਾਣ ਦੀ ਲੋੜ ਹੈ।

*ਕਮਦਿਲਿਆਂ ਅਤੇ ਨਿਤਾਣਿਆਂ ਵੱਲ।* "ਕਮਦਿਲਿਆਂ" ਨੂੰ ਸਾਡੇ ਵੱਲੋਂ ਉਤਸ਼ਾਹ ਦਿੱਤੇ ਜਾਣ ਦੀ ਲੋੜ ਹੈ; "ਨਿਤਾਣਿਆਂ" ਨੂੰ ਸਾਡੀ ਮਦਦ ਦੀ ਲੋੜ ਹੈ। ਕਮਦਿਲਿਆਂ ਨੂੰ ਇਹ ਜਾਣਨ ਦੀ ਲੋੜ ਹੈ ਕਿ ਉਹ ਸਾਡੇ ਹਿਰਦੇ ਵਿੱਚ ਹਨ ਅਤੇ ਸਾਨੂੰ ਉਨ੍ਹਾਂ ਦੀ ਚਿੰਤਾ ਹੈ। ਆਤਮਕ ਤੌਰ 'ਤੇ ਨਿਤਾਣਿਆਂ ਨੂੰ "ਸਮ੍ਹਾਲੇ" ਜਾਣ ਦੀ ਲੋੜ ਹੈ ਕਿ ਉਹ ਆਪਣੇ ਆਲੇ-ਦੁਆਲੇ ਦੀਆਂ ਬੁਰੀਆਂ ਤਾਕਤਾਂ ਅੱਗੇ ਹਾਰ ਨਾ ਮੰਨ ਲੈਣ। ਉਨ੍ਹਾਂ ਨੂੰ ਬੜੀ ਕੋਮਲਤਾ ਨਾਲ ਇਹ ਦੱਸੇ ਜਾਣ ਦੀ ਲੋੜ ਹੈ ਕਿ ਯੁੱਧ ਵਿੱਚ ਉਹ ਇਕੱਲੇ ਨਹੀਂ ਹਨ।

*ਬੁਰਿਆਂ ਵੱਲ, ਜੋ ਸਾਡੇ ਨਾਲ ਮਾੜਾ ਵਿਹਾਰ ਕਰਦੇ ਹਨ।* ਸਾਨੂੰ ਬੁਰੇ ਦੇ ਵੱਟੇ ਬੁਰਾ ਨਹੀਂ ਕਰਨਾ ਹੈ, ਸਗੋਂ ਬੁਰੇ ਦੇ ਵੱਟੇ ਭਲਾ ਕਰਨਾ ਹੈ। ਜਦ ਅਸੀਂ ਬੁਰਿਆਂ ਦੇ ਨਾਲ ਉਹੋ ਜਿਹਾ ਵਿਹਾਰ ਕਰਦੇ ਹਾਂ ਜਿਹੋ ਜਿਹਾ ਉਹ ਸਾਡੇ ਨਾਲ ਕਰਦੇ ਹਨ, ਤਾਂ ਅਸੀਂ ਮਸੀਹੀਆਂ ਵਾਂਗ ਨਹੀਂ ਪਰ ਬੁਰੇ ਲੋਕਾਂ ਵਾਂਗ ਜੀ ਰਹੇ ਹਾਂ।

*ਸਭਨਾਂ ਵੱਲ।* ਸਾਨੂੰ ਸਭਨਾਂ ਵੱਲ ਧੀਰਜ ਰੱਖਣਾ ਹੈ। ਸਾਨੂੰ ਸਭਨਾਂ ਲੋਕਾਂ ਦੇ ਨਾਲ ਭਲਿਆਈ ਕਰਨੀ ਹੈ। ਸਾਨੂੰ ਸਭਨਾਂ ਵੱਲ ਕੋਮਲਤਾ ਅਤੇ ਧੀਰਜਵਾਨ ਸਹਿਣਸ਼ੀਲਤਾ ਦਰਸਾਉਣੀ ਹੈ। ਜ਼ਰੂਰੀ ਹੈ ਕਿ ਅਸੀਂ ਆਪਣੇ ਆਪ ਦਾ ਇਨਕਾਰ ਕਰੀਏ ਅਤੇ ਆਪਣੀਆਂ ਇੱਛਾਵਾਂ ਤੋਂ ਵਧ ਕੇ ਲੋਕਾਂ ਦੀ ਭਲਿਆਈ ਦੀ ਚਿੰਤਾ ਕਰੀਏ।

ਜ਼ਿੰਦਗੀ ਦਾ ਇੱਕ ਵੱਡਾ ਹਿੱਸਾ ਲੋਕਾਂ ਦੇ ਨਾਲ ਸੰਬੰਧਾਂ ਤੋਂ ਮਿਲ ਕੇ ਬਣਿਆ ਹੈ। ਪੌਲੁਸ ਨੇ ਉਨ੍ਹਾਂ ਸਭਨਾਂ ਤਰ੍ਹਾਂ ਦੇ ਲੋਕਾਂ ਦੀ ਸੂਚੀ ਨਹੀਂ ਬਣਾਈ ਜਿਨ੍ਹਾਂ ਦੇ ਨਾਲ ਅਸੀਂ ਮਿਲ ਕੇ ਰਹਿਣਾ ਅਤੇ ਕੰਮ ਕਰਨਾ ਹੈ, ਪਰ ਉਸ ਨੇ ਚਾਰ ਮਹੱਤਵਪੂਰਨ ਸਮੂਹਾਂ ਦਾ ਜ਼ਿਕਰ ਜ਼ਰੂਰ ਕੀਤਾ। ਮਸੀਹ ਵਰਗਾ ਵਿਹਾਰ ਹਰੇਕ ਸਮੂਹ ਦੇ ਨਾਲ ਦਿਖਾਈ ਦੇ ਜਾਵੇਗਾ। EC

## ਮਸੀਹੀਆਂ ਦਾ ਦੂਜਿਆਂ ਦੇ ਨਾਲ ਸੰਬੰਧ (5:12-15)

ਕਲੀਸਿਯਾ ਇੱਕ ਵਿਸਤ੍ਰਿਤ ਪਰਿਵਾਰ ਹੈ। 1 ਤਿਮੋਥਿਉਸ 3:5 ਵਿੱਚ ਪੌਲੁਸ ਨੇ ਆਖਿਆ, "ਪਰ ਜੇ ਕੋਈ ਆਪਣੇ ਹੀ ਘਰ ਦਾ ਪਰਬੰਧ ਕਰਨਾ ਨਾ ਜਾਣੇ ਤਾਂ ਉਹ ਪਰਮੇਸ਼ਰ ਦੀ ਕਲੀਸਿਯਾ ਦੀ ਰਖਵਾਲੀ ਕਿੱਕੁਰ ਕਰੇਗਾ?" ਪੌਲੁਸ ਨੇ ਸਪੱਸ਼ਟ ਤੌਰ 'ਤੇ ਦਰਸਾਇਆ ਕਿ "ਪਰਮੇਸ਼ਰ ਦੀ ਕਲੀਸਿਯਾ" ਪਰਮੇਸ਼ਰ ਦਾ ਵਿਸਤ੍ਰਿਤ ਪਰਿਵਾਰ ਹੈ।

ਸਰੀਰਕ ਪਰਿਵਾਰ ਦੇ ਮੈਂਬਰ ਹੋਣ ਦੇ ਨਾਤੇ ਸਾਡੇ ਮਾਪਿਆਂ, ਭੈਣਾਂ, ਭਰਾਵਾਂ ਅਤੇ ਗੁਆਂਢੀਆਂ ਦੇ ਪ੍ਰਤੀ ਕੁਝ ਜ਼ਿੰਮੇਵਾਰੀਆਂ ਹਨ। ਉਸੇ ਤਰ੍ਹਾਂ ਪਰਮੇਸ਼ਰ ਦੇ ਪਰਿਵਾਰ ਦੇ ਮੈਂਬਰ ਹੋਣ ਦੇ ਨਾਤੇ ਮੰਡਲੀ ਦੇ ਆਗੂਆਂ, ਦੂਜੇ ਮਸੀਹੀਆਂ ਅਤੇ ਸਭਨਾਂ ਲੋਕਾਂ ਦੇ ਪ੍ਰਤੀ ਸਾਡੀਆਂ ਕੁਝ ਜ਼ਿੰਮੇਵਾਰੀਆਂ ਹਨ।

*ਮੰਡਲੀ ਦੇ ਆਗੂਆਂ ਦੇ ਨਾਲ ਸਾਡਾ ਸੰਬੰਧ।* ਪੌਲੁਸ ਨੇ ਲਿਖਿਆ ਕਿ ਥੱਸਲੁਨੀਕੀ ਆਗੂ "ਪ੍ਰਭੂ ਵਿੱਚ" ਅਗਵਾਈ ਕਰਦੇ ਸਨ (ਆਇਤ 12)। ਉਨ੍ਹਾਂ ਦੀ ਅਗਵਾਈ ਕਿਸੇ ਸਰੀਰਕ ਮਾਮਲਿਆਂ ਵਿੱਚ ਨਹੀਂ ਸਗੋਂ ਆਤਮਕ ਮਾਮਲਿਆਂ ਵਿੱਚ ਸੀ। ਨਾਲ ਹੀ ਉਹ ਸਥਾਨਕ ਅਗਵਾਈ ਦੇ ਰਹੇ ਸਨ ("ਤੁਹਾਡੇ ਵਿੱਚ ਮਿਹਨਤ ਕਰਦੇ ਹਨ"), ਕਿਤੋਂ ਬਾਹਰੋਂ ਆ ਕੇ ਨਹੀਂ। ਇਸ ਸੰਬੰਧ ਦਾ ਵਰਣਨ ਕਰਦਿਆਂ, ਉਸ ਨੇ ਉਨ੍ਹਾਂ ਆਗੂਆਂ ਦਾ ਵੇਰਵਾ ਵੀ ਦਿੱਤਾ ਜਿਨ੍ਹਾਂ ਬਾਰੇ ਉਹ ਲਿਖ ਰਿਹਾ ਸੀ। ਉਸ ਨੇ ਇਨ੍ਹਾਂ ਆਗੂਆਂ ਦੇ ਗੁਣਾਂ ਨੂੰ ਲਿਖਿਆ।

ਪਹਿਲਾ, ਪੌਲੁਸ ਨੇ ਲਿਖਿਆ ਕਿ ਥੱਸਲੁਨੀਕੀਆਂ ਦੇ ਆਗੂ "ਤੁਹਾਡੇ ਵਿੱਚ ਮਿਹਨਤ ਕਰਦੇ" ਹਨ। ਆਗੂ ਸੁਸਤ ਨਹੀਂ ਹੁੰਦੇ। ਸੱਚੇ ਆਗੂ ਪ੍ਰਭੂ ਦੀ ਕਲੀਸਿਯਾ ਦੀ ਸੇਵਾ ਕਰਦੇ ਹਨ, ਉਵੇਂ ਹੀ ਜਿਵੇਂ ਥੱਸਲੁਨੀਕੀਆਂ ਦੇ ਆਗੂ ਕਰਦੇ ਸਨ।

ਦੂਜਾ, ਪੌਲੁਸ ਨੇ ਆਖਿਆ ਕਿ ਉਹ "ਪ੍ਰਭੂ ਵਿੱਚ ਤੁਹਾਡੇ ਆਗੂ ਹਨ।" NEB ਆਖਦੀ ਹੈ, "ਤੁਹਾਡੇ ਆਗੂ ਹਨ।" ਇਨ੍ਹਾਂ ਲੋਕਾਂ ਉੱਤੇ ਜ਼ਿੰਮੇਵਾਰੀ ਸੀ ਕਿ ਉਹ "ਪ੍ਰਭੂ ਵਿੱਚ" ਮੰਡਲੀ ਦਾ ਮਾਰਗ ਦਰਸ਼ਣ ਕਰਨ ਅਤੇ ਅਗਵਾਈ ਕਰਨ।

ਤੀਜਾ, ਉਸ ਨੇ ਆਖਿਆ ਕਿ ਇਹ ਲੋਕ "ਤੁਹਾਨੂੰ ਚਿਤਾਰਦੇ ਹਨ।" ਮੰਡਲੀ ਦੇ ਜ਼ਿੰਮੇਵਾਰ ਆਗੂ ਤਾਗੀਦ ਕਰਦੇ ਹਨ, ਚਿਤਾਉਂਦੇ ਹਨ ਅਤੇ ਨਿਰਦੇਸ਼ ਦਿੰਦੇ ਹਨ। ਭਾਵੇਂ ਭਾਈਆਂ ਵਾਂਗ ਦਿੱਤਾ ਗਿਆ ਸੁਝਾਓ ਹੋਵੇ (ਵੇਖੋ 1 ਕੁਰਿੰਥੀਆਂ 4:14) ਜਾਂ ਜਨਤਕ ਨਿਰਦੇਸ਼ (ਵੇਖੋ ਤੀਤੁਸ 1:9), ਆਗੂ ਭਾਈਆਂ ਨੂੰ ਵਿਸ਼ਵਾਸਯੋਗ ਬਣੇ ਰਹਿਣ ਲਈ ਸਿੱਖਿਆ ਦਿੰਦੇ ਰਹਿਣ।

ਇਹ ਬੇਨਾਮ ਆਗੂ ਕੌਣ ਹਨ? "ਤੁਹਾਡੇ ਆਗੂ ਹਨ" ਲਈ ਇਸਤੇਮਾਲ ਹੋਈ ਯੂਨਾਨੀ ਕਿਰਿਆ προΐστημι (*ਪ੍ਰੋਇਸਟੇਮੀ*) ਹੈ। ਇਸ ਦਾ ਅਰਥ ਹੈ "ਸ਼ਾਸਨ ਕਰਨਾ, ਨਿਰਦੇਸ਼ਨ ਕਰਨਾ, ਮੋਢੀ ਹੋਣਾ।"[53] ਇਸ ਸ਼ਬਦ ਦੀ ਵਰਤੋਂ 1 ਤਿਮੋਥਿਉਸ 5:17 ਵਿੱਚ ਵੀ ਹੋਈ ਹੈ, ਜਿੱਥੇ ਪੌਲੁਸ ਐਲਡਰਾਂ ਦੇ ਕੰਮਾਂ ਦਾ ਜ਼ਿਕਰ ਕਰ ਰਿਹਾ ਸੀ। "ਆਗੂ" ਹੋਣ ਦਾ ਕੰਮ ਐਲਡਰਾਂ ਨੂੰ ਪੂਰਾ ਫੱਬਦਾ ਹੈ। ਪ੍ਰਚਾਰਕਾਂ ਜਾਂ ਡੀਕਨ ਬਾਰੇ ਇਹ ਕਦੇ ਨਹੀਂ ਆਖਿਆ ਗਿਆ ਹੈ ਕਿ ਉਹ ਕਲੀਸਿਯਾ ਦੇ "ਆਗੂ ਹਨ।" ਇਹ ਭੂਮਿਕਾ ਐਲਡਰਾਂ ਦੇ ਲਈ ਰਾਖਵੀਂ ਰੱਖੀ ਗਈ ਹੈ।

ਇਹ ਤੱਥ ਕਿ ਇਹ ਆਗੂ ਮਿਹਨਤ ਕਰ ਰਹੇ ਸਨ ਅਤੇ ਨਿਰਦੇਸ਼ ਦੇ ਰਹੇ ਸਨ, ਆਪਣੇ ਆਪ ਵਿੱਚ ਮਹੱਤਵਪੂਰਨ ਹੈ। ਇਹ ਕੰਮ ਵੀ ਐਲਡਰਾਂ ਦੇ ਹੀ ਹਨ। ਅੱਜ ਜਦ ਅਸੀਂ ਐਲਡਰ ਚੁਣਦੇ ਹਾਂ, ਸਾਨੂੰ ਪ੍ਰਾਰਥਨਾ ਪੂਰਬਕ ਉਨ੍ਹਾਂ ਲੋਕਾਂ ਦੀ ਭਾਲ ਕਰਨੀ ਹੈ ਜਿਹੜੇ ਕਲੀਸਿਯਾ ਵਿੱਚ ਕੰਮ ਕਰ ਰਹੇ ਹਨ ਅਤੇ ਨਿਰਦੇਸ਼ ਦੇ ਰਹੇ ਹਨ।

ਮੈਂਬਰਾਂ ਦੀ ਆਪਣੇ ਆਗੂਆਂ ਦੇ ਪ੍ਰਤੀ ਕੀ ਜ਼ਿੰਮੇਵਾਰੀ ਹੈ? ਪਹਿਲੀ, ਸਾਨੂੰ ਉਨ੍ਹਾਂ ਦੀ "ਮੰਨਣੀ" ਹੈ ਅਰਥਾਤ ਸ਼ਲਾਘਾ ਕਰਨੀ ਹੈ (ਆਇਤ 12)। KJV ਆਖਦਾ ਹੈ ਕਿ ਮੈਂਬਰ ਆਪਣੇ ਆਗੂਆਂ ਨੂੰ "ਜਾਣਨ।" ਸਾਨੂੰ ਉਨ੍ਹਾਂ ਨੂੰ "ਜਾਣਨਾ" ਹੈ ਅਤੇ ਜੋ ਉਹ ਕਰਦੇ ਹਨ ਉਸ ਨੂੰ "ਮੰਨਣਾ" ਹੈ। ਹਾਂ, ਇਹ ਤਾਂ ਸਪੱਸ਼ਟ ਹੀ ਹੈ ਕਿ ਸ਼ਲਾਘਾ ਪ੍ਰਾਪਤ ਕਰਨ ਲਈ ਜਾਂ ਮੰਨੇ ਜਾਣ ਲਈ ਐਲਡਰਾਂ ਨੂੰ ਉਵੇਂ ਹੋਣਾ ਪਵੇਗਾ ਜਿਵੇਂ ਥੱਸਲੁਨੀਕੀ ਐਲਡਰ ਸਨ: ਮਿਹਨਤ ਕਰਨ ਵਾਲੇ, ਨਿਰਦੇਸ਼ ਦੇਣ ਵਾਲੇ ਅਤੇ ਅਗਵਾਈ ਕਰਨ ਵਾਲੇ।

ਦੂਜੀ, ਸਾਨੂੰ "ਓਹਨਾਂ ਦੇ ਕੰਮ ਦੀ ਖਾਤਰ . . . ਓਹਨਾਂ ਦਾ ਬਹੁਤਾ ਹੀ ਆਦਰ" ਕਰਨਾ ਹੈ (ਆਇਤ 13)। ਜੇਕਰ ਅਸੀਂ ਉਨ੍ਹਾਂ ਦਾ ਆਦਰ ਕਰਦੇ ਹਾਂ, ਤਾਂ ਜਦ ਸਾਡੇ ਅੰਦਰ ਉਨ੍ਹਾਂ ਦੇ ਵਿਰੁੱਧ ਕੁਝ ਹੋਵੇਗਾ ਤਾਂ ਅਸੀਂ ਉਨ੍ਹਾਂ ਦੇ ਕੋਲ ਜਾਵਾਂਗੇ। ਜਦ ਉਹ ਸਾਨੂੰ ਵੱਖ-ਵੱਖ ਆਤਮਕ ਵਿਸ਼ਿਆਂ ਉੱਤੇ ਸਿੱਖਿਆ ਦੇਣਗੇ, ਜਿਵੇਂ ਕਿ ਮੰਡਲੀ ਵਿੱਚ ਆਉਣਾ, ਬਾਈਬਲ ਅਧਿਐਨ ਵਿੱਚ ਆਉਣਾ ਅਤੇ ਝੂਠੀ ਸਿੱਖਿਆ ਦੇ ਵਿਰੁੱਧ ਸੁਰੱਖਿਆ ਦੇਣਾ, ਤਾਂ ਤਦ ਅਸੀਂ ਉਨ੍ਹਾਂ ਦੀ ਸੁਣਾਂਗੇ। ਆਗੂ ਕਲੀਸਿਯਾ ਵਿੱਚ ਇਸ ਕਰਕੇ ਹਨ ਕਿਉਂਕਿ ਪਰਮੇਸ਼ਰ ਨੇ ਉਨ੍ਹਾਂ ਨੂੰ ਨਿਯੁਕਤ ਕੀਤਾ ਹੈ (ਵੇਖੋ ਤੀਤੁਸ 1:5)। ਇੱਕ ਚੰਗਾ ਪਰਿਵਾਰ ਹੋਣ ਲਈ, ਸਾਨੂੰ ਚੰਗੇ ਉਪਦੇਸ਼ਕਾਂ ਦੀ ਅਤੇ ਆਦਰ ਕਰਨ ਵਾਲੇ ਪੈਰੋਕਾਰਾਂ ਦੀ ਲੋੜ ਹੈ।

*ਦੂਜੇ ਮਸੀਹੀਆਂ ਦੇ ਨਾਲ ਸਾਡਾ ਸੰਬੰਧ।* ਪੌਲੁਸ ਨੇ ਲਿਖਿਆ, "ਆਪੋ ਵਿੱਚ ਮੇਲ ਰੱਖੋ"

(ਆਇਤ 13)। ਇੱਥੇ ਉਸ ਨੇ ਮੈਂਬਰਾਂ ਵਿਚਾਲੇ ਸੰਬੰਧ ਬਾਰੇ ਗੱਲ ਕੀਤੀ। ਸਮਾਜਕ ਸੰਬੰਧ ਪੌਲੁਸ ਲਈ ਮਹੱਤਵਪੂਰਨ ਸਨ ਅਤੇ ਥੱਸਲੁਨੀਕੀਆਂ ਨੂੰ ਲਿਖੇ ਆਪਣੇ ਪੱਤਰ ਵਿੱਚ ਉਸ ਨੇ ਇਸ ਉੱਤੇ ਜ਼ੋਰ ਦਿੱਤਾ (ਵੇਖੋ ਆਇਤ 15)। ਆਪਣੀਆਂ ਪੱਤਰੀਆਂ ਵਿੱਚ ਉਸ ਨੇ "ਭਾਈਆਂ/ਭਰਾਵਾਂ" ਸ਼ਬਦ ਦੀ ਵਰਤੋਂ ਸੱਠ ਤੋਂ ਵਧੇਰੇ ਵਾਰ ਕੀਤੀ ਹੈ ਅਤੇ ਇਨ੍ਹਾਂ ਵਿੱਚੋਂ ਵੀਹ ਤੋਂ ਵਧ ਵਾਰੀ 1 ਅਤੇ 2 ਥੱਸਲੁਨੀਕੀਆਂ ਵਿੱਚ ਕੀਤੀ ਹੈ। ਉਸ ਨੇ ਸਮਾਜ ਵਿੱਚ ਪਰਿਵਾਰ ਵਰਗੇ ਪ੍ਰੇਮ ਉੱਤੇ ਜ਼ੋਰ ਦਿੱਤਾ। ਅਸੀਂ ਇਸ ਨੂੰ ਇੱਕ ਚੰਗਾ ਪਰਿਵਾਰ ਕਿਵੇਂ ਬਣਾਉਂਦੇ ਹਾਂ?

ਇਸ ਦਾ ਇੱਕ ਤਰੀਕਾ ਇਹ ਹੈ ਕਿ "ਆਪੋ ਵਿੱਚ ਮੇਲ ਰੱਖਿਆ ਜਾਵੇ।" ਜਦ ਅਸੀਂ ਆਪਣੇ ਆਗੂਆਂ ਦੀ ਸੁਣਦੇ ਹਾਂ ਅਤੇ ਉਨ੍ਹਾਂ ਦਾ ਆਦਰ ਕਰਦੇ ਹਾਂ ਤਾਂ ਅਸੀਂ ਆਪੋ ਵਿੱਚ ਮੇਲ ਰੱਖਦੇ ਹਾਂ। ਜਦ ਉਹ ਸਾਡੇ ਕਹੇ ਅਨੁਸਾਰ ਨਹੀਂ ਕਰਦੇ, ਤਦ ਸ਼ਰੇਆਮ ਉਨ੍ਹਾਂ ਦੀ ਆਲੋਚਨਾ ਕਰਨ ਤੋਂ ਬਚਣ ਨਾਲ ਵੀ ਅਸੀਂ ਮੇਲ ਰੱਖਦੇ ਹਾਂ। ਸਾਨੂੰ ਸਾਰਿਆਂ ਨੂੰ ਸਾਹਮਣੇ ਵਾਲੇ ਵਿਅਕਤੀ ਦੇ ਨਜ਼ਰੀਏ ਨੂੰ ਵੀ ਸਮਝਣ ਦੀ ਲੋੜ ਹੈ। ਜਦ ਸਾਡਾ ਕਿਸੇ ਵਿਅਕਤੀ ਨਾਲ ਝਗੜਾ ਹੋ ਜਾਂਦਾ ਹੈ ਤਾਂ ਸਾਨੂੰ ਉਸ ਵਿਅਕਤੀ ਦੇ ਕੋਲ ਜਾਣਾ ਚਾਹੀਦਾ ਹੈ ਅਤੇ ਮਾਮਲਾ ਸੁਲਝਾ ਲੈਣਾ ਚਾਹੀਦਾ ਹੈ (ਮੱਤੀ 5:23, 24)। ਦਿਲ ਵਿੱਚ ਵੈਰ ਨਾ ਰੱਖੋ; ਇਸ ਨੂੰ ਸੁਲਝਾ ਲਓ! ਪਰਮੇਸ਼ਰ ਚਾਹੁੰਦਾ ਹੈ ਕਿ ਅਸੀਂ ਮੇਲ ਰੱਖੀਏ (ਮਰਕੁਸ 9:50; 2 ਕੁਰਿੰਥੀਆਂ 13:11)।

ਚੰਗਾ ਪਰਿਵਾਰ ਬਣਾਉਣ ਦਾ ਇੱਕ ਹੋਰ ਤਰੀਕਾ ਇਹ ਹੈ ਕਿ "ਕੁਸੂਤਿਆਂ ਨੂੰ ਸਮਝਾਇਆ" ਜਾਵੇ (ਆਇਤ 14)। ਇੱਕ ਚੰਗਾ ਸਰੀਰਕ ਪਰਿਵਾਰ ਬਣਾਉਣ ਲਈ, ਅਨੁਸ਼ਾਸਨ ਲਾਜ਼ਮੀ ਹੈ। ਆਤਮਕ ਪਰਿਵਾਰ ਵਿੱਚ ਵੀ ਅਜਿਹਾ ਹੀ ਹੁੰਦਾ ਹੈ। ਇਹ ਕੁਸੂਤੇ ਲੋਕ ਕੌਣ ਹਨ? ਇਸ ਸ਼ਬਦ ਦੀ ਵਰਤੋਂ ਕਦੇ-ਕਦੇ ਉਸ ਸਿਪਾਹੀ ਲਈ ਇਸਤੇਮਾਲ ਕੀਤੀ ਜਾਂਦੀ ਹੈ ਜਿਹੜਾ ਰੈਂਕ ਤੋਂ ਬਾਹਰ ਹੋ ਕੇ ਮਾਰਚ ਕਰ ਰਿਹਾ ਹੈ। ਥੱਸਲੁਨੀਕੇ ਦੇ ਸੰਦਰਭ ਵਿੱਚ ਕੁਸੂਤੇ ਲੋਕ ਉਹ ਸਨ, ਜਿਨ੍ਹਾਂ ਨੇ ਕੰਮ-ਧੰਦਾ ਕਰਨਾ ਛੱਡ ਦਿੱਤਾ ਸੀ ਕਿਉਂਕਿ ਉਨ੍ਹਾਂ ਨੇ ਇਹ ਧਾਰਨਾ ਧਾਰ ਲਈ ਸੀ ਕਿ ਪ੍ਰਭੂ ਬਹੁਤ ਛੇਤੀ ਵਾਪਿਸ ਆ ਰਿਹਾ ਹੈ। ਉਹ ਹੋਰਨਾਂ ਲੋਕਾਂ 'ਤੇ ਆਰਥਿਕ ਬੋਝ ਬਣ ਗਏ ਸਨ ਅਤੇ ਦੂਜਿਆਂ ਦੇ ਕੰਮਾਂ ਵਿੱਚ ਲੱਤ ਫਸਾਉਣ ਵਾਲੇ ਬਣ ਗਏ ਸਨ (2 ਥੱਸਲੁਨੀਕੀਆਂ 3:10, 11)।

ਕੁਸੂਤੇ ਹੋਣ ਦਾ ਸਧਾਰਨ ਅਰਥ ਕੀ ਹੈ? ਇਸ ਦਾ ਅਰਥ ਹੈ ਪ੍ਰਭੂ ਦੀ ਇੱਛਾ ਨੂੰ ਕਿਸੇ ਵੀ ਰੂਪ ਵਿੱਚ ਭੰਗ ਕਰਨਾ। ਇਸ ਦਾ ਅਰਥ ਹੈ ਪਾਪੀ ਕੰਮਾਂ, ਜਿਵੇਂ ਕਿ ਚੁਗਲਖੋਰੀ, ਵਿਹਲਾਪਣ, ਸੰਗਤ ਵਿੱਚ ਨਾ ਆਉਣਾ ਜਾਂ ਹੋਰ ਕਿਸੇ ਵੀ ਤਰ੍ਹਾਂ ਦੇ ਬਾਈਬਲ ਵਿਰੋਧੀ ਕੰਮ ਤੋਂ ਤੋਬਾ ਕਰਨ ਤੋਂ ਮਨ੍ਹਾ ਕਰਨਾ।

ਪੌਲੁਸ ਨੇ ਥੱਸਲੁਨੀਕੀਆਂ ਨੂੰ ਤਾਗੀਦ ਕੀਤੀ ਕਿ ਇਨ੍ਹਾਂ ਭਟਕੇ ਹੋਏ ਮਸੀਹੀਆਂ ਨੂੰ "ਸਮਝਾਓ।" ਅਬਰਾਹਾਮ ਮੇਲਹਰਬੀ ਨੇ ਆਖਿਆ ਕਿ ਜੇਕਰ ਥੱਸਲੁਨੀਕੇ ਦੇ ਵਿਸ਼ਵਾਸਯੋਗ ਮਸੀਹੀ ਇਨ੍ਹਾਂ ਭਟਕੇ ਹੋਇਆਂ ਨੂੰ ਪਹਿਲਾਂ ਤੋਂ ਸਮਝਾਉਂਦੇ ਆ ਰਹੇ ਸਨ, ਤਾਂ ਪੌਲੁਸ ਜ਼ੋਰ ਦੇ ਰਿਹਾ ਸੀ ਕਿ ਉਹ ਆਪਣਿਆਂ ਜਤਨਾਂ ਵਿੱਚ ਹੋਰ "ਵਧੇਰੇ ਬਲ ਦੇਣ।"[54]

ਇਨ੍ਹਾਂ ਭਟਕੇ ਹੋਇਆਂ ਨੂੰ ਕੌਣ ਚਿਤਾਵੇ? ਅਸੀਂ ਵੇਖਿਆ ਹੈ ਕਿ ਇਸ ਸੰਦਰਭ ਵਿੱਚ ਐਲਡਰਾਂ ਦੀ ਗੱਲ ਕੀਤੀ ਹੈ। ਇਹ ਤਾਂ ਨਿਸ਼ਚਿਤ ਹੈ ਕਿ ਉਨ੍ਹਾਂ ਦੀ ਜਿੰਮੇਵਾਰੀ ਵੱਡੀ ਹੈ, ਪਰ ਪੌਲੁਸ ਨੇ ਇਸ ਨੂੰ ਉਨ੍ਹਾਂ ਤੱਕ ਸੀਮਿਤ ਨਹੀਂ ਰੱਖਿਆ। ਉਸ ਨੇ ਆਖਿਆ, "ਹੇ ਭਰਾਵੋ, ਅਸੀਂ ਤੁਹਾਨੂੰ ਤਗੀਦ ਕਰਦੇ ਹਾਂ" (ਆਇਤ 14)। ਸਭਨਾਂ ਮੈਂਬਰਾਂ ਨੂੰ ਉਤਸ਼ਾਹਿਤ ਕੀਤਾ

ਗਿਆ ਸੀ ਕਿ ਉਹ ਇੱਕ-ਦੂਜੇ ਦੀ ਦੇਖਭਾਲ ਕਰਨ। ਸਾਡੇ ਲਈ ਸਵਾਲ ਇਹ ਹੈ ਕਿ ਕੀ ਅਸੀਂ ਆਪਣੇ ਆਤਮਕ ਪਰਿਵਾਰ ਦੀ ਐਨੀ ਦੇਖਭਾਲ ਕਰਦੇ ਹਾਂ ਕਿ ਉਨ੍ਹਾਂ ਨੂੰ ਵਿਸ਼ਵਾਸਯੋਗ ਬਣੇ ਰਹਿਣ ਵਿੱਚ ਮਦਦ ਮਿਲਦੀ ਹੈ।

ਜਦ ਅਸੀਂ "ਕਮਦਿਲਿਆਂ ਨੂੰ ਦਿਲਾਸਾ" ਦਿੰਦੇ ਹਾਂ, ਤਦ ਵੀ ਅਸੀਂ ਆਪਣੇ ਆਤਮਕ ਪਰਿਵਾਰ ਦੀ ਮਦਦ ਕਰਦੇ ਹਾਂ (ਆਇਤ 14)। "ਕਮਦਿਲੇ" ਉਹ ਹੁੰਦੇ ਹਨ ਜਿਹੜੇ ਟੁੱਟੇ ਹੋਏ ਅਤੇ ਨਿਰਾਸ਼ ਹੁੰਦੇ ਹਨ। ਥੱਸਲੁਨੀਕੇ ਵਿੱਚ ਸ਼ਾਇਦ ਕਮਦਿਲੇ ਲੋਕ ਉਹ ਸਨ ਜਿਹੜੇ ਡਰ ਰਹੇ ਸਨ ਕਿ ਉਨ੍ਹਾਂ ਦੇ ਜਿਹੜੇ ਪਿਆਰੇ ਮਰ ਚੁੱਕੇ ਹਨ, ਉਹ ਪ੍ਰਭੂ ਦੀ ਦੂਜੀ ਆਮਦ ਦੀ ਅਦਭੁਤ ਘਟਨਾ ਤੋਂ ਵਾਂਝੇ ਰਹਿ ਜਾਣਗੇ। ਸਾਡੇ ਕਮਦਿਲੇ ਉਹ ਹੋ ਸਕਦੇ ਹਨ ਜਿਹੜੇ ਆਪਣੇ ਪਿਆਰਿਆਂ ਨੂੰ ਗੁਆ ਬੈਠੇ ਹਨ ਅਤੇ ਹੁਣ ਇਕੱਲੇ ਰਹਿ ਰਹੇ ਹਨ। ਹੋ ਸਕਦਾ ਹੈ ਕਿ ਉਨ੍ਹਾਂ ਦੀ ਨੌਕਰੀ ਚਲੀ ਗਈ ਹੈ ਜਾਂ ਫਿਰ ਉਹ ਕਿਸੇ ਸਰੀਰਕ ਸਮੱਸਿਆ ਦੇ ਭਾਰ ਹੇਠ ਹਨ।

ਜਦ ਅਸੀਂ ਕਿਸੇ ਅਜਿਹੇ ਵਿਅਕਤੀ ਨੂੰ ਵੇਖਦੇ ਹਾਂ ਜਿਹੜਾ ਕਮਦਿਲਾ ਹੈ, ਤਾਂ ਸਾਨੂੰ ਉਸ ਨੂੰ ਉਤਸ਼ਾਹਿਤ ਕਰਨਾ ਚਾਹੀਦਾ ਹੈ। ਆਪਣੇ ਭਰਾਵਾਂ ਨੂੰ ਉਤਸ਼ਾਹਿਤ ਕਰਕੇ ਅਸੀਂ ਉਨ੍ਹਾਂ ਨੂੰ ਉਤਾਂਹ ਚੁੱਕਦੇ ਹਾਂ ਅਤੇ ਆਪਣੇ ਸਾਥ ਅਤੇ ਪਿਆਰ ਭਰੇ ਸ਼ਬਦਾਂ ਨਾਲ ਉਨ੍ਹਾਂ ਨੂੰ ਪ੍ਰੇਰਿਤ ਕਰਦੇ ਹਾਂ। ਇਹ ਜਿੰਮੇਵਾਰੀ ਕੇਵਲ ਕਲੀਸਿਯਾ ਦੇ ਆਗੂਆਂ ਦੀ ਨਹੀਂ ਹੈ—ਸਗੋਂ ਸਭਨਾਂ ਮਸੀਹੀਆਂ ਦੀ ਹੈ।

ਆਪਣੇ ਆਤਮਕ ਪਰਿਵਾਰ ਨੂੰ ਚੰਗਾ ਬਣਾਉਣ ਦਾ ਇੱਕ ਹੋਰ ਤਰੀਕਾ ਇਹ ਹੈ ਕਿ "ਨਿਤਾਣਿਆਂ ਨੂੰ ਸਮ੍ਹਾਲਿਆ" ਜਾਵੇ (ਆਇਤ 14)। ਇਸ ਆਇਤ ਵਿੱਚ ਪੌਲੁਸ ਨੇ ਸਰੀਰਕ ਤੌਰ 'ਤੇ ਨਿਤਾਣਿਆਂ ਦੀ ਨਹੀਂ ਸਗੋਂ ਆਤਮਕ ਤੌਰ 'ਤੇ ਨਿਤਾਣਿਆਂ ਦੀ ਗੱਲ ਕੀਤੀ ਹੈ (ਵੇਖੋ ਰੋਮੀਆਂ 14:1)। ਉਨ੍ਹਾਂ ਨੇ ਪਰਮੇਸ਼ਰ ਦੇ ਰਾਜ ਵਿੱਚ ਜਨਮ ਲੈ ਲਿਆ ਹੈ, ਪਰ ਉਨ੍ਹਾਂ ਦੀਆਂ ਜੜ੍ਹਾਂ ਖੁਸ਼ਖਬਰੀ ਦੀ ਭੂਮੀ ਵਿੱਚ ਡੂੰਘਿਆਈ ਵਿੱਚ ਨਹੀਂ ਗਈਆਂ ਹਨ। ਜਦ ਉਨ੍ਹਾਂ ਦੀ ਨਿਹਚਾ ਦੀ ਪਰਖ ਹੋਈ, ਤਾਂ ਪਰਮੇਸ਼ਰ ਦੇ ਵਚਨ ਦਾ ਬੀਜ ਨਹੀਂ ਵਧਿਆ (ਵੇਖੋ ਮਰਕੁਸ 4:17)। ਕੀ ਤੁਸੀਂ ਆਪਣੀ ਮੰਡਲੀ ਵਿੱਚ ਅਜਿਹੇ ਕਿਸੇ ਵਿਅਕਤੀ ਨੂੰ ਜਾਣਦੇ ਹੋ?

ਸਭਨਾਂ "ਭਰਾਵਾਂ" ਨੂੰ ਉਨ੍ਹਾਂ ਦੀ "ਮਦਦ" ਕਰਨੀ ਹੈ। ਕਲਪਨਾ ਕਰੋ ਕਿ ਦੋ ਲੋਕ ਬਰਫੀਲੇ ਤੁਫਾਨ ਵਿੱਚੋਂ ਦੀ ਲੰਘ ਰਹੇ ਹਨ ਅਤੇ ਉਨ੍ਹਾਂ ਵਿੱਚੋਂ ਇੱਕ ਠੰਡ ਦੇ ਨਾਲ ਲਗਭਗ ਜੰਮ ਗਿਆ ਹੈ ਅਤੇ ਐਨਾ ਥੱਕ ਗਿਆ ਹੈ ਕਿ ਡਿੱਗਣ ਹੀ ਵਾਲਾ ਹੈ। ਡਿੱਗਣ ਦਾ ਅਰਥ ਹੈ ਮੌਤ। ਉਸ ਨੂੰ ਸਮ੍ਹਾਲੋ ਅਤੇ ਸੁਰੱਖਿਅਤ ਥਾਂ ਤੱਕ ਲੈ ਚੱਲੋ!

ਤਕੜੇ ਮਸੀਹੀ "ਇੱਕ ਦੂਏ ਲਈ . . . ਸਦਾ ਭਲਿਆਈ ਦੇ ਪਿੱਛੇ ਲੱਗੇ" ਰਹਿੰਦੇ ਹਨ (ਆਇਤ 15)। ਇੱਥੇ "ਭਲਿਆਈ" ਦਾ ਅਰਥ ਹੈ ਅਜਿਹਾ ਕੁਝ ਜਿਹੜਾ ਸਾਡੇ ਸੰਗੀ ਮਸੀਹੀਆਂ ਨੂੰ ਪਰਮੇਸ਼ਰ ਦੇ ਵਧੇਰੇ ਨੇੜੇ ਲਿਆਉਣ ਵਿੱਚ ਮਦਦ ਕਰੇਗਾ। ਭਾਵੇਂ ਲੋਕ ਸਾਨੂੰ ਨਿਰਾਸ਼ ਕਰਨ ਜਾਂ ਦੁਖ ਪੁਚਾਉਣ, ਸਾਨੂੰ ਤਦ ਵੀ ਉਨ੍ਹਾਂ ਦੀ ਭਲਿਆਈ ਹੀ ਚਾਹੁਣੀ ਹੈ। ਸਾਨੂੰ ਅਜਿਹੇ ਲੋਕਾਂ ਦੇ "ਪਿੱਛੇ ਲੱਗੇ" ਰਹਿਣਾ ਹੈ, ਉਨ੍ਹਾਂ ਦੇ ਲਈ ਪ੍ਰਾਰਥਨਾ ਕਰਨੀ ਹੈ ਅਤੇ ਸਰਾਹੁਣਾ ਹੈ (ਵੇਖੋ ਰੋਮੀਆਂ 12:20, 21)। ਪੌਲੁਸ ਕੇਵਲ ਆਗੂਆਂ ਦੇ ਨਾਲ ਹੀ ਗੱਲ ਨਹੀਂ ਕਰ ਰਿਹਾ, ਸਗੋਂ ਥੱਸਲੁਨੀਕੇ ਦੀ ਕਲੀਸਿਯਾ ਦੇ ਸਭਨਾਂ ਮੈਂਬਰਾਂ ਦੇ ਨਾਲ ਗੱਲ ਕਰ ਰਿਹਾ ਹੈ। ਸਭਨਾਂ ਮਸੀਹੀਆਂ ਨੂੰ ਮਿਲ ਕੇ ਮਦਦ ਕਰਨੀ ਹੈ ਕਿ "ਭਲਿਆਈ ਨਾਲ ਬੁਰਿਆਈ ਨੂੰ ਜਿੱਤ" ਲਿਆ ਜਾਵੇ (ਰੋਮੀਆਂ 12:21)।

*ਸਭਨਾਂ ਲੋਕਾਂ ਦੇ ਨਾਲ ਸਾਡਾ ਸੰਬੰਧ।* ਹਾਲਾਂਕਿ ਆਇਤਾਂ 12 ਤੋਂ 15 ਤੱਕ ਪੌਲੁਸ ਨੇ ਮੁੱਢਲੇ ਤੌਰ 'ਤੇ ਕਲੀਸਿਯਾ ਦੇ ਮੈਂਬਰਾਂ ਅਤੇ ਆਗੂਆਂ ਵਿਚਕਾਰ ਸੰਬੰਧਾਂ ਬਾਰੇ ਗੱਲ ਕੀਤੀ, ਤਾਂ ਵੀ ਵਿੱਚ-ਵਿੱਚ ਉਸ ਨੇ ਦ੍ਰਿਸ਼ਟੀਕੋਣ ਨੂੰ ਵਿਸਤ੍ਰਿਤ ਕਰਕੇ ਗੈਰਮਸੀਹੀਆਂ ਨੂੰ ਵੀ ਸ਼ਾਮਿਲ ਕੀਤਾ। ਉਸ ਨੇ ਲਿਖਿਆ, "*ਸਭਨਾਂ* ਨਾਲ ਧੀਰਜ ਕਰੋ" (ਆਇਤ 14; ਜ਼ੋਰ ਦਿੱਤਾ ਗਿਆ ਹੈ); ਅਤੇ ਫਿਰ, "ਇੱਕ ਦੂਏ ਲਈ ਅਤੇ *ਸਭਨਾਂ* ਲਈ ਸਦਾ ਭਲਿਆਈ ਦੇ ਪਿੱਛੇ ਲੱਗੇ ਰਹੋ" (ਆਇਤ 15; ਜ਼ੋਰ ਦਿੱਤਾ ਗਿਆ ਹੈ)। ਅਜਿਹੇ ਲੋਕਾਂ ਦੇ ਨਾਲ ਸਾਡਾ ਸੰਬੰਧ ਕਿਹੋ ਜਿਹਾ ਹੋਣਾ ਚਾਹੀਦਾ ਹੈ?

ਪਰਮੇਸ਼ਰ ਗੈਰਮਸੀਹੀਆਂ ਨੂੰ ਵੀ ਪ੍ਰੇਮ ਕਰਦਾ ਹੈ। ਉਹ ਉਨ੍ਹਾਂ ਨੂੰ ਬਚਾਉਣਾ ਚਾਹੁੰਦਾ ਹੈ। ਪਤਰਸ ਨੇ ਲਿਖਿਆ, "ਪ੍ਰਭੂ . . . ਧੀਰਜ ਕਰਦਾ ਹੈ ਕਿਉਂ ਜੋ ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ" (2 ਪਤਰਸ 3:9)। ਯਿਸੂ "ਗੁਆਚੇ ਹੋਇਆਂ ਨੂੰ ਭਾਲਣ ਅਤੇ ਬਚਾਉਣ ਲਈ ਆਇਆ" (ਲੂਕਾ 19:10)।

ਪਰਮੇਸ਼ਰ ਅਤੇ ਮਸੀਹ ਵਾਂਗ, ਸਾਨੂੰ ਵੀ ਸਭਨਾਂ ਨੂੰ ਪ੍ਰੇਮ ਕਰਨਾ ਚਾਹੀਦਾ ਹੈ। ਯਿਸੂ ਨੇ ਸਾਨੂੰ ਆਖਿਆ ਕਿ "ਆਪਣੇ ਵੈਰੀਆਂ ਨਾਲ ਪਿਆਰ ਕਰੋ" (ਮੱਤੀ 5:44)। ਜਿੰਨਾਂ ਵੀ ਸੰਭਵ ਹੋਵੇ ਸਾਨੂੰ ਸਭਨਾਂ ਦੇ ਨਾਲ ਮੇਲ ਰੱਖਣਾ ਹੈ (ਰੋਮੀਆਂ 12:18)। ਕਦੇ-ਕਦੇ ਸਾਡੀ ਭਲਿਆਈ ਦੇ ਬਾਵਜੂਦ ਲੋਕ ਸਾਡੇ ਨਾਲ ਮਾੜਾ ਵਿਹਾਰ ਕਰਨਗੇ, ਪਰ ਪੌਲੁਸ ਦੇ ਅਨੁਸਾਰ ਸਾਨੂੰ "ਬੁਰੇ ਦੇ ਵੱਟੇ ਬੁਰਾ" ਨਹੀਂ ਕਰਨਾ ਹੈ, ਸਗੋਂ "ਸਭਨਾਂ ਨਾਲ ਧੀਰਜ" ਕਰਨਾ ਹੈ ਅਤੇ "ਸਭਨਾਂ ਲਈ ਸਦਾ ਭਲਿਆਈ" ਕਰਨੀ ਹੈ (ਗਲਾਤੀਆਂ 6:10)। ਕਿਰਪਾਲਤਾ ਦੇ ਇਹ ਭਾਵ ਸਾਡੀ ਮਦਦ ਕਰਨਗੇ ਕਿ ਅਸੀਂ ਗੈਰਵਿਸ਼ਵਾਸੀਆਂ ਨੂੰ ਦਰਸਾ ਸਕੀਏ ਕਿ ਉਨ੍ਹਾਂ ਦੇ ਵਿਹਾਰ ਦੇ ਬਾਵਜੂਦ ਅਸੀਂ ਉਨ੍ਹਾਂ ਦੇ ਜੀਵਨ ਦੀ ਚਿੰਤਾ ਕਰਦੇ ਹਾਂ। ਅਸੀਂ ਉਨ੍ਹਾਂ ਦੀ ਭਲਿਆਈ ਚਾਹੁੰਦੇ ਹਾਂ ਤਾਂ ਜੋ ਉਹ ਪਰਮੇਸ਼ਰ ਵੱਲ ਮੁੜਨ, ਤੋਬਾ ਕਰਨ ਅਤੇ ਆਪਣੀ ਜ਼ਿੰਦਗੀ ਉਸ ਦੇ ਸਪੁਰਦ ਕਰ ਦੇਣ।

ਸੰਬੰਧ ਪਰਮੇਸ਼ਰ ਦੇ ਪਰਿਵਾਰ ਦਾ ਇੱਕ ਮਹੱਤਵਪੂਰਨ ਹਿੱਸਾ ਹਨ। ਪਰਮੇਸ਼ਰ ਸਾਡੀ ਮਦਦ ਕਰੇ ਕਿ ਅਸੀਂ ਆਪਣੇ ਆਗੂਆਂ ਦੇ ਨਾਲ, ਸਾਰੇ ਸੰਗੀ ਮੈਂਬਰਾਂ ਦੇ ਨਾਲ ਅਤੇ ਉਸ ਹਰੇਕ ਵਿਅਕਤੀ ਦੇ ਨਾਲ ਚੰਗਾ ਸੰਬੰਧ ਰੱਖ ਸਕੀਏ, ਜਿਸ ਨੂੰ ਯਿਸੂ ਮਸੀਹ ਦੀ ਖੁਸ਼ਖਬਰੀ ਦੀ ਲੋੜ ਹੈ। EE

**ਮਸੀਹੀ ਵਿਹਾਰ ਨੂੰ ਵਿਕਸਿਤ ਕਰਨਾ (5:16-18)**

ਸਤਾਓ ਦੇ ਕਾਰਨ ਪੌਲੁਸ ਦੇ ਕਾਹਲੀ ਵਿੱਚ ਥੱਸਲੁਨੀਕੇ ਦੀ ਕਲੀਸਿਯਾ ਨੂੰ ਛੱਡ ਕੇ ਜਾਣ ਤੋਂ ਬਾਅਦ ਉਸ ਨੇ ਉਨ੍ਹਾਂ ਨੂੰ ਪੱਤਰ ਲਿੱਖ ਕੇ ਅੱਗੇ ਦੇ ਨਿਰਦੇਸ਼ ਦਿੱਤੇ। ਆਇਤ 16 ਤੋਂ 18 ਤੱਕ, ਉਸ ਨੇ ਤਿੰਨ ਮਸੀਹੀ ਗੁਣਾਂ ਬਾਰੇ ਲਿਖਿਆ: ਖੁਸ਼ੀ, ਨਿਰਭਰਤਾ ਅਤੇ ਸ਼ੁਕਰਗੁਜ਼ਾਰੀ। ਇਹ ਹੁਕਮ ਦਿੰਦਿਆਂ ਉਸ ਨੇ ਵਰਤਮਾਨ ਕਾਲ ਵਿੱਚ ਆਦੇਸ਼ ਵਜੋਂ ਲਿਖਿਆ, ਜਿਸ ਦਾ ਅਰਥ ਹੈ ਮਸੀਹੀਆਂ ਨੂੰ ਇਹ ਗੁਣ ਵਿਕਸਿਤ ਕਰਨੇ ਅਤੇ ਆਪਣੇ ਜੀਵਨ ਵਿੱਚ ਲਗਾਤਾਰ ਪਰਗਟ ਕਰਨੇ ਲਾਜ਼ਮੀ ਹਨ।

*ਖੁਸ਼ੀ: "ਸਦਾ ਅਨੰਦ ਰਹੋ"* (ਆਇਤ 16)। ਮਸੀਹੀਆਂ ਦਾ ਜੀਵਨ ਪ੍ਰਤੀ ਰਵੱਈਆ ਹਮੇਸ਼ਾ ਅਨੰਦ ਨਾਲ ਭਰਿਆ ਹੋਣਾ ਚਾਹੀਦਾ ਹੈ। ਪਰਮੇਸ਼ਰ ਨੇ ਸਾਨੂੰ ਅਤੀਤ ਦੇ ਪਾਪਾਂ ਤੋਂ ਮੁਕਤੀ ਦੀ ਅਸੀਸ ਦਿੱਤੀ ਹੈ ਅਤੇ ਸਾਡੇ "ਪਾਪ ਧੋ ਸੁੱਟੇ" ਹਨ (ਰਸੂਲਾਂ 22:16)। ਜੇਕਰ

ਅਸੀਂ ਵਿਸ਼ਵਾਸਯੋਗ ਰਹੇ ਤਾਂ ਉਸ ਨੇ ਸਾਨੂੰ ਸਵਰਗ ਵਿੱਚ ਵਿਰਾਸਤ ਦੀ ਪ੍ਰਤਿੱਗਿਆ ਦਿੱਤੀ ਹੈ (ਅਫ਼ਸੀਆਂ 1:13, 14)। ਇਸ ਕਰਕੇ ਸਾਨੂੰ ਪੌਲੁਸ ਦੇ ਨਾਲ ਰਲ ਕੇ ਆਪਣੀ ਮੁਕਤੀ ਦਾ ਅਨੰਦਮਈ ਪ੍ਰਤੀਉੱਤਰ ਦੇਣਾ ਚਾਹੀਦਾ ਹੈ: "ਪ੍ਰਭੂ ਵਿੱਚ ਸਦਾ ਅਨੰਦ ਕਰੋ। ਫੇਰ ਕਹਿੰਦਾ ਹਾਂ, ਅਨੰਦ ਕਰੋ!" (ਫ਼ਿਲਿੱਪੀਆਂ 4:4)।

ਹਾਲਾਂਕਿ ਜ਼ਿੰਦਗੀ ਦੀਆਂ ਆਪਣੀਆਂ ਸਮੱਸਿਆਵਾਂ ਹਨ, ਫਿਰ ਵੀ ਅਸੀਂ ਮਸੀਹੀ ਚੰਗੇ ਸਮਿਆਂ ਵਿੱਚ ਅਤੇ ਮੰਦੇ ਸਮਿਆਂ ਵਿੱਚ ਵੀ ਅਨੰਦ ਕਰ ਸਕਦੇ ਹਾਂ। ਜਦ ਪੌਲੁਸ ਨੇ ਫ਼ਿਲਿੱਪੀਆਂ 4:4 ਲਿਖਿਆ ਸੀ, ਤਦ ਉਹ ਜੇਲ ਵਿੱਚ ਸੀ। ਜਦ ਉਸ ਨੇ ਥੱਸਲੁਨੀਕੀਆਂ ਲਿਖਿਆ ਸੀ, ਉਹ ਸਤਾਏ ਜਾ ਰਹੇ ਸਨ ਅਤੇ ਬਿਪਤਾਵਾਂ ਸਹਿ ਰਹੇ ਸਨ। ਦੁਖਾਂ ਅਤੇ ਦਰਦ ਦੇ ਬਾਵਜੂਦ ਵੀ ਅਸੀਂ ਅਨੰਦ ਕਰਦੇ ਹਾਂ ਕਿਉਂਕਿ ਸਾਡੀ ਸਦੀਪਕ ਵਿਰਾਸਤ ਇਨ੍ਹਾਂ ਤਜਰਬਿਆਂ ਨਾਲੋਂ ਕਿਤੇ ਵੱਡੀ ਹੈ। ਆਓ ਇਸ ਕਰਕੇ ਸਭਨਾਂ ਗੱਲਾਂ ਵਿੱਚ ਅਨੰਦ ਕਰੀਏ।

*ਨਿਰਭਰਤਾ: "ਨਿੱਤ ਪ੍ਰਾਰਥਨਾ ਕਰੋ"* (ਆਇਤ 17)। ਕੋਈ ਵੀ ਬਾਲਕ ਆਪਣੇ ਆਪ ਉੱਤੇ ਨਿਰਭਰ ਨਹੀਂ ਰਹਿ ਸਕਦਾ ਅਤੇ ਅਸੀਂ ਸਾਰੇ ਆਤਮਕ ਬਾਲਕ ਹਾਂ (ਵੇਖੋ ਯਿਰਮਿਯਾਹ 10:23)। ਸਾਨੂੰ ਪਰਮੇਸ਼ਰ ਦੀ ਲੋੜ ਹੈ। ਇਸ ਕਰਕੇ ਸਾਨੂੰ ਪ੍ਰਾਰਥਨਾ ਦੇ ਰਾਹੀਂ ਉਸ ਦੇ ਸੰਪਰਕ ਵਿੱਚ ਰਹਿਣ ਦੀ ਲੋੜ ਹੈ, ਫਿਰ ਭਾਵੇਂ ਅਸੀਂ ਉਨ੍ਹਾਂ ਕੰਮਾਂ ਦੇ ਲਈ ਉਸ ਦਾ ਧੰਨਵਾਦ ਕਰੀਏ ਜੋ ਉਸ ਨੇ ਸਾਡੇ ਲਈ ਕੀਤੇ ਹਨ (2 ਕੁਰਿੰਥੀਆਂ 9:15) ਜਾਂ ਫਿਰ ਸੰਕਟਾਂ ਵੇਲੇ ਉਸ ਤੋਂ ਮਦਦ ਮੰਗੀਏ (ਰਸੂਲਾਂ 4:29)।

"ਨਿੱਤ ਪ੍ਰਾਰਥਨਾ ਕਰੋ" ਦਾ ਅਰਥ ਇਹ ਨਹੀਂ ਹੈ ਕਿ ਬਿਨਾ ਰੁਕੇ ਪ੍ਰਾਰਥਨਾ ਕਰੋ। ਸਗੋਂ ਇਸ ਦਾ ਅਰਥ ਨਿਰਭਰਤਾ ਦੇ ਭਾਵ ਨਾਲ ਹੈ ਜਿਸ ਦੇ ਕਾਰਨ ਅਸੀਂ ਪਰਮੇਸ਼ਰ ਦੇ ਨਾਲ ਲਗਾਤਾਰ ਗੱਲਬਾਤ ਕਰਦੇ ਰਹਾਂਗੇ, ਇੱਥੋਂ ਤੱਕ ਕਿ ਰੋਜਾਨਾ ਦੇ ਆਮ ਕੰਮਾਂ ਵਿੱਚ ਵੀ (ਵੇਖੋ ਅਫ਼ਸੀਆਂ 6:18; ਲੂਕਾ 18:1)। ਇੱਥੋਂ ਤੱਕ ਕਿ ਅਸੀਂ ਗੱਡੀ ਚਲਾਉਂਦਿਆਂ ਜਾਂ ਤੁਰਦਿਆਂ ਵੀ ਪ੍ਰਾਰਥਨਾ ਕਰ ਸਕਦੇ ਹਾਂ (ਅਸੀਂ ਆਪਣੀਆਂ ਅੱਖਾਂ ਬੰਦ ਕੀਤੇ ਬਿਨਾ ਵੀ ਪ੍ਰਾਰਥਨਾ ਕਰ ਸਕਦੇ ਹਾਂ)। ਪਰਮੇਸ਼ਰ ਸੁਣਦਾ ਹੈ!

ਜਦ ਅਸੀਂ ਹਰ ਵੇਲੇ ਪ੍ਰਾਰਥਨਾ ਕਰਦੇ ਹਾਂ, ਤਾਂ ਅਸੀਂ ਦਰਸਾਉਂਦੇ ਹਾਂ ਕਿ ਸਾਨੂੰ ਪਰਮੇਸ਼ਰ ਦੀ ਲੋੜ ਹੈ—ਅਸੀਂ ਉਸ 'ਤੇ ਨਿਰਭਰ ਕਰਦੇ ਹਾਂ। ਜਿਵੇਂ ਇੱਕ ਬਾਲਕ ਨੂੰ ਮਾਪਿਆਂ ਦੀ ਲੋੜ ਹੈ, ਉਵੇਂ ਹੀ ਸਾਨੂੰ ਵੀ ਹਰ ਵੇਲੇ ਪਰਮੇਸ਼ਰ ਦੀ ਲੋੜ ਹੈ। ਅਸੀਂ ਕਦੇ ਵੀ ਐਨੇ ਵੱਡੇ ਨਹੀਂ ਹੋ ਸਕਦੇ ਕਿ ਸਾਨੂੰ ਪਰਮੇਸ਼ਰ ਉੱਤੇ ਨਿਰਭਰ ਹੋਣ ਦੀ ਲੋੜ ਨਾ ਪਵੇ। ਪਰਮੇਸ਼ਰ ਸਾਡੀ ਮਦਦ ਕਰੇ ਕਿ ਅਸੀਂ "ਨਿੱਤ ਪ੍ਰਾਰਥਨਾ ਕਰ ਸਕੀਏ," ਜਿਸ ਤੋਂ ਪਤਾ ਲੱਗੇ ਕਿ ਅਸੀਂ ਪਰਮੇਸ਼ਰ ਉੱਤੇ ਕਿੰਨੇ ਨਿਰਭਰ ਹਾਂ!

*ਸ਼ੁਕਰਗੁਜ਼ਾਰੀ: "ਹਰ ਹਾਲ ਵਿੱਚ ਧੰਨਵਾਦ ਕਰੋ"* (ਆਇਤ 18)। ਜਿਸ ਪ੍ਰਾਰਥਨਾ ਦਾ ਜ਼ਿਕਰ ਪੌਲੁਸ ਨੇ ਆਇਤ 17 ਵਿੱਚ ਕੀਤਾ, ਉਹ ਵਿਸ਼ੇਸ਼ ਤੌਰ 'ਤੇ ਸ਼ੁਕਰਗੁਜ਼ਾਰੀ ਦੀ ਪ੍ਰਾਰਥਨਾ ਹੈ। ਪਰ ਧੰਨਵਾਦ ਦੇਣਾ ਕੇਵਲ ਕਿਸੇ ਗੱਲ ਜਾਂ ਵਿਅਕਤੀ ਲਈ ਸ਼ੁਕਰਗੁਜ਼ਾਰੀ ਦੀ ਭਾਵਨਾ ਨਾਲੋਂ ਕਿਤੇ ਵਧ ਕੇ ਹੈ। ਇਸ ਵਿੱਚ ਇਸ ਭਾਵਨਾ ਨੂੰ ਪਰਮੇਸ਼ਰ ਦੇ ਲਈ ਵਿਅਕਤ ਕਰਨਾ ਵੀ ਸ਼ਾਮਿਲ ਹੈ। ਸਾਨੂੰ ਉਸ ਪਤੀ ਵਰਗੇ ਨਹੀਂ ਬਣਨਾ ਹੈ ਜਿਸ ਤੋਂ ਵਿਆਹ ਦੇ ਤੀਹ ਵਰ੍ਹੇ ਬਾਅਦ ਪਤਨੀ ਨੇ ਪੁੱਛਿਆ ਕਿ ਕੀ ਉਹ ਅਜੇ ਵੀ ਉਸ ਨੂੰ ਪਿਆਰ ਕਰਦਾ ਹੈ, ਤਾਂ ਜਵਾਬ ਵਿੱਚ ਉਸ ਨੇ ਆਖਿਆ, "ਤੈਨੂੰ ਇੱਕ ਵਾਰ ਆਖਿਆ ਤੇ ਹੈ ਸੀ ਕਿ ਕਰਦਾ ਹਾਂ ਅਤੇ ਜੇਕਰ ਕਦੇ ਮੈਂ ਆਪਣਾ ਇਰਾਦਾ ਬਦਲ ਲਿਆ ਤਾਂ ਤੈਨੂੰ ਦੱਸ ਦਿਆਂਗਾ।" ਸਗੋਂ

ਪਰਮੇਸ਼ਰ ਚਾਹੁੰਦਾ ਹੈ ਕਿ ਅਸੀਂ ਉਸ ਦੇ ਲਈ ਆਪਣੇ ਪ੍ਰੇਮ ਨੂੰ ਪਰਗਟ ਕਰੀਏ। ਅਜਿਹਾ ਉਹ ਇਸ ਕਰਕੇ ਨਹੀਂ ਚਾਹੁੰਦਾ ਕਿਉਂਕਿ ਉਸ ਨੂੰ ਸਾਥੋਂ ਇਸ ਦੀ ਲੋੜ ਹੈ, ਸਗੋਂ ਇਸ ਲਈ ਤਾਂ ਜੋ ਅਸੀਂ ਸਿਆਣ ਸਕੀਏ ਕਿ ਅਸੀਂ ਉਸ ਉੱਤੇ ਕਿੰਨੇ ਜ਼ਿਆਦਾ ਨਿਰਭਰ ਹਾਂ।

ਆਓ ਗੌਰ ਕਰੀਏ ਕਿ ਪੌਲੁਸ ਨੇ ਧੰਨਵਾਦ ਕਰਨ ਦੇ ਇਸ ਹੁਕਮ ਵਿੱਚ "ਹਰ ਹਾਲ ਵਿੱਚ" ਸ਼ਬਦਾਂ ਦੀ ਵਰਤੋਂ ਕੀਤੀ। ਫ਼ਿਲਿੱਪੀਆਂ 4:11 ਵਿੱਚ ਪੌਲੁਸ ਨੇ ਲਿਖਿਆ, "ਮੈਂ ਇਹ ਸਿੱਖ ਲਿਆ ਹੈ ਭਈ ਜਿਸ ਹਾਲ ਵਿੱਚ ਹੋਵਾਂ ਓਸੇ ਵਿੱਚ ਸੰਤੋਖ ਰੱਖਾਂ।" ਮੈੱਕ੍ਗਾਰਵੇ ਅਤੇ ਪੈਂਡਲੇਟਨ ਸਾਨੂੰ ਚੇਤੇ ਕਰਾਉਂਦੇ ਹਨ ਕਿ ਸਾਨੂੰ ਪਰਮੇਸ਼ਰ ਦਾ ਧੰਨਵਾਦ ਕਰਨਾ ਹੈ, "ਕੇਵਲ ਸ਼ਾਂਤੀ ਅਤੇ ਖੁਸ਼ਹਾਲੀ ਲਈ ਹੀ ਨਹੀਂ, ਸਗੋਂ ਬਿਪਤਾ ਅਤੇ ਸਤਾਓ ਲਈ ਵੀ (ਰਸੂਲਾਂ 5:41)।"[55] ਇਹ ਆਤਮਕ ਵਾਧੇ ਦੇ ਅਵਸਰ ਹੋ ਸਕਦੇ ਹਨ।

ਸਾਨੂੰ ਸ਼ੁਕਰਗੁਜ਼ਾਰ ਹੋਣਾ ਹੈ, "ਕਿਉਂ ਜੋ ਤੁਹਾਡੇ ਲਈ ਮਸੀਹ ਯਿਸੂ ਵਿੱਚ ਪਰਮੇਸ਼ਰ ਦੀ ਇਹੋ ਇੱਛਿਆ ਹੈ" (ਆਇਤ 18)। ਇਹ ਪੌਲੁਸ ਦੀ ਜਾਂ ਪ੍ਰਚਾਰਕ ਦੀ ਇੱਛਾ ਨਹੀਂ ਹੈ, ਸਗੋਂ ਇਹ ਪਰਮੇਸ਼ਰ ਦੀ ਇੱਛਾ ਹੈ! ਕੀ ਅਸੀਂ ਆਪਣੇ ਪਰਿਵਾਰ, ਭੋਜਨ, ਬਸਤਰਾਂ, ਘਰ, ਸੰਕਟਾਂ ਅਤੇ ਸਮੱਸਿਆਵਾਂ ਦੇ ਲਈ ਪਰਮੇਸ਼ਰ ਦਾ ਧੰਨਵਾਦ ਕਰਦੇ ਹਾਂ?

ਸਾਨੂੰ ਖੁਸ਼ ਰਹਿਣਾ ਹੈ, ਨਿਰਭਰ ਰਹਿਣਾ ਹੈ ਅਤੇ ਪਰਮੇਸ਼ਰ ਦੇ ਸ਼ੁਕਰਗੁਜ਼ਾਰ ਬਾਲਕ ਬਣਨਾ ਹੈ। ਉਹ ਹਮੇਸ਼ਾ ਇੱਕ ਪਿਤਾ ਵਾਂਗ ਸਾਡੀ ਦੇਖਭਾਲ ਕਰਦਾ ਹੈ। ਅਸੀਂ ਆਪਣੀ ਸ਼ੁਕਰਗੁਜ਼ਾਰੀ ਪਰਗਟ ਕਰੀਏ ਅਤੇ ਇਨ੍ਹਾਂ ਉੱਚਿਤ ਮਸੀਹੀ ਵਿਹਾਰਾਂ ਨੂੰ ਵਿਕਸਿਤ ਕਰੀਏ। EE

**ਕੁਝ ਗਲਤ ਧਾਰਨਾਵਾਂ ਤੋਂ ਬਚੋ (5:19, 20)**

ਲੋਕਾਂ ਦੀ ਆਦਤ ਹੁੰਦੀ ਹੈ ਕਿ ਉਹ ਇੱਕ ਹੱਦ ਤੋਂ ਦੂਜੀ ਹੱਦ ਵੱਲ ਵਧਦੇ ਰਹਿੰਦੇ ਹਨ। ਆਇਤਾਂ 19 ਅਤੇ 20 ਵਿੱਚ, ਪੌਲੁਸ ਨੇ ਅਜਿਹੇ ਹੀ ਕੁਝ ਮਸਲਿਆਂ ਬਾਰੇ ਗੱਲ ਕੀਤੀ ਜਿਨ੍ਹਾਂ ਵਿੱਚ ਲੋਕ ਹੱਦਾਂ ਪਾਰ ਕਰ ਜਾਂਦੇ ਹਨ। ਪੌਲੁਸ ਨੇ ਥੱਸਲੁਨੀਕੇ ਦੀ ਕਲੀਸਿਯਾ ਦੇ ਕੁਝ ਲੋਕਾਂ ਦੇ ਹੱਦਾਂ ਪਾਰ ਕਰ ਜਾਣ ਵਾਲੇ ਦ੍ਰਿਸ਼ਟੀਕੋਣਾਂ ਬਾਰੇ ਲਿਖਿਆ। ਪੌਲੁਸ ਦੇ ਅਨੁਸਾਰ ਸੰਤੁਲਨ ਬਹੁਤ ਜ਼ਰੂਰੀ ਸੀ। ਉਸ ਨੇ ਕਲੀਸਿਯਾ ਨੂੰ ਤਾਗੀਦ ਕੀਤੀ ਕਿ ਉਹ ਦਰਮਿਆਨਾ ਰਾਹ ਫੜ ਕੇ ਤੁਰਨ। ਇਹ ਹੱਦਾਂ ਕਿਹੜੀਆਂ ਸਨ ਜਿਨ੍ਹਾਂ ਤੋਂ ਪੌਲੁਸ ਉਨ੍ਹਾਂ ਨੂੰ ਦੂਰ ਰੱਖਣਾ ਚਾਹੁੰਦਾ ਸੀ?

*ਪਵਿੱਤਰ ਆਤਮਾ ਬਾਰੇ ਗਲਤ ਧਾਰਨਾਵਾਂ ਤੋਂ ਬਚੋ।* ਪੌਲੁਸ ਨੇ ਆਖਿਆ, "ਆਤਮਾ ਨੂੰ ਨਾ ਬੁਝਾਓ" (ਆਇਤ 19)। ਇੱਥੇ ਉਸ ਨੇ ਪਵਿੱਤਰ ਆਤਮਾ ਦੀ ਗੱਲ ਕੀਤੀ, ਜੋ ਈਸ਼ਵਰਤਾਈ ਦਾ ਤੀਜਾ ਵਿਅਕਤੀ ਹੈ। ਪਵਿੱਤਰ ਆਤਮਾ ਉਸ ਵੇਲੇ ਵੀ ਅਤੇ ਹੁਣ ਵੀ ਉਨ੍ਹਾਂ ਲੋਕਾਂ ਨੂੰ ਦਿੱਤਾ ਜਾਂਦਾ ਹੈ ਜੋ ਪਰਮੇਸ਼ਰ ਦੀ ਆਗਿਆਕਾਰੀ ਕਰਦੇ ਹਨ (ਰਸੂਲਾਂ 5:32)। ਲੂਕਾ ਨੇ ਆਪਣੇ ਲੇਖ ਵਿੱਚ ਦਰਜ ਕੀਤਾ ਕਿ ਪੰਤੇਕੁਸਤ ਦੇ ਦਿਨ ਰਸੂਲ ਪਵਿੱਤਰ ਆਤਮਾ ਨਾਲ ਭਰ ਗਏ ਸਨ (ਰਸੂਲਾਂ 2:1–4)। ਪੌਲੁਸ ਨੇ ਆਪਣੇ ਪਾਠਕਾਂ ਨੂੰ ਤਾਗੀਦ ਕੀਤੀ ਕਿ ਉਹ "ਆਤਮਾ ਨੂੰ ਨਾ ਬੁਝਾਉਣ।"

ਸ਼ਾਇਦ ਪੌਲੁਸ ਦੇ ਮਨ ਵਿੱਚ ਪਵਿੱਤਰ ਆਤਮਾ ਦੀਆਂ ਦਾਤਾਂ ਸਨ, ਜਿਵੇਂ ਕਿ ਗੈਰਜ਼ੁਬਾਨਾਂ, ਵਿਆਖਿਆ, ਚਮਤਕਾਰ ਅਤੇ ਨਬੂਵਤ (1 ਕੁਰਿੰਥੀਆਂ 12:8–11)। ਇਹ ਉਹ ਦਾਤਾਂ ਸਨ ਜਿਹੜੇ ਪਹਿਲੀ ਸਦੀ ਦੇ ਕੁਝ ਮਸੀਹੀਆਂ ਨੂੰ ਮਿਲੀਆਂ ਸਨ। ਉਹ

ਅਜਿਹੀਆਂ ਦਾਤਾਂ ਨੂੰ ਦਬਾਉਣਾ ਕਿਉਂ ਚਾਹੁੰਦੇ ਸਨ? ਕਿਉਂਕਿ ਕੁਝ ਲੋਕ ਇਨ੍ਹਾਂ ਦਾਤਾਂ ਦੇ ਹੋਣ ਦੇ ਝੂਠੇ ਦਾਅਵੇ ਕਰਨ ਲੱਗੇ ਸਨ (ਵੇਖੋ 1 ਯੂਹੰਨਾ 4:1)। ਝੂਠੇ ਨਬੀ ਜਾਂ ਸਮੱਸਿਆਵਾਂ ਪੈਦਾ ਕਰਨ ਵਾਲੇ ਲੋਕ ਇਮਾਨਦਾਰ ਲੋਕਾਂ ਨੂੰ ਐਨਾ ਜ਼ਿਆਦਾ ਨਿਰਾਸ਼ ਕਰਨ ਲੱਗੇ ਸਨ ਕਿ ਇਸ ਦੇ ਨਤੀਜੇ ਵਜੋਂ ਬਹੁਤ ਤੀਬਰ ਪ੍ਰਤੀਕਿਰਿਆਵਾਂ ਹੋਣ ਲੱਗੀਆਂ ਸਨ।

ਚਮਤਕਾਰੀ ਦਾਤਾਂ ਦੇ ਝੂਠੇ ਦਿਖਾਵੇ ਦੇ ਕਾਰਨ ਨਿਆਣੇ ਮਸੀਹੀ ਉਸ ਹਰੇਕ ਵਿਅਕਤੀ ਦੀ ਸੁਣਨ ਤੋਂ ਝਿਜਕਣ ਲੱਗੇ ਸਨ ਜੋ ਕਿਸੇ ਚਮਤਕਾਰੀ ਦਾਤ ਦੇ ਹੋਣ ਦਾ ਦਾਅਵਾ ਕਰਦਾ ਸੀ ਅਤੇ ਜਿਨ੍ਹਾਂ ਆਗੂਆਂ ਵਿੱਚ ਇਹ ਦਾਤਾਂ ਸੱਚਮੁੱਚ ਸਨ, ਉਹ ਇਨ੍ਹਾਂ ਦੀ ਵਰਤੋਂ ਕਰਨ ਤੋਂ ਝਿਜਕਣ ਲੱਗੇ ਸਨ। ਇਹ ਕੁਰਿੰਥ ਵਿਚਲੇ ਉਦਾਹਰਨ ਦੇ ਬਿਲਕੁਲ ਉਲਟ ਹੈ (1 ਕੁਰਿੰਥੀਆਂ 14)। ਇਸ ਤਰ੍ਹਾਂ ਦਾ ਬੁਝਾਉਣਾ ਇਸ ਤਰ੍ਹਾਂ ਦਾ ਸੀ, ਕਿ ਜਿਵੇਂ ਕੋਈ ਆਤਮਾ ਦੀ ਅੱਗ ਉੱਤੇ ਠੰਡਾ ਪਾਣੀ ਪਾ ਰਿਹਾ ਸੀ ਅਤੇ ਪਰਮੇਸ਼ਰ ਦੇ ਸੁਨੇਹੇ ਨੂੰ ਦਬਾ ਰਿਹਾ ਸੀ।

ਇਹ ਅੱਜ ਕਿਵੇਂ ਲਾਗੂ ਹੁੰਦਾ ਹੈ? ਕਿਉਂ ਜੋ ਪਵਿੱਤਰ ਆਤਮਾ ਹੁਣ ਪਹਿਲਾਂ ਵਾਂਗ ਚਮਤਕਾਰੀ ਦਾਤਾਂ ਨਹੀਂ ਵੰਡਦਾ, ਇਸ ਕਰਕੇ ਇਨ੍ਹਾਂ ਆਇਤਾਂ ਦੀ ਵਰਤੋਂ ਇਹ ਪ੍ਰਮਾਣਿਤ ਕਰਨ ਲਈ ਕਰਨਾ ਗਲਤ ਹੈ ਕਿ ਉਹ ਅਜੇ ਵੀ ਇਹ ਦਾਤਾਂ ਦਿੰਦਾ ਹੈ। ਅਸੀਂ ਉਸੇ ਭਾਵ ਨਾਲ ਆਤਮਾ ਨੂੰ ਨਹੀਂ ਬੁਝਾ ਸਕਦੇ। ਪੌਲੁਸ ਦਾ ਸੁਨੇਹਾ ਇਸ ਤਰ੍ਹਾਂ ਦੀਆਂ ਗਲਤ ਧਾਰਨਾਵਾਂ ਤੋਂ ਬਚਣ ਦਾ ਸੁਨੇਹਾ ਸੀ ਅਤੇ ਸਾਨੂੰ ਇਸੇ ਸਿਧਾਂਤ ਨੂੰ ਸੁਣਨ ਦੀ ਲੋੜ ਹੈ।

ਜਦ ਅਸੀਂ ਲੋਕਾਂ ਵਿੱਚ ਉਹ ਗੱਲਾਂ ਵੇਖਦੇ ਹਾਂ ਜਿਨ੍ਹਾਂ ਨੂੰ ਅਸੀਂ ਪਸੰਦ ਨਹੀਂ ਕਰਦੇ ਤਾਂ ਅਸੀਂ ਬਹੁਤ ਜ਼ਿਆਦਾ ਪ੍ਰਤੀਕਿਰਿਆ ਕਰ ਬੈਠਦੇ ਹਾਂ। ਸਾਡੇ ਸਾਹਮਣੇ ਅਜਿਹੇ ਟੀਵੀ ਪ੍ਰਚਾਰਕਾਂ ਦੇ ਕਈ ਉਦਾਹਰਨ ਹਨ ਜਿਹੜੇ ਆਪਣੀਆਂ ਧੋਖੇਬਾਜੀਆਂ ਲਈ ਪ੍ਰਸਿੱਧ ਹਨ। ਇਸ ਕਰਕੇ ਕੁਝ ਲੋਕ ਇਸ ਸਿੱਟੇ ’ਤੇ ਪੁੱਜ ਜਾਂਦੇ ਹਨ ਕਿ ਸਾਰੇ ਪ੍ਰਚਾਰਕ (ਜਾਂ ਸਾਰੇ ਮਸੀਹੀ) ਢੋਂਗੀ ਹੁੰਦੇ ਹਨ। ਇਹ ਇੱਕ ਅਸਤੁੰਲਤ ਪ੍ਰਤੀਕਿਰਿਆ ਹੈ। ਕੁਝ ਪ੍ਰਚਾਰਕ ਇਹ ਗਲਤੀ ਵੀ ਕਰਦੇ ਹਨ ਕਿ ਉਹ ਅੱਜ ਕਲੀਸਿਯਾ ਦੇ ਲਈ ਨਵੇਂ ਨੇਮ ਦੇ ਨਮੂਨੇ ਨੂੰ ਸਿਖਾਉਂਦੇ ਹੀ ਨਹੀਂ ਹਨ, ਪਰ ਸਾਨੂੰ ਇਸ ਸ਼ੰਕਾ ਤੋਂ ਸਾਵਧਾਨੀ ਪੂਰਬਕ ਬਚਣਾ ਹੈ ਕਿ ਇਹ ਗਲਤੀ ਸਾਰੇ ਲੋਕ ਕਰਦੇ ਹਨ। ਸਾਡੇ ਕੰਨਾਂ ਨੂੰ ਗੰਭੀਰ ਸੁਨੇਹਿਆਂ ਦੇ ਲਈ ਬੰਦ ਕਰਨ ਵਾਸਤੇ ਸ਼ਤਾਨ ਡਰ ਅਤੇ ਪਰੇਸ਼ਾਨੀ ਦੀ ਵਰਤੋਂ ਕਰਦਾ ਹੈ। ਜੇਕਰ ਅਸੀਂ ਸਾਰਿਆਂ ਪ੍ਰਚਾਰਕਾਂ ਉੱਤੇ ਸ਼ੰਕਾ ਕਰਨ ਲੱਗ ਜਾਈਏ, ਤਾਂ ਸ਼ਾਇਦ ਅਸੀਂ ਆਤਮਾ ਦੇ ਸੁਨੇਹੇ ਨੂੰ ਕਦੇ ਸੁਣ ਹੀ ਨਹੀਂ ਸਕਾਂਗੇ।

*ਨਬੂਵਤ ਬਾਰੇ ਗਲਤ ਧਾਰਨਾਵਾਂ ਤੋਂ ਬਚੋ।* ਆਇਤ 20 ਵਿੱਚ ਪੌਲੁਸ ਨੇ ਲਿਖਿਆ, “ਅਗੰਮ ਵਾਕਾਂ ਨੂੰ ਤੁੱਛ ਨਾ ਜਾਣੋ।” ਇਹ ਇੱਕ ਅਜਿਹੀ ਚਮਤਕਾਰੀ ਦਾਤ ਹੈ ਜਿਸ ਨੂੰ ਪੌਲੁਸ ਨੇ ਆਪ ਬਹੁਤ ਤਵੱਜੋ ਦਿੱਤੀ ਹੈ (ਵੇਖੋ 1 ਕੁਰਿੰਥੀਆਂ 14:5)। ਇਸ ਦੇ ਬਾਵਜੂਦ ਕੁਝ ਲੋਕਾਂ ਦੇ ਝੂਠੇ ਨਬੀ ਹੋਣ ਕਾਰਨ ਥੱਸਲੁਨੀਕੀ ਵਿਸ਼ਵਾਸੀ ਸੱਚੇ ਅਗੰਮ ਵਾਕਾਂ ਅਰਥਾਤ ਨਬੂਵਤਾਂ ਨੂੰ ਤੁੱਛ ਜਾਣਨ ਲੱਗ ਪਏ ਸਨ। ਪੌਲੁਸ ਨੇ ਕਲੀਸਿਯਾ ਨੂੰ ਆਖਿਆ ਕਿ ਜ਼ਰੂਰਤ ਤੋਂ ਜ਼ਿਆਦਾ ਪ੍ਰਤੀਕਿਰਿਆ ਨਾ ਕੀਤੀ ਜਾਵੇ, ਨਹੀਂ ਤਾਂ ਲੋਕ ਪਰਮੇਸ਼ਰ ਦੇ ਸੱਚੇ ਪ੍ਰਕਾਸ਼ਨਾਂ ਨੂੰ ਵੀ ਠੁਕਰਾ ਦੇਣਗੇ।

ਇਹ ਅੱਜ ਕਿਵੇਂ ਲਾਗੂ ਹੁੰਦਾ ਹੈ? ਫਿਰ, ਹੁਣ ਚਮਤਕਾਰੀ ਪ੍ਰੇਰਣਾ ਨਾਲ ਭਰੀ ਨਬੂਵਤ ਨਹੀਂ ਰਹੀ ਹੈ, ਪਰ ਅਸੀਂ ਪ੍ਰਚਾਰਕਾਂ, ਉਪਦੇਸ਼ਕਾਂ ਅਤੇ ਐਲਡਰਾਂ ਦੇ ਪ੍ਰਤੀ ਆਪਣੇ ਗਲਤ

ਵਿਹਾਰ ਦੇ ਕਾਰਨ ਦੋਸ਼ੀ ਹਾਂ। ਜਦ ਅਸੀਂ ਕਲੀਸਿਯਾ ਵਿੱਚ ਅਜਿਹੇ ਕਿਸੇ ਸੁਨੇਹੇ ਜਾਂ ਪ੍ਰਚਾਰ ਨੂੰ ਸੁਣਦੇ ਹਾਂ ਜੋ ਪਰਮੇਸ਼ਰ ਦੇ ਵਚਨ ਦੇ ਨਾਲ ਮੇਲ ਨਹੀਂ ਖਾਂਦਾ, ਤਾਂ ਸਾਨੂੰ ਤੁਰੰਤ ਇਸ ਸਿੱਟੇ ’ਤੇ ਨਹੀਂ ਪੁੱਜ ਜਾਣਾ ਚਾਹੀਦਾ ਕਿ ਸਾਰੇ ਪ੍ਰਚਾਰ ਅਤੇ ਉਪਦੇਸ਼ ਸ਼ੰਕਾ ਦੇ ਦਾਇਰੇ ਵਿੱਚ ਆਉਂਦੇ ਹਨ। ਜੇਕਰ ਪੌਲੁਸ ਇੱਥੇ ਹੁੰਦਾ ਤਾਂ ਆਖਦਾ, “ਅਜਿਹੀਆਂ ਗਲਤ ਧਾਰਨਾਵਾਂ ਤੋਂ ਬਚੋ, ਪਰਮੇਸ਼ਰ ਦੇ ਵਚਨ ਨੂੰ ਤੁੱਛ ਨਾ ਜਾਣੋ!” ਜਦ ਵੀ ਬਾਈਬਲ ਵਿੱਚੋਂ ਸੱਚਾ ਸੰਦੇਸ਼ ਪ੍ਰਚਾਰ ਕੀਤਾ ਜਾਂਦਾ ਹੈ, ਤਾਂ ਅਸੀਂ ਇਸ ਨੂੰ ਤੁੱਛ ਨਾ ਜਾਣੀਏ, ਸਗੋਂ ਇਸ ਨੂੰ ਸਵੀਕਾਰ ਕਰੀਏ। EE

**ਪਰਖਣਾ ਸਿੱਖਣਾ: “ਸਭਨਾਂ ਗੱਲਾਂ ਨੂੰ ਪਰਖੋ” (5:21, 22)**

ਪੌਲੁਸ ਨੇ ਥੱਸਲੁਨੀਕੀਆਂ ਨੂੰ ਤਾਗੀਦ ਕੀਤੀ ਕਿ ਉਹ ਸਹੀ ਸਿੱਖਿਆ ਅਤੇ ਗਲਤ ਸਿੱਖਿਆ ਦੇ ਵਿਚਕਾਰ ਫਰਕ ਕਰਨ। ਉਸ ਨੇ ਆਖਿਆ, “ਸਭਨਾਂ ਗੱਲਾਂ ਨੂੰ ਪਰਖੋ, ਖਰੀਆਂ ਨੂੰ ਫੜੀ ਰੱਖੋ। ਹਰ ਪਰਕਾਰ ਦੀ ਬਦੀ ਤੋਂ ਲਾਂਭੇ ਰਹੋ” (ਆਇਤਾਂ 21, 22)। ਅਸੀਂ ਜੋ ਵੱਖ-ਵੱਖ ਗੱਲਾਂ ਸੁਣਦੇ ਹਾਂ, ਉਨ੍ਹਾਂ ਨੂੰ ਕਿਵੇਂ ਪਰਖੀਏ?

*ਪਹਿਲਾ, ਇਹ ਜਾਣਨਾ ਮਹੱਤਵਪੂਰਨ ਹੈ ਕਿ ਇਹ ਹਰੇਕ ਵਿਅਕਤੀ ਦੀ ਨਿੱਜੀ ਜਿੰਮੇਵਾਰੀ ਹੈ।* ਰਸੂਲਾਂ 17:11 ਵਿੱਚ ਲੂਕਾ ਨੇ ਲਿਖਿਆ ਕਿ ਬਰਿਯਾ ਦੇ ਮਸੀਹੀ “ਬਹੁਤ ਚੰਗੇ” ਸਨ ਕਿਉਂਕਿ ਉਹ ਰੋਜ ਲਿਖਤਾਂ ਵਿੱਚ ਭਾਲ ਕਰਦੇ ਸਨ ਭਈ ਪੌਲੁਸ ਦੀਆਂ ਸਿੱਖਿਆਵਾਂ ਸੱਚ ਹਨ ਕਿ ਨਹੀਂ। ਇਹ ਸਾਡੀ ਜਿੰਮੇਵਾਰੀ ਹੈ ਕਿ ਜੋ ਅਸੀਂ ਉਪਦੇਸ਼ਾਂ ਵਿੱਚ ਜਾਂ ਬਾਈਬਲ ਕਲਾਸਾਂ ਵਿੱਚ ਸਿੱਖਦੇ ਹਾਂ ਉਸ ਦੀ ਜਾਂਚ ਕਰੀਏ ਕਿ ਉਹ ਵਚਨ ਦੇ ਅਧਾਰ ’ਤੇ ਸਹੀ ਹਨ ਜਾਂ ਨਹੀਂ।

*ਦੂਜਾ, ਜਦ ਅਸੀਂ ਇਹ ਨਿਰਧਾਰਿਤ ਕਰ ਲਿਆ ਹੈ ਕਿ ਕਿਹੜੀ ਸਿੱਖਿਆ ਸੱਚ ਹੈ, ਉਸ ਨੂੰ “ਫੜ ਲਈਏ।”* ਉਹ “ਖਰਾ” ਕੀ ਹੈ ਜਿਸ ਨੂੰ ਅਸੀਂ ਫੜਨਾ ਹੈ? ਮੁੱਢਲੀਆਂ ਬਾਈਬਲ ਸੱਚਾਈਆਂ ਨੂੰ ਚੇਤੇ ਰੱਖੋ: ਪਰਮੇਸ਼ਰ ਲਈ ਪ੍ਰੇਮ, ਮਸੀਹ ਲਈ ਵਿਸ਼ਵਾਸਯੋਗਤਾ, ਪਰਿਵਾਰ ਲਈ ਪ੍ਰੇਮ, ਸਰੀਰਕ ਸੰਬੰਧਾਂ ਦੇ ਮਾਮਲੇ ਵਿੱਚ ਪਵਿੱਤਰਤਾ ਅਤੇ ਦੂਜਿਆਂ ਦੀ ਸੇਵਾ। ਇਨ੍ਹਾਂ ਨੂੰ ਫੜੀ ਰੱਖੋ, ਇਨ੍ਹਾਂ ਨੂੰ ਵਡਮੁੱਲਾ ਜਾਣੋ ਅਤੇ ਆਪਣੇ ਜੀਵਨ ਵਿੱਚ ਇਨ੍ਹਾਂ ਨੂੰ ਲਾਗੂ ਕਰੋ।

*ਤੀਜਾ, ਸਾਨੂੰ ਬੁਰਿਆਈ ਤੋਂ ਦੂਰ ਰਹਿਣਾ ਹੈ। ਇਸ ਵੱਲ ਖਿੱਚੇ ਨਾ ਜਾਓ, ਇਸ ਨੂੰ ਦੂਰ ਧੱਕੋ।* ਬੁਰਿਆਈ ਦੇ ਨਾਲ ਕੋਈ ਵਾਸਤਾ ਨਾ ਰੱਖੋ। ਹਾਲਾਂਕਿ KJV ਆਖਦਾ ਹੈ ਕਿ ਬੁਰਿਆਈ ਦੇ “ਹਰੇਕ ਸਰੂਪ” ਤੋਂ ਦੂਰ ਰਹੋ, ਪੌਲੁਸ ਇੱਥੇ ਬੁਰਿਆਈ ਤੋਂ ਹੀ ਦੂਰ ਰਹਿਣ ਦੀ ਗੱਲ ਕਰ ਰਿਹਾ ਸੀ, ਕੇਵਲ ਉਸ ਤੇ ਸਰੂਪ ਤੋਂ ਨਹੀਂ। ਅੱਜ ਉਹ ਬੁਰਿਆਈਆਂ ਕਿਹੜੀਆਂ ਹਨ, ਜਿਨ੍ਹਾਂ ਤੋਂ ਅਸੀਂ ਦੂਰ ਰਹਿਣਾ ਹੈ? ਜਿਵੇਂ ਕਿ ਗਰਭਪਾਤ, ਵਚਨ ਦੇ ਵਿਰੁੱਧ ਦੁਬਾਰਾ ਵਿਆਹ, ਸਮਲਿੰਗੀ ਸੰਬੰਧ, ਟੈਕਸ ਵਿੱਚ ਧੋਖਾਧੜੀ ਅਤੇ ਅਪਵਿੱਤਰਤਾ ਵਰਗੀਆਂ ਗੱਲਾਂ ਤੋਂ ਦੂਰ ਰਹੋ। EE

**ਪਰਿਪੱਕਤਾ ਬਾਰੇ ਪਰਮੇਸ਼ਰ ਦਾ ਦ੍ਰਿਸ਼ਟੀਕੋਣ (5:12-23)**

ਸਾਡੇ ਵਿੱਚੋਂ ਜ਼ਿਆਦਾਤਰ ਲੋਕਾਂ ਦਾ ਆਤਮਕ ਪਰਿਪੱਕਤਾ ਬਾਰੇ ਆਪਣਾ ਇੱਕ ਨਿੱਜੀ ਮੁਲਾਂਕਣ ਹੁੰਦਾ ਹੈ। ਅਸੀਂ ਇਸ ਨੂੰ ਆਪਣੀ ਆਤਮਕ ਪੱਧਰਤਾ ਬਾਰੇ ਆਪਣੀ ਧਾਰਨਾ ਆਖ ਸਕਦੇ ਹਾਂ। ਪਰਮੇਸ਼ਰ ਦੇ ਬੱਚਿਆਂ ਦੀ ਪਰਿਪੱਕਤਾ ਦੇ ਲਈ ਉਸ ਦਾ ਦ੍ਰਿਸ਼ਟੀਕੋਣ ਕੀ ਹੈ?

1 ਥੱਸਲੁਨੀਕੀਆਂ ਦਾ ਆਖਰੀ ਹਿੱਸਾ ਸ਼ਾਇਦ “ਕੀ ਕਰਨਾ ਹੈ” ਅਤੇ “ਕੀ ਨਹੀਂ ਕਰਨਾ ਹੈ” ਦੀ ਇੱਕ ਆਮ ਜਿਹੀ ਸੂਚੀ ਜਾਪੇ। ਪਰ ਅਸਲ ਵਿੱਚ ਇਹ ਪਰਿਪੱਕਤਾ ਦਾ ਇੱਕ ਅਦਭੁਤ ਮਾਰਗ ਦਰਸ਼ਕ ਹੈ, ਜੋ ਸਾਨੂੰ ਪਰਿਪੱਕ ਮਸੀਹੀ ਜੀਵਨ ਦਿਆਂ ਕੰਮਾਂ ਅਤੇ ਵਿਹਾਰਾਂ ਬਾਰੇ ਦੱਸਦਾ ਹੈ। ਪਰਿਪੱਕਤਾ ਲਈ ਪਰਮੇਸ਼ਰ ਦੇ ਨਿਰਦੇਸ਼ ਕੀ ਹਨ?

*ਆਪਣਿਆਂ ਸੰਬੰਧਾਂ ਵਿੱਚ ਪਰਿਪੱਕ ਹੋਣਾ* (5:12–15)। ਮਸੀਹਤ ਇੱਕ ਸੰਬੰਧ ਹੈ। ਇਹ ਮਸੀਹ ਦੇ ਰਾਹੀਂ ਪਰਮੇਸ਼ਰ ਦੀ ਪਰਿਪੱਕਤਾ ਹੈ। ਪਰਮੇਸ਼ਰ ਦੀ ਯੋਜਨਾ ਇਹ ਹੈ ਕਿ ਉਸ ਦੇ ਨਾਲ ਸਾਡਾ ਸੰਬੰਧ ਲੋਕਾਂ ਦੇ ਨਾਲ ਸਾਡੇ ਸੰਬੰਧ ਵਿੱਚ ਪਰਗਟ ਹੋਵੇ।

“ਸੋ ਤੁਸੀਂ ਪਿਆਰਿਆਂ ਪੁੱਤਰਾਂ ਵਾਂਙੁ ਪਰਮੇਸ਼ਰ ਦੀ ਰੀਸ ਕਰੋ” ਅਫ਼ਸੀਆਂ 5:1 ਵਿੱਚ ਸਾਨੂੰ ਦਿੱਤਾ ਗਿਆ ਹੁਕਮ ਹੈ। ਅਜਿਹੀ ਜੀਵਨਸ਼ੈਲੀ ਉਨ੍ਹਾਂ ਆਇਤਾਂ ਵਿੱਚ ਦਰਸਾਈ ਗਈ ਹੈ ਜਿੱਥੇ ਦਿਆਲਗੀ, ਪ੍ਰੇਮ ਅਤੇ ਖਿਮਾ ਵਰਗੇ ਗੁਣ ਦਰਜ ਹਨ। ਇਹ ਯਿਸੂ ਦੀ ਕੁਰਬਾਨੀ ਵਿੱਚ ਦਿਖਾਈ ਦਿੰਦੀ ਹੈ, ਜੋ ਇਨ੍ਹਾਂ ਗੁਣਾਂ ਦਾ ਹੀ ਫਲ ਸੀ।

ਅਸੀਂ ਆਪਣਿਆਂ ਸੰਬੰਧਾਂ ਵਿੱਚ ਪਰਮੇਸ਼ਰ ਦੇ ਚਰਿੱਤਰ ਨੂੰ ਕਿਵੇਂ ਪਰਗਟ ਕਰਦੇ ਹਾਂ? ਵੇਖੋ ਕਿ 5:12–15 ਸਾਨੂੰ ਕੀ ਕਰਨ ਲਈ ਆਖਦਾ ਹੈ:

> ਹੁਣ ਹੇ ਭਰਾਵੋ, ਅਸੀਂ ਤੁਹਾਡੇ ਅੱਗੇ ਬੇਨਤੀ ਕਰਦੇ ਹਾਂ ਭਈ ਜਿਹੜੇ ਤੁਹਾਡੇ ਵਿੱਚ ਮਿਹਨਤ ਕਰਦੇ ਅਤੇ ਪ੍ਰਭੂ ਵਿੱਚ ਤੁਹਾਡੇ ਆਗੂ ਹਨ ਅਤੇ ਤੁਹਾਨੂੰ ਚਿਤਾਰਦੇ ਹਨ ਤੁਸੀਂ ਉਨ੍ਹਾਂ ਨੂੰ ਮੰਨੋ। ਅਤੇ ਓਹਨਾਂ ਦੇ ਕੰਮ ਦੀ ਖਾਤਰ ਪ੍ਰੇਮ ਨਾਲ ਓਹਨਾਂ ਦਾ ਬਹੁਤਾ ਹੀ ਆਦਰ ਕਰੋ। ਆਪੋ ਵਿੱਚ ਮੇਲ ਰੱਖੋ। ਹੇ ਭਰਾਵੋ, ਅਸੀਂ ਤੁਹਾਨੂੰ ਤਗੀਦ ਕਰਦੇ ਹਾਂ ਜੋ ਤੁਸੀਂ ਕੁਸੂਤਿਆਂ ਨੂੰ ਸਮਝਾਓ, ਕਮਦਿਲਿਆਂ ਨੂੰ ਦਿਲਾਸਾ ਦਿਓ ਨਿਤਾਣਿਆਂ ਨੂੰ ਸਮ੍ਹਾਲੋ, ਸਭਨਾਂ ਨਾਲ ਧੀਰਜ ਕਰੋ। ਵੇਖਣਾ ਭਈ ਕੋਈ ਕਿਸੇ ਨਾਲ ਬੁਰੇ ਦੇ ਵੱਟੇ ਬੁਰਾ ਨਾ ਕਰੇ ਸਗੋਂ ਇੱਕ ਦੂਏ ਲਈ ਅਤੇ ਸਭਨਾਂ ਲਈ ਸਦਾ ਭਲਿਆਈ ਦੇ ਪਿੱਛੇ ਲੱਗੇ ਰਹੋ।

ਅਸੀਂ ਅਜਿਹੇ ਲੋਕਾਂ ਨੂੰ ਵੀ ਜਾਣਦੇ ਹਾਂ ਜਿਹੜੇ ਆਲਸੀ ਹਨ ਅਤੇ ਸਮੱਸਿਆਵਾਂ ਖੜ੍ਹੀਆਂ ਕਰਦੇ ਰਹਿੰਦੇ ਹਨ। ਸਾਨੂੰ ਅਜਿਹੇ ਲੋਕ ਵੀ ਮਿਲਦੇ ਹਨ ਜਿਹੜੇ ਡਰੇ ਹੋਏ ਅਤੇ ਨਿਰਬਲ ਹੁੰਦੇ ਹਨ। ਉਨ੍ਹਾਂ ਨਾਲ ਉਵੇਂ ਵਿਹਾਰ ਕਰੋ ਜਿਵੇਂ ਪਰਮੇਸ਼ਰ ਕਰੇਗਾ। ਇਹੋ ਹੈ ਪਰਿਪੱਕਤਾ: ਜਿੰਨਾ ਹੋ ਸਕੇ ਓਨਾ, ਇਨ੍ਹਾਂ ਲੋਕਾਂ ਦੇ ਨਾਲ ਭਲਿਆਈ ਕਰੋ, ਮੇਲ ਅਤੇ ਪ੍ਰੇਮ ਦਾ ਮਾਹੌਲ ਪੈਦਾ ਕਰਨ ਦਾ ਜਤਨ ਕਰੋ ਜਿਸ ਵਿੱਚ ਸਾਰੇ ਲੋਕ ਵਧ ਸਕਦੇ ਹਨ ਅਤੇ ਵਿਕਸਿਤ ਹੋ ਸਕਦੇ ਹਨ।

ਇਹ ਕੰਮ ਵਡਮੁੱਲਾ ਹੈ ਅਤੇ ਇਸ ਦੀ ਬਹੁਤ ਲੋੜ ਹੈ। ਇਹ ਵਿਹਾਰਕ ਰੂਪ ਵਿੱਚ ਮਸੀਹੀ ਪਰਿਪੱਕਤਾ ਹੈ। ਇਹ ਪਰਮੇਸ਼ਰ ਦਾ ਕੰਮ ਹੈ! ਇਹ ਉਹ ਕੰਮ ਹੈ ਜੋ ਯਿਸੂ ਨੇ ਕੀਤਾ ਅਤੇ ਇਸ ਨੂੰ ਉਸ ਨੇ ਪੂਰੇ ਧੀਰਜ ਨਾਲ ਕੀਤਾ ਅਤੇ ਤਦ ਤੱਕ ਕੀਤਾ ਜਦ ਤੱਕ ਇਹ ਪੂਰਾ ਨਹੀਂ ਹੋ ਗਿਆ। ਯਿਸੂ “ਭਲਾ ਕਰਦਾ ਫਿਰਿਆ” (ਰਸੂਲਾਂ 10:38)। ਦੂਜਿਆਂ ਦੇ ਲਈ ਭਲਾ ਕਰਨਾ ਸੰਬੰਧਾਂ ਵਿਚਲੀ ਪਰਿਪੱਕਤਾ ਨੂੰ ਦਰਸਾਉਂਦਾ ਹੈ।

ਜਦ ਅਸੀਂ ਦੂਜਿਆਂ ਦੇ ਨਾਲ ਆਪਣੇ ਸੰਬੰਧਾਂ ਦੀ ਜਾਂਚ ਕਰਦੇ ਹਾਂ ਤਾਂ ਸਾਨੂੰ ਕੀ ਮਿਲਦਾ ਹੈ? ਕੀ ਅਸੀਂ ਦੂਜਿਆਂ ਦੀਆਂ ਜ਼ਰੂਰਤਾਂ ਤੋਂ ਦੂਰ, ਬੇਚਿੰਤ ਅਤੇ ਅਪ੍ਰਭਾਵਿਤ ਰਹਿੰਦੇ ਹਾਂ? ਕੀ ਅਸੀਂ ਦੂਜਿਆਂ ਉੱਤੇ ਹਕੂਮਤ ਜਤਾਉਣਾ ਚਾਹੁੰਦੇ ਹਾਂ ਅਤੇ ਉਨ੍ਹਾਂ ਦੇ ਹਰ ਕੰਮ ਉੱਤੇ ਕਾਬੂ ਰੱਖਣਾ ਚਾਹੁੰਦੇ ਹਾਂ? ਦੂਜਿਆਂ ਦੇ ਨਾਲ ਸੰਬੰਧ ਦੇ ਇਹ ਅਪਰਿਪੱਕ ਤਰੀਕੇ ਹਨ।

ਜੇਕਰ ਸਾਡਾ ਵਿਹਾਰ ਅਜਿਹਾ ਹੈ, ਜਾਂ ਅਜਿਹਾ ਵਿਹਾਰ ਕਰਨ ਦੀ ਲਾਲਸਾ ਸਾਡੇ ਅੰਦਰ ਉੱਠਦੀ ਹੈ, ਤਾਂ ਸਾਨੂੰ ਦੂਜਿਆਂ ਦੇ ਨਾਲ ਸੰਬੰਧਾਂ ਬਾਰੇ ਪਰਮੇਸ਼ਰ ਦਿਆਂ ਨਿਰਦੇਸ਼ਾਂ ਨੂੰ ਦੁਬਾਰਾ ਪੜ੍ਹਨ ਦੀ ਲੋੜ ਹੈ। ਸਾਨੂੰ ਉਨ੍ਹਾਂ ਨੂੰ ਆਪਣੇ ਜੀਵਨ ਵਿੱਚ ਲਾਗੂ ਕਰਨਾ ਅਰੰਭ ਕਰਨਾ ਹੈ ਅਤੇ ਕਰਦੇ ਰਹਿਣਾ ਹੈ ਤਾਂ ਜੋ ਅਸੀਂ ਆਪਣਿਆਂ ਸੰਬੰਧਾਂ ਨੂੰ ਵਿਸਕਿਤ ਕਰ ਸਕੀਏ ਅਤੇ ਉਨ੍ਹਾਂ ਵਿੱਚ ਪਰਿਪੱਕ ਹੋ ਸਕੀਏ।

*ਆਪਣੇ ਨਿੱਜੀ ਜੀਵਨ ਵਿੱਚ ਪਰਿਪੱਕ ਹੋਣਾ* (5:16–22)। ਦੂਜਿਆਂ ਦੀ ਮਦਦ ਉਵੇਂ ਕਰਨਾ ਜਿਵੇਂ ਪਰਮੇਸ਼ਰ ਚਾਹੁੰਦਾ ਹੈ, ਸਭ ਤੋਂ ਮਹੱਤਵਪੂਰਨ ਕੰਮ ਹੈ। ਇਹ ਪਰੇਸ਼ਾਨੀ ਭਰਿਆ ਅਤੇ ਥਕਾਣ ਵਾਲਾ ਹੋ ਸਕਦਾ ਹੈ। ਜੇਕਰ ਅਜਿਹਾ ਕਰਦਿਆਂ ਸਾਡੇ ਅੰਦਰੋਂ ਪੂਰੀ ਤਰ੍ਹਾਂ ਖਾਲੀ ਹੋ ਜਾਣ ਦੀ ਸੰਭਾਵਨਾ ਹੈ ਤਾਂ ਅਸੀਂ ਇਹ ਨਿਸ਼ਚਿਤ ਕਰ ਲਈਏ ਕਿ ਅਸੀਂ ਆਪਣੇ ਆਪ ਨੂੰ ਵੀ ਵਧਾਉਂਦੇ ਰਹੀਏ, ਤਾਂ ਜੋ ਦੂਜਿਆਂ ਦੀ ਮਦਦ ਕਰਨ ਲਈ ਅਸੀਂ ਆਪ ਵੀ ਤਿਆਰ ਹੋ ਸਕੀਏ। ਅਜਿਹਾ ਕਰਨ ਲਈ ਸਾਨੂੰ ਆਪਣੀ ਨਿੱਜੀ ਪਰਿਪੱਕਤਾ ਵੱਲ ਧਿਆਨ ਦੇਣਾ ਪਵੇਗਾ।

ਇਸ ਨੂੰ ਕਿਵੇਂ ਕੀਤਾ ਜਾ ਸਕਦਾ ਹੈ? ਇਸ ਸਵਾਲ ਦਾ ਜਵਾਬ ਇਹ ਹੈ:

> ਸਦਾ ਅਨੰਦ ਰਹੋ। ਨਿੱਤ ਪ੍ਰਾਰਥਨਾ ਕਰੋ। ਹਰ ਹਾਲ ਵਿੱਚ ਧੰਨਵਾਦ ਕਰੋ ਕਿਉਂ ਜੋ ਤੁਹਾਡੇ ਲਈ ਮਸੀਹ ਯਿਸੂ ਵਿੱਚ ਪਰਮੇਸ਼ਰ ਦੀ ਇਹੋ ਇੱਛਿਆ ਹੈ। ਆਤਮਾ ਨੂੰ ਨਾ ਬੁਝਾਓ। ਅਗੰਮ ਵਾਕਾਂ ਨੂੰ ਤੁੱਛ ਨਾ ਜਾਣੋ। ਸਭਨਾਂ ਗੱਲਾਂ ਨੂੰ ਪਰਖੋ, ਖਰੀਆਂ ਨੂੰ ਫੜੀ ਰੱਖੋ। ਹਰ ਪਰਕਾਰ ਦੀ ਬਦੀ ਤੋਂ ਲਾਂਭੇ ਰਹੋ (5:16–22)।

ਜੋ ਸਾਨੂੰ ਹੁਕਮਾਂ ਦੀ ਇੱਕ ਸੂਚੀ ਜਾਪ ਸਕਦੀ ਹੈ, ਉਹ ਦਰਅਸਲ ਬੇਦਾਰੀ ਲਈ ਅਤੇ ਵਿਅਕਤੀਗਤ ਨਵੀਕਰਨ ਲਈ ਪਰਮੇਸ਼ਰ ਦਾ ਨੁਸਖਾ ਹੈ। ਇਹ ਕੰਮ ਮਸੀਹੀਆਂ ਨੂੰ ਉਤਸ਼ਾਹਿਤ ਰੱਖਣਗੇ ਅਤੇ ਪਰਿਪੱਕਤਾ ਵੱਲ ਵਧਾਉਂਦੇ ਰਹਿਣਗੇ।

ਜਦ ਅਸੀਂ ਇਨ੍ਹਾਂ ਕੰਮਾਂ ਵਿੱਚ ਸ਼ਾਮਿਲ ਹੋ ਜਾਂਦੇ ਹਾਂ ਤਾਂ ਸਾਡੇ ਜੀਵਨ ਵਿੱਚ ਕੀ ਹੋਵੇਗਾ? ਅਸੀਂ ਅਨੰਦ ਕਰਦੇ ਰਹਾਂਗੇ; ਅਸੀਂ ਪ੍ਰਾਰਥਨਾ ਕਰਦੇ ਰਹਾਂਗੇ; ਅਸੀਂ ਪਵਿੱਤਰ ਆਤਮਾ ਨੂੰ ਆਖਦੇ ਰਹਾਂਗੇ ਕਿ ਉਹ ਸਾਨੂੰ ਬਦਲਦਾ ਜਾਵੇ। ਅਸੀਂ ਪਰਮੇਸ਼ਰ ਦੇ ਵਚਨ ਉੱਤੇ ਨਿਰਭਰ ਹੋਵਾਂਗੇ, ਜੋ ਸਾਡੇ ਆਤਮਕ ਜੀਵਨ ਨੂੰ ਵਧਾਵੇਗਾ ਉਸ ਨੂੰ ਅਸੀਂ ਸੰਭਾਲਾਂਗੇ ਅਤੇ ਜੋ ਸਾਡੇ ਆਤਮਕ ਜੀਵਨ ਨੂੰ ਨੁਕਸਾਨ ਪੁਚਾਵੇਗਾ ਉਸ ਨੂੰ ਅਸੀਂ ਆਪਣੇ ਤੋਂ ਦੂਰ ਕਰਾਂਗੇ। ਇਹ ਵਿਹਾਰ ਅਤੇ ਕੰਮ ਸਾਨੂੰ ਪ੍ਰੇਮ ਕਰਨ ਵਾਲੇ, ਖਿਮਾ ਕਰਨ ਵਾਲੇ, ਧੀਰਜ ਕਰਨ ਵਾਲੇ ਅਤੇ ਮਦਦ ਕਰਨ ਵਾਲੇ ਬਣਨ ਲਈ ਤਿਆਰ ਕਰਨਗੇ, ਉਵੇਂ ਹੀ ਜਿਵੇਂ ਪਰਮੇਸ਼ਰ ਚਾਹੁੰਦਾ ਹੈ।

ਅਸੀਂ ਇਨ੍ਹਾਂ ਵਡਮੁੱਲੇ ਕੰਮਾਂ ਨੂੰ ਕਦੇ-ਕਦੇ ਹੋਣ ਵਾਲੇ ਪ੍ਰੋਗਰਾਮਾਂ ਦੀ ਬਜਾਏ ਆਪਣੀ ਜੀਵਨਸ਼ੈਲੀ ਦਾ ਅੰਗ ਕਿਵੇਂ ਬਣਾ ਸਕਦੇ ਹਾਂ? ਪਹਿਲਾਂ ਅਸੀਂ ਇਹ ਸਿਆਣ ਜਾਈਏ ਕਿ ਇਹ ਮਹੱਤਵਪੂਰਨ ਹਨ ਅਤੇ ਵਾਧੇ ਲਈ ਲਾਜ਼ਮੀ ਹਨ। ਅਜਿਹਾ ਕੌਣ ਆਖਦਾ ਹੈ? ਅਜਿਹਾ ਪਰਮੇਸ਼ਰ ਆਖਦਾ ਹੈ! ਦੂਜਾ, ਅਸੀਂ ਇਨ੍ਹਾਂ ਨੂੰ ਕਰਨਾ ਅਰੰਭ ਕਰੀਏ। ਅਸੀਂ ਇਨ੍ਹਾਂ ਨੂੰ ਅਰੰਭ ਨਾ ਕਰਨ ਦੇ ਕਈ ਕਾਰਨ ਭਾਲ ਸਕਦੇ ਹਾਂ, ਪਰ ਜਦ ਤੱਕ ਅਸੀਂ ਇਨ੍ਹਾਂ ਨੂੰ ਅਰੰਭ ਨਹੀਂ ਕਰਾਂਗੇ, ਤਦ ਤੱਕ ਇਹ ਸਾਡੇ ਰੋਜਾਨਾ ਦੇ ਜੀਵਨ ਦਾ ਅੰਗ ਨਹੀਂ ਬਣਨਗੇ—ਸੋ ਇਸ ਕਰਕੇ, ਆਓ ਅਰੰਭ ਕਰੀਏ! ਤੀਜਾ, ਅਸੀਂ ਇਨ੍ਹਾਂ ਚੰਗੇ ਕੰਮਾਂ ਨੂੰ ਕਰਨਾ ਜਾਰੀ

ਰੱਖੀਏ। ਜੇਕਰ ਅਸੀਂ ਇਨ੍ਹਾਂ ਨੂੰ ਕਰਨਾ ਭੁੱਲ ਜਾਂਦੇ ਹਾਂ ਜਾਂ ਅਣਦੇਖਾ ਕਰਨ ਲੱਗ ਜਾਂਦੇ ਹਾਂ, ਤਾਂ ਅਸੀਂ ਪੂਰਾ ਜਤਨ ਕਰਕੇ ਇਨ੍ਹਾਂ ਨੂੰ ਦੁਬਾਰਾ ਕਰਨਾ ਅਰੰਭ ਕਰ ਦੇਈਏ।

*ਪਰਮੇਸ਼ਰ ਦੀ ਮਦਦ ਲਈ ਖੁੱਲ੍ਹਣਾ* (5:23)। ਪਰਿਪੱਕ ਜੀਵਨ ਜੀਉਣ ਦਾ ਜਤਨ ਕਰਦਿਆਂ, ਅਸੀਂ ਆਪਣੀਆਂ ਨਿਰਬਲਤਾਵਾਂ ਬਾਰੇ ਵੀ ਸਚੇਤ ਰਹਾਂਗੇ। ਅਸੀਂ ਆਪਣੀਆਂ ਵਿਫਲਤਾਵਾਂ ਨੂੰ ਵੀ ਵੇਖਾਂਗੇ। ਅਸੀਂ ਕਦੇ-ਕਦੇ ਪਰਮੇਸ਼ਰ ਦੀ ਇੱਛਾ ਨੂੰ ਅਣਦੇਖਾ ਵੀ ਕਰਾਂਗੇ ਜਾਂ ਉਸ ਦੇ ਵਿਰੁੱਧ ਵਿਦ੍ਰੋਹ ਵੀ ਕਰਾਂਗੇ। ਜੇਕਰ ਸਾਨੂੰ ਕੇਵਲ ਆਪਣੇ ਉੱਤੇ ਹੀ ਨਿਰਭਰ ਹੋਣਾ ਹੈ, ਤਾਂ ਅਸੀਂ ਨਿਸ਼ਚਿਤ ਤੌਰ ’ਤੇ ਵਿਫਲ ਹੋਵਾਂਗੇ। ਸਿੱਧਤਾ ਕੇਵਲ ਯਿਸੂ ਦੁਆਰਾ ਪਰਮੇਸ਼ਰ ਵਿੱਚ ਹੀ ਮਿਲਦੀ ਹੈ। ਪਰਿਪੱਕ ਹੋਣ ਦੀ ਇਸ ਚੁਣੌਤੀ ਵਿੱਚ ਪਰਮੇਸ਼ਰ ਸਾਡੀ ਮਦਦ ਕਰੇਗਾ (ਵੇਖੋ 5:23)।

ਪਰਮੇਸ਼ਰ ਇੱਕ ਖੁੱਲ੍ਹਦਿਲਾ ਪਰਮੇਸ਼ਰ ਹੈ, ਜੋ ਆਪਣੇ ਜੀਵਨ ਅਤੇ ਆਪਣੀ ਪਵਿੱਤਰਤਾਈ ਨੂੰ ਸਾਡੇ ਨਾਲ ਵੰਡਣਾ ਚਾਹੁੰਦਾ ਹੈ। ਇਸ ਨੂੰ ਸੰਭਵ ਬਣਾਉਣ ਲਈ ਉਸ ਨੇ ਯਿਸੂ ਨੂੰ ਘੱਲਿਆ। ਪਰਿਪੱਕ ਮਸੀਹੀ ਹੋਣ ਦੇ ਨਾਤੇ, ਅਸੀਂ ਹਰੇਕ ਕੰਮ ਲਈ ਪਰਮੇਸ਼ਰ ਦੀ ਮਦਦ ਮੰਗਾਂਗੇ। ਇਸ ਜੀਵਨ ਵਿੱਚ ਅਤੇ ਸਦੀਪਕਤਾ ਵਿੱਚ ਪਰਮੇਸ਼ਰ ਸਾਡੀ ਦੇਖਭਾਲ ਕਰੇਗਾ। ਅਸੀਂ ਪਰਮੇਸ਼ਰ ’ਤੇ ਨਿਰਭਰ ਹੋ ਸਕਦੇ ਹਾਂ। ਸਾਨੂੰ ਪਰਮੇਸ਼ਰ ’ਤੇ ਨਿਰਭਰ *ਹੋਣਾ ਹੀ* ਹੈ।

*ਸਿੱਟਾ।* ਹਿਰਦੇ ਅਤੇ ਮਨ ਦੀ ਮਸੀਹੀ ਪਰਿਪੱਕਤਾ ਸਾਡਿਆਂ ਸ਼ਬਦਾਂ ਅਤੇ ਕੰਮਾਂ ਵਿੱਚ ਪਰਗਟ ਹੋ ਜਾਵੇਗੀ। ਜੇਕਰ ਅਸੀਂ ਪਰਿਪੱਕਤਾ ਵੱਲ ਵਧ ਰਹੇ ਹਾਂ, ਤਾਂ ਉਸ ਦੇ ਨਤੀਜੇ ਦਿਖਾਈ ਦੇਣਗੇ—ਕੇਵਲ ਸਾਡੇ ਅੰਦਰ ਹੀ ਨਹੀਂ, ਸਗੋਂ ਸਾਡੇ ਚੁਫੇਰੇ ਵੀ, ਉਨ੍ਹਾਂ ਦੇ ਜੀਵਨ ਵਿੱਚ ਵੀ ਜਿਨ੍ਹਾਂ ਉੱਤੇ ਅਸੀਂ ਆਪਣਾ ਪ੍ਰਭਾਵ ਪਾ ਰਹੇ ਹਾਂ। ਸਾਨੂੰ ਇੱਕ ਵੱਖਰੇ ਵਿਅਕਤੀ ਵਾਂਗ ਵੇਖਿਆ ਜਾਵੇਗਾ। ਸਾਨੂੰ ਪਰਮੇਸ਼ਰ ਦੇ ਲੋਕਾਂ ਵਾਂਗ ਵੇਖਿਆ ਜਾਵੇਗਾ! ਜਦ ਪਰਮੇਸ਼ਰ ਸਾਡੇ ਨਾਲ ਹੈ ਤਾਂ ਅਸੀਂ ਇਸ ਜੀਵਨ ਵਿੱਚ ਪਰਿਪੱਕ ਹੋ ਸਕਦੇ ਹਾਂ ਅਤੇ ਅਗਲੇ ਜੀਵਨ ਵਿੱਚ ਉਸ ਦੀ ਸੰਗਤੀ ਦੇ ਭਾਗੀ ਹੋ ਸਕਦੇ ਹਾਂ। TP

**“ਇਹ ਨਾ ਕਰਿਓ” (5:19-22)**

ਮਸੀਹਤ ਨਕਾਰਾਤਮਕ ਪੰਥ ਨਹੀਂ ਹੈ, ਪਰ ਇਸ ਵਿੱਚ ਕੁਝ ਗੱਲਾਂ ਦੀ ਮਨਾਹੀ ਜ਼ਰੂਰ ਕੀਤੀ ਗਈ ਹੈ। ਚੰਗੀ ਖ਼ਬਰ ਸੁਣਨ ਲਈ ਸਾਨੂੰ ਬੁਰੀ ਖ਼ਬਰ ਕੋਲੋਂ ਹੋ ਕੇ ਜਾਣਾ ਪੈਂਦਾ ਹੈ। ਸੱਚ ’ਤੇ ਤੁਰਨ ਦਾ ਅਰਥ ਹੈ ਝੂਠ ਦਾ ਵਿਰੋਧ ਕਰਨਾ, ਉਵੇਂ ਹੀ ਜਿਵੇਂ ਪਵਿੱਤਰਤਾ ਦੇ ਪ੍ਰਤੀ ਸਮਰਪਣ ਕਰਨ ਦਾ ਅਰਥ ਹੈ ਹਰ ਤਰ੍ਹਾਂ ਦੀ ਅਪਵਿੱਤਰਤਾ ਨੂੰ ਰੱਦਣਾ।

ਪੌਲੁਸ ਨੇ ਚਾਰ ਗੱਲਾਂ ਦੀ ਮਨਾਹੀ ਕੀਤੀ ਹੈ। ਜੇਕਰ ਅਸੀਂ ਪਰਮੇਸ਼ਰ ਵੱਲੋਂ ਸਾਨੂੰ ਦਿੱਤੇ ਗਏ ਵਚਨ ਦੇ ਪ੍ਰਤੀ ਵਿਸ਼ਵਾਸਯੋਗ ਰਹਿਣਾ ਚਾਹੁੰਦੇ ਹਾਂ ਤਾਂ ਇਨ੍ਹਾਂ ਦੀ ਪਾਲਣਾ ਲਾਜ਼ਮੀ ਹੈ।

*ਆਤਮਾ ਨੂੰ ਨਾ ਬੁਝਾਓ।* “ਬੁਝਾਓ” ਸ਼ਬਦ ਦਾ ਅਰਥ ਹੈ ਆਤਮਾ ਨੂੰ ਦੱਬਣਾ। ਕਿਸੇ ਨੇ ਆਖਿਆ “ਪ੍ਰਭੂ, ਜੇਕਰ ਸਾਡੇ ਵਿੱਚ ਆਤਮਕਤਾ ਦੀ ਚੰਗਿਆੜੀ ਮੌਜੂਦ ਹੈ, ਤਾਂ ਕਿਰਪਾ ਕਰਕੇ ਉਸ ਨੂੰ ਸਿੰਜ।” ਉਸ ਨੇ ਇਸ ਉਦਾਹਰਨ ਨੂੰ ਅਜੀਬ ਤਰੀਕੇ ਨਾਲ ਪੇਸ਼ ਕੀਤਾ, ਪਰ ਅਸੀਂ ਜਾਣਦੇ ਹਾਂ ਕਿ ਉਸ ਦੇ ਕਹਿਣ ਦਾ ਭਾਵ ਕੀ ਸੀ। ਆਇਤ 19 ਆਖਦੀ ਹੈ ਕਿ ਅਸੀਂ ਆਤਮਾ ਨੂੰ “ਬੁਝਾਉਣਾ” ਨਹੀਂ ਹੈ ਅਰਥਾਤ ਆਤਮਾ ਦੀ ਅਵਾਜ਼ ’ਤੇ “ਪਾਣੀ ਨਹੀਂ ਪਾਉਣਾ” ਹੈ।

*ਅਗੰਮ ਵਾਕਾਂ ਨੂੰ ਤੁੱਛ ਨਾ ਜਾਣੋ।* "ਤੁੱਛ ਜਾਣਨ" ਦਾ ਅਰਥ ਹੈ ਮਹੱਤਵ ਘਟਾਉਣਾ ਜਾਂ ਕਿਸੇ ਚੀਜ਼ ਨੂੰ ਹਲਕੇ ਤੌਰ 'ਤੇ ਲੈਣਾ।

*ਪਰਖੇ ਬਿਨਾ ਕੁਝ ਵੀ ਸਵੀਕਾਰ ਨਾ ਕਰੋ।* ਸਾਨੂੰ ਕਿਸੇ ਵੀ ਸੁਨੇਹੇ ਨੂੰ ਐਵੇਂ ਹੀ ਸਵੀਕਾਰ ਨਹੀਂ ਕਰ ਲੈਣਾ ਹੈ। ਜਦ ਸਾਡੇ ਸਾਹਮਣੇ ਕੋਈ ਸੁਨੇਹਾ ਆਵੇ ਤਾਂ ਅਸੀਂ ਉਸ ਦੀ ਸਾਵਧਾਨੀ ਨਾਲ ਜਾਂਚ ਕਰਨੀ ਹੈ, ਉਸ ਨੂੰ ਪਰਖਣਾ ਹੈ। ਜੇਕਰ ਅਸੀਂ ਇਸ ਨੂੰ ਸੱਚ ਪਾਉਂਦੇ ਹਾਂ, ਤਾਂ ਅਸੀਂ ਇਸ ਨੂੰ ਸਵੀਕਾਰ ਕਰ ਸਕਦੇ ਹਾਂ। ਕ੍ਰਮ ਇਹ ਹੋਣਾ ਚਾਹੀਦਾ ਹੈ ਕਿ ਪਹਿਲਾਂ ਪਰਖ ਕੀਤੀ ਜਾਵੇ ਅਤੇ ਫਿਰ ਸਵੀਕਾਰ ਕੀਤਾ ਜਾਵੇ।

*ਬਦੀ ਦੇ ਭਾਈਵਾਲ ਨਾ ਬਣੋ।* ਅਸੀਂ ਬੁਰਿਆਈ ਦੇ ਵਿਰੁੱਧ ਹਾਂ। ਇਸ ਕਰਕੇ ਅਸੀਂ ਇਸ ਦੇ ਕਿਸੇ ਵੀ ਰੂਪ ਦੇ ਨਾਲ ਜੁੜਨਾ ਨਹੀਂ ਚਾਹੁੰਦੇ। ਵਿਸ਼ੇਸ਼ ਤੌਰ 'ਤੇ ਅਸੀਂ ਗਲਤ ਸਿੱਖਿਆ ਜਾਂ ਝੂਠੀਆਂ ਨਬੂਵਤਾਂ ਦੇ ਵਿਰੁੱਧ ਹਾਂ। ਇਸ ਵਾਕ ਦਾ ਅਰਥ ਇਹੋ ਹੋ ਸਕਦਾ ਹੈ ਕਿ ਗਲਤ ਸਿੱਖਿਆ ਦਾ ਵਿਰੋਧ ਕਰੋ।

ਰੇਮੰਡ ਸੀ. ਕੇਲਸੀ ਨੇ ਲਿਖਿਆ, "ਇਹ ਸੰਭਵ ਹੈ ਕਿ ਪੌਲੁਸ ਬਦੀ ਤੋਂ ਦੂਰ ਰਹਿਣ ਦਾ ਹੁਕਮ ਦੇ ਰਿਹਾ ਹੈ, ਫਿਰ ਭਾਵੇਂ ਇਹ ਕਿਸੇ ਵੀ ਰੂਪ ਵਿੱਚ ਆਵੇ; ਪਰ ਫਿਰ ਵੀ, ਅਜਿਹਾ ਜਾਪਦਾ ਹੈ ਕਿ ਜੇਕਰ ਸੰਦਰਭ ਨੂੰ ਧਿਆਨ ਵਿੱਚ ਰੱਖਿਆ ਜਾਵੇ ਤਾਂ ਇਸ ਮਨਾਹੀ ਦਾ ਦਰਅਸਲ ਸੰਬੰਧ ਝੂਠੀ ਨਬੂਵਤ ਤੋਂ ਦੂਰ ਰਹਿਣ ਦੇ ਨਾਲ ਹੈ।"[56]

ਇਹ ਮਨਾਹੀਆਂ ਸਾਨੂੰ ਉਸ ਵਚਨ ਦੇ ਪ੍ਰਤੀ ਵਿਸ਼ਵਾਸਯੋਗ ਰਹਿਣ ਵਿੱਚ ਮਦਦ ਕਰਨਗੀਆਂ ਜਿਹੜਾ ਸਾਨੂੰ ਦਿੱਤਾ ਗਿਆ ਹੈ ਅਤੇ ਇਹ ਸਾਨੂੰ ਬੁਰਿਆਈ ਤੋਂ ਵੀ ਦੂਰ ਰੱਖਣਗੀਆਂ। ਇਹ ਕੁਝ ਵੱਡੇ ਗੁਣ ਹਨ ਜਿਹੜੇ ਉਨ੍ਹਾਂ ਲੋਕਾਂ ਵਿੱਚ ਹੋਣੇ ਚਾਹੀਦੇ ਹਨ, ਜੋ ਮਸੀਹ ਦੇ ਲਈ ਜੀ ਰਹੇ ਹਨ। EC

**ਸੰਪੂਰਨ ਚਾਹਤ (5:23, 24)**

ਪੌਲੁਸ ਦੇ ਸਮਾਪਨ ਵੇਲੇ ਦੇ ਸਲਾਮ ਵਿੱਚ ਅਸੀਂ ਇੱਕ ਸੁੰਦਰ ਪ੍ਰਾਰਥਨਾ/ਚਾਹਤ ਵੇਖਦੇ ਹਾਂ, ਜਿਹੜੀ ਪੌਲੁਸ ਨੇ ਥੱਸਲੁਨੀਕੀਆਂ ਦੇ ਲਈ ਵਿਅਕਤ ਕੀਤੀ। ਇਹ ਦਰਸਾਉਂਦੀ ਹੈ ਕਿ ਹਰੇਕ ਮਸੀਹੀ ਨੂੰ ਆਪਣੇ ਭੈਣ-ਭਰਾਵਾਂ ਲਈ ਕੀ ਚਾਹਤ ਰੱਖਣੀ ਚਾਹੀਦੀ ਹੈ।

*ਪੂਰੀ ਤਰਾਂ ਪਵਿੱਤਰ।* ਸਾਡੀ ਇੱਛਾ ਇਹ ਹੋਣੀ ਚਾਹੀਦੀ ਹੈ ਕਿ ਹਰੇਕ ਵਿਅਕਤੀ ਆਪਣੇ ਆਪ ਨੂੰ ਪਰਮੇਸ਼ਰ ਦੀ ਸੇਵਾ ਦੇ ਲਈ ਵੱਖਰਾ ਕਰੇ। ਜਿਸ ਕਿਸੇ ਵਿਅਕਤੀ ਨੇ ਖੁਸ਼ਖਬਰੀ ਦੀ ਆਗਿਆਕਾਰੀ ਕੀਤੀ ਹੈ, ਉਸ ਨੇ ਮਸੀਹ ਨੂੰ ਸਵੀਕਾਰ ਕਰਨ ਵੇਲੇ ਪਵਿੱਤਰਤਾਈ ਨੂੰ ਪ੍ਰਾਪਤ ਕੀਤਾ ਹੈ। ਕਹਿਣ ਦਾ ਭਾਵ ਇਹ ਹੈ ਕਿ ਪਵਿੱਤਰਤਾਈ ਅਜਿਹਾ ਕੁਝ ਹੈ ਜਿਸ ਨੂੰ ਅਸੀਂ ਪ੍ਰਾਪਤ ਵੀ ਕਰਦੇ ਹਾਂ ਅਤੇ ਜਿਸ ਨੂੰ ਅਸੀਂ ਹਾਸਿਲ ਵੀ ਕਰਨਾ ਹੈ। ਪੌਲੁਸ ਨੇ ਆਖਿਆ ਕਿ ਕੁਰਿੰਥ ਦੇ ਲੋਕ ਪਵਿੱਤਰ ਕੀਤੇ ਗਏ ਸਨ (1 ਕੁਰਿੰਥੀਆਂ 6:11), ਪਰ ਮਸੀਹ ਨੂੰ ਸਵੀਕਾਰ ਕਰਨ ਵੇਲੇ ਉਨ੍ਹਾਂ ਦੀ ਪਵਿੱਤਰਤਾਈ ਸੰਪੂਰਨ ਨਹੀਂ ਹੋਈ ਸੀ। ਉਨ੍ਹਾਂ ਨੂੰ ਇਸ ਵਿੱਚ ਵਧਣਾ ਸੀ। ਦਿਨ-ਪ੍ਰਤੀ-ਦਿਨ ਜਦ ਅਸੀਂ ਪਰਮੇਸ਼ਰ ਦੀ ਇੱਛਾ ਦੇ ਹੋਰ ਜ਼ਿਆਦਾ ਸਮਰਪਿਤ ਹੁੰਦੇ ਜਾਂਦੇ, ਅਸੀਂ ਵਧੇਰੇ ਪਵਿੱਤਰ ਹੁੰਦੇ ਜਾਂਦੇ ਹਾਂ। ਹਰੇਕ ਮਸੀਹੀ ਦਾ ਟੀਚਾ ਇਹ ਹੋਣਾ ਚਾਹੀਦਾ ਹੈ ਕਿ ਉਹ ਪਰਮੇਸ਼ਰ ਦੀ ਇੱਛਾ ਦੇ ਲਈ ਪੂਰੀ ਤਰ੍ਹਾਂ ਪਵਿੱਤਰ ਹੋ ਜਾਵੇ।

ਪੌਲੁਸ ਚਾਹੁੰਦਾ ਸੀ ਕਿ ਥੱਸਲੁਨੀਕੀ ਵਿਸ਼ਵਾਸੀ ਆਤਮਾ, ਜੀਵ ਅਤੇ ਦੇਹ ਵਿੱਚ ਪੂਰੀ

ਤਰ੍ਹਾਂ ਪਵਿੱਤਰ ਹੋ ਜਾਣ। ਆਤਮਾ ਅਤੇ ਜੀਵ ਵਿੱਚ ਅੰਤਰ ਕੀ ਹੈ? ਡੇਵਿਡ ਲਿਪਸਕੌਂਬ ਨੇ ਆਖਿਆ ਕਿ ਕੋਈ ਅੰਤਰ ਨਹੀਂ ਹੈ।[57]

*ਨਿਹਚਾ ਵਿੱਚ ਸੰਪੂਰਨ ਸੁਰੱਖਿਆ।* ਪੌਲੁਸ ਚਾਹੁੰਦਾ ਸੀ ਕਿ ਇਹ ਭਾਈ ਪ੍ਰਭੂ ਯਿਸੂ ਦੀ ਵਾਪਸੀ ਤੱਕ ਸੁਰੱਖਿਅਤ ਰਹਿਣ। ਉਹ ਨਹੀਂ ਚਾਹੁੰਦਾ ਸੀ ਕਿ ਉਨ੍ਹਾਂ ਦੀ ਨਿਹਚਾ ਜਾਂ ਆਤਮਕਤਾ ਕਿਸੇ ਵੀ ਗੱਲ ਨਾਲ ਨਾਸ ਹੋ ਜਾਵੇ।

*ਯਿਸੂ ਦੇ ਆਉਣ ਵੇਲੇ ਸੰਪੂਰਨ ਦੋਸ਼ ਰਹਿਤ।* ਪੌਲੁਸ ਚਾਹੁੰਦਾ ਸੀ ਕਿ ਉਸ ਦੇ ਇਹ ਭਰਾ ਜਦ ਯਿਸੂ ਨੂੰ ਮਿਲਣ ਤਾਂ ਉਨ੍ਹਾਂ ਉੱਤੇ ਕਿਸੇ ਤਰ੍ਹਾਂ ਦਾ ਕੋਈ ਦੋਸ਼ ਨਾ ਲਗਾਇਆ ਜਾ ਸਕੇ। ਉਹ ਸਿੱਧ ਤਾਂ ਨਹੀਂ ਹੋ ਸਕਦੇ ਸਨ, ਪਰ ਉਹ ਯਿਸੂ ਨੂੰ ਅਜਿਹੇ ਲੋਕਾਂ ਵਜੋਂ ਜ਼ਰੂਰ ਮਿਲ ਸਕਦੇ ਸਨ ਜਿਹੜੇ "ਦੋਸ਼ ਰਹਿਤ" ਸਨ।

ਇਹ ਭਰਾਵਾਂ ਦੇ ਲਈ ਇੱਕ ਸੰਪੂਰਨ ਪ੍ਰਾਰਥਨਾ ਜਾਂ ਚਾਹਤ ਹੈ। ਇਹ ਪੂਰੀ ਅਤੇ ਸੰਪੂਰਨ ਹੈ—ਕੋਮਲ, ਆਤਮਕ ਅਤੇ ਸਦੀਪਕ ਹੈ। ਜੇਕਰ ਇਹ ਚਾਹਤ ਪੂਰੀ ਹੋ ਜਾਂਦੀ ਹੈ, ਤਾਂ ਹੋਰ ਕੋਈ ਵੀ ਗੱਲ ਵਧੇਰੇ ਮਹੱਤਵ ਵਾਲੀ ਨਹੀਂ ਰਹਿ ਜਾਂਦੀ।

ਇਸ ਚਾਹਤ ਵਿੱਚ ਰੱਬੀ ਅਤੇ ਮਨੁੱਖੀ ਬਰਾਬਰੀ ਸ਼ਾਮਲ ਸੀ। ਪੌਲੁਸ ਜਾਣਦਾ ਸੀ ਕਿ ਪਰਮੇਸ਼ਰ ਆਪਣਾ ਹਿੱਸਾ ਪੂਰਾ ਕਰੇਗਾ। ਜੇਕਰ ਥੱਸਲੁਨੀਕੀਆਂ ਨੇ ਆਪਣਾ ਹਿੱਸਾ ਪੂਰਾ ਕੀਤਾ, ਤਾਂ ਪੌਲੁਸ ਦੀ ਚਾਹਤ ਪੂਰੀ ਹੋ ਜਾਵੇਗੀ। EC

### ਪਰਮੇਸ਼ਰ ਦੀ ਇੱਕ ਝਲਕ (5:24)

ਬਾਕੀ ਮਸੀਹੀਆਂ ਦੇ ਲਈ ਕੀਤੀ ਜਾ ਸਕਣ ਵਾਲੀ ਸਭ ਤੋਂ ਵੱਡੀ ਚਾਹਤ ਦੇ ਨਾਲ ਪਰਮੇਸ਼ਰ ਬਾਰੇ ਇੱਕ ਕਥਨ ਵੀ ਜੁੜਿਆ ਹੈ। ਇਹ ਇੱਕ ਛੋਟਾ ਜਿਹਾ ਵਾਕ ਹੈ ਪਰ ਇਹ ਸਾਨੂੰ ਪਰਮੇਸ਼ਰ ਦੇ ਇੱਕ ਅਦਭੁਤ ਗੁਣ ਨੂੰ ਚੇਤੇ ਕਰਾਉਂਦਾ ਹੈ।

ਅਸੀਂ ਜਾਣਦੇ ਹਾਂ ਕਿ "ਲੋਕ ਉਸ ਈਸ਼ਵਰ ਵਰਗੇ ਬਣ ਜਾਂਦੇ ਹਨ ਜਿਸ ਦੀ ਉਹ ਅਰਾਧਨਾ ਕਰਦੇ ਹਨ।" ਇਹ ਤੱਥ ਸਾਨੂੰ ਇੱਕ ਕਾਰਨ ਦਿੰਦਾ ਹੈ ਕਿ ਅਸੀਂ ਉਸਤਤ ਦੇ ਇਸ ਵਚਨ ਦੇ ਰਾਹੀਂ ਉਸ ਦਾ ਅਧਿਐਨ ਕਰੀਏ: "ਤੁਹਾਡਾ ਸੱਦਣ ਵਾਲਾ ਵਫ਼ਾਦਾਰ ਹੈ ਅਤੇ ਉਹ ਅਜਿਹਾ ਹੀ ਕਰੇਗਾ" (5:24)। ਇਹ ਸੱਚਾਈ ਸਾਨੂੰ ਪਰਮੇਸ਼ਰ ਦੀ ਸਮਾਨਤਾ ਦੇ ਥੋੜ੍ਹਾ ਹੋਰ ਨੇੜੇ ਲਿਆ ਸਕਦੀ ਹੈ। ਇਸ ਵਾਕ ਵਿੱਚ ਅਸੀਂ ਕੀ ਵੇਖਦੇ ਹਾਂ?

*ਪਰਮੇਸ਼ਰ ਦੇ ਚਰਿੱਤਰ ਨੂੰ ਵੇਖਣਾ।* ਪਰਮੇਸ਼ਰ ਦੇ ਸਭਨਾਂ ਗੁਣਾਂ ਵਿੱਚੋਂ ਸਾਡੇ ਵਰਗੇ ਪਾਪੀਆਂ ਦੇ ਲਈ ਸਭ ਤੋਂ ਵਧ ਉਤਸ਼ਾਹਜਨਕ ਇਹ ਸਿਆਣਨਾ ਹੈ ਕਿ ਪਰਮੇਸ਼ਰ ਉੱਤੇ ਭਰੋਸਾ ਰੱਖਿਆ ਜਾ ਸਕਦਾ ਹੈ। ਜਿਵੇਂ ਪਰਮੇਸ਼ਰ ਪ੍ਰੇਮ ਹੈ, ਉਸੇ ਤਰ੍ਹਾਂ ਉਹ ਵਿਸ਼ਵਾਸਯੋਗ ਵੀ ਹੈ। ਭਾਵੇਂ ਕੁਝ ਵੀ ਕਿਉਂ ਨਾ ਹੋ ਜਾਵੇ, ਪਰਮੇਸ਼ਰ ਆਪਣੇ ਅਸਲ ਸਰੂਪ ਤੋਂ ਕਦੇ ਨਹੀਂ ਫਿਰੇਗਾ। ਅਸੀਂ ਸ਼ਾਇਦ ਇਹ ਕਦੇ ਨਾ ਜਾਣ ਸਕੀਏ ਕਿ ਸਾਡੇ ਨਾਲ ਜਾਂ ਸਾਡੇ ਚੁਫੇਰੇ ਕੁਝ ਗੱਲਾਂ ਕਿਉਂ ਹੁੰਦੀਆਂ ਹਨ, ਪਰ ਅਸੀਂ ਇਸ ਤੱਥ ਵਿੱਚ ਆਪਣਾ ਵਿਸ਼ਵਾਸ ਹਮੇਸ਼ਾ ਰੱਖ ਸਕਦੇ ਹਾਂ ਕਿ ਪਰਮੇਸ਼ਰ ਆਪਣੇ ਵਾਇਦੇ ਹਮੇਸ਼ਾ ਪੂਰੇ ਕਰੇਗਾ।

*ਪਰਮੇਸ਼ਰ ਦੇ ਕੰਮਾਂ ਬਾਰੇ ਸੋਚਣਾ।* ਕਦੇ-ਕਦੇ ਕਿਸੇ ਵਿਅਕਤੀ ਬਾਰੇ ਅਜਿਹਾ ਆਖਿਆ ਜਾਂਦਾ ਹੈ, "ਅਸੀਂ ਇਹ ਕਦੇ ਨਹੀਂ ਜਾਣ ਸਕਦੇ ਕਿ ਉਹ ਕਿਵੇਂ ਕੰਮ ਕਰੇਗਾ" ਜਾਂ "ਸਾਨੂੰ ਉਸ ਬਾਰੇ ਜ਼ਰਾ ਸਾਵਧਾਨ ਰਹਿਣ ਦੀ ਲੋੜ ਹੈ, ਕਿਉਂਕਿ ਅਸੀਂ ਨਹੀਂ ਆਖ ਸਕਦੇ ਕਿ ਉਹ ਕਿਹੋ ਜਿਹੀ ਪ੍ਰਤੀਕਿਰਿਆ ਕਰੇਗਾ!" ਕਦੇ ਨਾ ਡਰੋ, ਪਰਮੇਸ਼ਰ ਹਮੇਸ਼ਾ ਆਪਣੇ ਚਰਿੱਤਰ ਦੇ

ਅਨੁਸਾਰ ਹੀ ਕੰਮ ਕਰਦਾ ਹੈ। ਕੋਈ ਵੀ ਵਿਅਕਤੀ ਪਰਮੇਸ਼ਰ ਨੂੰ ਕਦੇ ਵੀ ਅਸਥਿਰ ਚਰਿੱਤਰ ਵਿੱਚ ਜਾਂ ਦੋ ਚਿਹਰਿਆਂ ਵਾਲਾ ਕਦੇ ਨਹੀਂ ਵੇਖੇਗਾ।

*ਪਰਮੇਸ਼ਰ ਦੀ ਸਥਿਰਤਾ ਨੂੰ ਚੇਤੇ ਕਰਨਾ।* ਜੋ ਕੁਝ ਪਰਮੇਸ਼ਰ ਬੀਤੇ ਕੱਲ੍ਹ ਸੀ, ਉਹੀ ਉਹ ਅੱਜ ਅਤੇ ਆਉਣ ਵਾਲੇ ਕੱਲ੍ਹ ਹੋਵੇਗਾ। ਯਾਕੂਬ ਨੇ ਆਖਿਆ ਕਿ ਪਰਮੇਸ਼ਰ ਵਿੱਚ "ਨਾ ਬਦਲ ਅਤੇ ਨਾ ਉਹ ਪਰਛਾਵਾਂ ਹੋ ਸੱਕਦਾ ਜਿਹੜਾ ਘੁੰਮਣ ਨਾਲ ਪੈਂਦਾ ਹੈ" (ਯਾਕੂਬ 1:17)। ਕਹਿਣ ਦਾ ਭਾਵ ਇਹ ਹੈ ਕਿ ਪਰਮੇਸ਼ਰ ਕਦੇ ਨਹੀਂ ਬਦਲਦਾ।

ਹਾਂ, ਇਹ ਸੱਚ ਹੈ ਕਿ ਅਸੀਂ ਪਰਮੇਸ਼ਰ ਬਾਰੇ ਸਭਕੁਝ ਨਹੀਂ ਜਾਣ ਸਕਦੇ। ਉਹ ਬਹੁਤ ਵਿਸਤ੍ਰਿਤ ਹੈ, ਅਪਰੰਪਾਰ ਹੈ, ਸ਼ਕਤੀਸ਼ਾਲੀ ਹੈ; ਪਰ ਫਿਰ ਵੀ ਅਸੀਂ ਉਸ ਦੇ ਬਾਰੇ ਕੁਝ ਸੱਚਾਈਆਂ ਨੂੰ ਜਾਣ ਸਕਦੇ ਹਾਂ। ਅਸੀਂ ਆਪਣੀ ਸਦੀਪਕ ਆਸ ਨੂੰ ਉਸ ਦੀ ਖਰਾਈ ਉੱਤੇ ਟਿਕਾ ਸਕਦੇ ਹਾਂ। ਇਹ ਸੋਚ ਸਾਨੂੰ ਉਸ ਦੇ ਪ੍ਰਤੀ ਵਿਸ਼ਵਾਸਯੋਗ ਬਣਾਈ ਰੱਖੇਗੀ ਅਤੇ ਉਸ ਦੇ ਲਈ ਸਾਡੇ ਪ੍ਰੇਮ ਵਿੱਚ ਸਾਨੂੰ ਵਧਾਵੇਗੀ। ਇਹ ਜਾਣ ਕੇ ਸਾਡੇ ਹਿਰਦੇ ਸ਼ਾਂਤ ਰਹਿ ਸਕਦੇ ਹਨ ਕਿ ਇਸ ਬਦਲਦੇ ਹੋਏ ਅਡੋਲ ਸੰਸਾਰ ਵਿੱਚ ਸਾਡਾ ਪਰਮੇਸ਼ਰ ਅਜਿਹਾ ਹੈ ਜਿਹੜਾ ਉਸ ਉੱਤੇ ਭਰੋਸਾ ਕਰਨ ਵਾਲਿਆਂ ਦੇ ਲਈ ਵਿਸ਼ਵਾਸਯੋਗ ਹੈ। EC

**"ਹਮੇਸ਼ਾ ਢੁਕਵੀਂ" ਬੇਨਤੀ (5:25-27)**

ਜਦ ਕੋਈ ਆਪਣੇ ਭਾਈਆਂ ਨੂੰ ਅਲਵਿਦਾ ਆਖਦਾ ਹੈ ਤਾਂ ਕੀ ਆਖਦਾ ਹੈ? ਤਿੰਨ ਬੇਨਤੀਆਂ ਹਮੇਸ਼ਾ ਢੁਕਵੀਆਂ ਹਨ।

*"ਸਾਡੇ ਲਈ ਪ੍ਰਾਰਥਨਾ ਕਰੋ।"* ਪੌਲੁਸ ਨੇ ਥੱਸਲੁਨੀਕੀਆਂ ਨੂੰ ਆਖਿਆ ਕਿ ਉਹ ਤਿਮੋਥਿਉਸ, ਸੀਲਾਸ ਅਤੇ ਉਸ ਦੇ ਆਪਣੇ ਲਈ ਪ੍ਰਾਰਥਨਾ ਕਰਨ। ਚੇਤੇ ਰੱਖੋ ਕਿ ਪੌਲੁਸ ਇੱਕ ਰਸੂਲ ਸੀ ਜੋ ਪਰਮੇਸ਼ਰ ਦੇ ਆਤਮਾ ਦੀ ਪ੍ਰੇਰਣਾ ਪ੍ਰਾਪਤ ਸੀ, ਪਰ ਉਸ ਨੇ ਇਸ ਜ਼ਰੂਰਤ ਨੂੰ ਸਿਆਣਿਆ ਕਿ ਉਸ ਦੇ ਭਰਾ ਉਸ ਦੇ ਨਾਮ ਨੂੰ ਪਰਮੇਸ਼ਰ ਪਿਤਾ ਦੇ ਸਾਹਮਣੇ ਲੈ ਕੇ ਜਾਣ। ਜੇਕਰ ਪੌਲੁਸ ਨੂੰ ਪ੍ਰਾਰਥਨਾ ਦੀ ਲੋੜ ਸੀ ਤਾਂ ਸਾਨੂੰ ਸਭਨਾਂ ਨੂੰ ਵੀ ਹੈ।

*"ਭਰਾਵਾਂ ਦੀ ਸੁਖ ਸਾਂਦ ਪੁੱਛੋ।"* ਪੌਲੁਸ ਥੱਸਲੁਨੀਕੇ ਦੇ ਹਰੇਕ ਭਰਾ ਅਤੇ ਹਰੇਕ ਭੈਣ ਨੂੰ ਸਲਾਮ ਆਖਣਾ ਚਾਹੁੰਦਾ ਸੀ। ਉਹ ਕਿਸੇ ਨੂੰ ਛੱਡਣਾ ਨਹੀਂ ਚਾਹੁੰਦਾ ਸੀ। ਇਹ ਸਲਾਮ ਇੱਕ ਭਰਾ ਤੋਂ ਦੂਜੇ ਭਰਾ ਤੱਕ ਜਾਣਾ ਸੀ। ਇੱਥੇ ਮਸੀਹ ਦੀ ਦੇਹੀ ਦੇ ਹਰੇਕ ਮੈਂਬਰ ਦੇ ਮਹੱਤਵ ਉੱਤੇ ਜ਼ੋਰ ਦਿੱਤਾ ਗਿਆ ਹੈ। ਹਰੇਕ ਮਸੀਹੀ ਉਸ ਦੇ ਪਰਿਵਾਰ ਦਾ ਹਿੱਸਾ ਹੈ ਅਤੇ ਨਤੀਜੇ ਵਜੋਂ ਥੋੜੇ ਧਿਆਨ ਦਾ ਹੱਕਦਾਰ ਹੈ।

ਸਲਾਮ ਵਜੋਂ ਕੀਤਾ ਜਾਣ ਵਾਲਾ ਚੁੰਮਾ ਪਵਿੱਤਰ ਹੋਣਾ ਸੀ, ਮਸਤੀ ਭਰਿਆ ਜਾਂ ਵਾਸ਼ਨਾ ਭਰਿਆ ਨਹੀਂ। ਔਪਚਾਰਿਕਤਾ ਅਤੇ ਕਪਟ ਦੀ ਕੋਈ ਥਾਂ ਨਹੀਂ ਹੋਣੀ ਚਾਹੀਦੀ ਸੀ, ਸਮਾਜਕ ਵਿਤਕਰੇ, ਗਰੀਬਾਂ ਦੇ ਨਾਲ ਭੇਦਭਾਵ, ਅਮੀਰਾਂ ਦੇ ਪ੍ਰਤੀ ਲਗਾਵ ਤੋਂ ਅਜ਼ਾਦੀ ਹੋਣੀ ਚਾਹੀਦੀ ਸੀ। ਉਸ ਸੱਭਿਆਚਾਰ ਵਿੱਚ ਪੁਰਸ਼ ਪੁਰਸ਼ਾਂ ਨੂੰ ਅਤੇ ਇਸਤਰੀਆਂ ਇਸਤਰੀਆਂ ਨੂੰ ਚੁੰਮਦੀਆਂ ਸਨ।[58]

*"ਬਾਈਬਲ ਨੂੰ ਪੜ੍ਹੋ।"* ਪੌਲੁਸ ਚਾਹੁੰਦਾ ਸੀ ਕਿ ਇਹ ਪੱਤਰ ਸਭਨਾਂ ਦੇ ਸਾਹਮਣੇ ਪੜ੍ਹਿਆ ਜਾਵੇ। ਸ਼ਾਇਦ ਉਹ ਚਾਹੁੰਦਾ ਸੀ ਕਿ ਇਸ ਨੂੰ ਜਨਤਕ ਤੌਰ 'ਤੇ ਪੜ੍ਹਿਆ ਜਾਵੇ, ਤਾਂ ਜੋ ਸਾਰੀ ਮੰਡਲੀ ਨੂੰ ਇਸ ਤੋਂ ਲਾਭ ਹੋ ਸਕੇ।

ਜਿਸ ਪੱਤਰ ਨੂੰ ਪੌਲੁਸ ਪੜ੍ਹਨ ਲਈ ਆਖ ਰਿਹਾ ਸੀ ਉਹ ਪਰਮੇਸ਼ਰ ਦਾ ਵਚਨ ਸੀ,

ਕਿਉਂਕਿ ਉਸ ਨੇ ਪਵਿੱਤਰ ਆਤਮਾ ਤੋਂ ਪ੍ਰੇਰਣਾ ਪ੍ਰਾਪਤ ਕਰਕੇ ਇਸ ਨੂੰ ਲਿਖਿਆ ਸੀ। ਭਾਈਆਂ ਨੂੰ ਉਨ੍ਹਾਂ ਦੇ ਸਾਹਮਣੇ ਪਰਮੇਸ਼ਰ ਦੇ ਵਚਨ ਦੀ ਲੋੜ ਸੀ।

ਸਾਡੇ ਲਈ ਇਸ ਬੇਨਤੀ ਨੂੰ ਇਸ ਤਾਗੀਦ ਵਜੋਂ ਲਾਗੂ ਕੀਤਾ ਜਾ ਸਕਦਾ ਹੈ, "ਬਾਈਬਲ ਨੂੰ ਪੜ੍ਹੋ!" ਇੱਕ-ਦੂਜੇ ਨੂੰ ਇਹ ਚੇਤੇ ਕਰਾਉਣਾ ਕਿੰਨਾ ਢੁਕਵਾਂ ਹੈ ਕਿ ਪਰਮੇਸ਼ਰ ਦਾ ਵਚਨ ਪੜ੍ਹੋ ਅਤੇ ਉਸ ਉੱਤੇ ਧਿਆਨ ਕਰੋ!

ਪੌਲੁਸ ਨੇ ਆਪਣੇ ਪੱਤਰ ਦਾ ਸਮਾਪਨ ਕਰਦਿਆਂ ਕੀ ਆਖਿਆ? ਉਸ ਨੇ ਆਖਿਆ, "ਸਾਡੇ ਲਈ ਪ੍ਰਾਰਥਨਾ ਕਰੋ। ਤੁਸੀਂ ਪਵਿੱਤਰ ਚੁੰਮੇ ਨਾਲ ਸਭਨਾਂ ਭਰਾਵਾਂ ਦੀ ਸੁਖ ਸਾਂਦ ਪੁੱਛੋ। ਇਹ ਪੱਤ੍ਰੀ ਸਭਨਾਂ ਭਰਾਵਾਂ ਨੂੰ ਪੜ੍ਹ ਕੇ ਸੁਣਾਉਣੀ।" ਇਸ ਤੋਂ ਵਧੇਰੇ ਢੁਕਵੀਂ ਬੇਨਤੀ ਉਹ ਹੋਰ ਕੀ ਕਰ ਸਕਦਾ ਸੀ? EC

**ਆਖਰੀ ਪ੍ਰਾਰਥਨਾ (5:28)**

ਥੱਸਲੁਨੀਕੀਆਂ ਨੂੰ ਲਿਖੇ ਗਏ ਪੌਲੁਸ ਦੇ ਇਸ ਪੱਤਰ ਦਾ ਸਮਾਪਨ ਇੱਕ ਸਧਾਰਨ ਜਿਹੇ ਵਾਕ ਨਾਲ ਹੁੰਦਾ ਹੈ, ਜੋ ਦਰਅਸਲ ਇੱਕ ਪ੍ਰਾਰਥਨਾ ਜਾਂ ਚਾਹਤ ਹੈ; ਇਹ "ਅਲਵਿਦਾ" ਆਖਣ ਦਾ ਉਸ ਦਾ ਤਰੀਕਾ ਹੈ।

ਇੱਕ ਵੱਡੀ ਚਾਹਤ ਨੂੰ ਥੋੜੇ ਜਿਹੇ ਸ਼ਬਦਾਂ ਵਿੱਚ ਵੀ ਵਿਅਕਤ ਕੀਤਾ ਜਾ ਸਕਦਾ ਹੈ। ਕਿਸੇ ਨੂੰ ਵੀ ਬਹੁਤ ਕੁਝ ਆਖਣ ਲਈ ਬਹੁਤ ਬੋਲਣ ਦੀ ਲੋੜ ਨਹੀਂ ਹੈ। ਕਿਸੇ ਵਿਅਕਤੀ ਨੂੰ ਇੱਕ ਸਧਾਰਨ ਵਾਕ ਦੇ ਰਾਹੀਂ ਵੀ ਮੌਤ ਵਿੱਚੋਂ ਕੱਢ ਕੇ ਜੀਵਨ ਵਿੱਚ ਲਿਆਇਆ ਜਾ ਸਕਦਾ ਹੈ। ਸਦੀਪਕ ਖੁਸ਼ਖਬਰੀ ਨੂੰ ਕੇਵਲ ਦਸ ਸ਼ਬਦਾਂ ਵਿੱਚ ਵੀ ਬਿਆਨ ਕੀਤਾ ਜਾ ਸਕਦਾ ਹੈ: "ਸਾਡੇ ਪ੍ਰਭੂ ਯਿਸੂ ਮਸੀਹ ਦੀ ਕਿਰਪਾ ਤੁਹਾਡੇ ਅੰਗ ਸੰਗ ਰਹੇ।" ਇਹ ਕਿਹੋ ਜਿਹੀ ਚਾਹਤ ਹੈ?

*ਕਿਰਪਾ ਲਈ ਚਾਹਤ।* ਉਹ ਚਾਹੁੰਦਾ ਸੀ ਕਿ ਉਹ ਫ਼ਜ਼ਲ ਨੂੰ ਪ੍ਰਾਪਤ ਕਰਨ। ਉਹ ਉਨ੍ਹਾਂ ਦੇ ਲਈ ਅਜਿਹੀ ਕਿਰਪਾ ਚਾਹੁੰਦਾ ਸੀ ਜਿਸ ਦੇ ਉਹ ਸੱਚਮੁੱਚ ਲਾਇਕ ਨਹੀਂ ਸਨ। ਉਸ ਦੀ ਚਾਹਤ ਦੇ ਇਸ ਹਿੱਸੇ ਵਿੱਚ ਅਸੀਂ ਸੱਚਾ ਪ੍ਰੇਮ ਵੇਖਦੇ ਹਾਂ। ਆਤਮਕ ਪ੍ਰੇਮ ਦੂਜਿਆਂ ਦੇ ਲਈ ਉਹ ਚਾਹੁੰਦਾ ਹੈ ਜੋ ਉਹ ਆਪ ਕਮਾ ਨਹੀਂ ਸਕਦੇ। ਕੀ ਅਸੀਂ ਦੂਜਿਆਂ ਦੇ ਲਈ ਅਜਿਹੀ ਚਾਹਤ ਰੱਖ ਸਕਦੇ ਹਾਂ?

*ਇੱਕ ਆਤਮਕ ਚਾਹਤ।* ਜਿਹੜੀ ਕਿਰਪਾ ਅਸੀਂ ਕਿਸੇ ਉੱਤੇ ਕਰਦੇ ਹਾਂ ਉਹ ਅਸਿੱਧ ਅਤੇ ਅਧੂਰੀ ਹੋ ਸਕਦੀ ਹੈ, ਪਰ ਜਿਹੜੀ ਕਿਰਪਾ ਮਸੀਹ ਦਿੰਦਾ ਹੈ, ਉਹ ਸਿੱਧ, ਸੰਪੂਰਨ ਅਤੇ ਸਰਬਉੱਚ ਹੁੰਦੀ ਹੈ। ਪੌਲੁਸ ਉਨ੍ਹਾਂ ਦੇ ਲਈ ਸਰਬਉੱਚ ਕਿਰਪਾ, ਪਰਮੇਸ਼ਰ ਦੇ ਪੁੱਤਰ ਦੀ ਕਿਰਪਾ ਚਾਹੁੰਦਾ ਸੀ।

*ਸਦੀਪਕਤਾ ਵਿੱਚ ਲਿਪਟੀ ਹੋਈ ਚਾਹਤ।* ਪੌਲੁਸ ਚਾਹੁੰਦਾ ਸੀ ਕਿ ਉਨ੍ਹਾਂ ਉੱਤੇ ਮਸੀਹ ਦੀ ਕਿਰਪਾ ਹੋਵੇ। ਉਸ ਦੀ ਪ੍ਰਾਰਥਨਾ ਇਹ ਸੀ ਕਿ ਇਹ ਕਿਰਪਾ ਉਨ੍ਹਾਂ ਦੇ ਜੀਵਨ ਵਿੱਚ ਨਿਰੰਤਰ ਬਣੀ ਰਹੇ। ਮੈਨੂੰ ਬਚਣ ਦੀ ਲੋੜ ਹੈ ਅਤੇ ਮੈਨੂੰ ਬਚੇ ਰਹਿਣ ਦੀ ਲੋੜ ਹੈ। ਜਦ ਮੈਂ ਮਸੀਹ ਨੂੰ ਕਬੂਲ ਕੀਤਾ ਤਦ ਮੈਂ ਪਰਮੇਸ਼ਰ ਦੀ ਕਿਰਪਾ ਨੂੰ ਪ੍ਰਾਪਤ ਕੀਤਾ ਅਤੇ ਜਦ ਮੈਂ ਹੁਣ ਮਸੀਹੀ ਜੀਵਨ ਜੀ ਰਿਹਾ ਹਾਂ ਤਾਂ ਮੈਂ ਇਸੇ ਕਿਰਪਾ ਵਿੱਚ ਖੜ੍ਹਾ ਹਾਂ ਜਾਂ ਜੀ ਰਿਹਾ ਹਾਂ। ਇੱਕੋ ਅਸੀਸ ਜਿਹੜੀ ਇਸ ਲੰਮੀ ਯਾਤਰਾ ਵਿੱਚ ਮੈਨੂੰ ਸਮ੍ਹਾਲੇ ਰੱਖ ਸਕਦੀ ਹੈ, ਉਹ ਹੈ ਰੋਜਾਨਾ ਮਿਲਣ ਵਾਲੀ ਪਰਮੇਸ਼ਰ ਦੀ ਕਿਰਪਾ।

ਇਹ ਤਿੰਨ ਹਿੱਸਿਆਂ ਵਾਲੀ ਚਾਹਤ ਹੈ: ਕਿਰਪਾ, ਮਸੀਹ ਦੀ ਕਿਰਪਾ ਅਤੇ ਸਦਾ ਮਸੀਹ ਦੀ ਕਿਰਪਾ! ਕੇਵਲ ਇੱਕ ਮਸੀਹੀ ਹੀ ਅਜਿਹੀ ਚਾਹਤ ਕਰ ਸਕਦਾ ਹੈ ਅਤੇ ਇਹ ਚਾਹਤ ਉਸ ਹਰੇਕ ਵਿਅਕਤੀ ਨੂੰ ਮਸੀਹੀ ਬਣਾ ਸਕਦੀ ਹੈ ਜੋ ਇਸ ਨੂੰ ਸਵੀਕਾਰ ਕਰਦਾ ਹੈ ਅਤੇ ਇਸ ਦੇ ਅਨੁਸਾਰ ਕੰਮ ਕਰਦਾ ਹੈ। EC

## ਰਸੂਲ ਦੇ ਪੱਤਰ ਦਾ ਸਿੱਟਾ (5:23-28)

ਪੌਲੁਸ ਨੇ ਥੱਸਲੁਨੀਕੀਆਂ ਨੂੰ ਇਹ ਪੱਤਰ ਲਗਭਗ 51 ਈਸਵੀ ਵਿੱਚ ਲਿਖਿਆ ਸੀ। ਉਸ ਨੇ ਇਹ ਪੱਤਰ ਉਨ੍ਹਾਂ ਨੂੰ ਉਤਸ਼ਾਹਿਤ ਕਰਨ ਲਈ ਅਤੇ ਮਸੀਹ ਬਾਰੇ ਅਤੇ ਉਸ ਦੀ ਵਾਪਸੀ ਬਾਰੇ ਮਹੱਤਵਪੂਰਨ ਸੱਚਾਈਆਂ ਨੂੰ ਸਮਝਣ ਵਿੱਚ ਮਦਦ ਕਰਨ ਲਈ ਲਿਖਿਆ ਸੀ। ਹੁਣ, ਇਨ੍ਹਾਂ ਕੁਝ ਆਖਰੀ ਆਇਤਾਂ ਵਿੱਚ ਉਸ ਨੇ ਥੱਸਲੁਨੀਕੀਆਂ ਦੇ ਆਪਣੇ ਸੁਨੇਹੇ ਦਾ ਸਿੱਟਾ ਕੱਢਿਆ। 5:22 ਵਿੱਚ, ਪੌਲੁਸ ਨੇ ਕਲੀਸਿਯਾ ਨੂੰ ਬੇਨਤੀ ਕੀਤੀ ਕਿ "ਹਰ ਪਰਕਾਰ ਦੀ ਬਦੀ ਤੋਂ ਲਾਂਭੇ ਰਹੋ।" ਆਇਤਾਂ 23 ਤੋਂ 28 ਵਿੱਚ, ਪੌਲੁਸ ਨੇ ਉਨ੍ਹਾਂ ਨੂੰ ਚੇਤੇ ਕਰਾਇਆ ਕਿ ਬਦੀ ਤੋਂ ਬਚਣ ਲਈ ਅਤੇ ਭਲਿਆਈ ਕਰਨ ਲਈ ਲੋੜੀਂਦੀ ਸ਼ਕਤੀ ਦਾ ਸਰੋਤ ਪਰਮੇਸ਼ਰ ਹੈ।

*ਉਸ ਨੇ ਨਵੇਂ ਵਿਸ਼ਵਾਸੀਆਂ ਦੇ ਲਈ ਪ੍ਰਾਰਥਨਾ ਕੀਤੀ* (ਆਇਤਾਂ 23, 24)। ਆਪਣੇ ਸਿੱਟੇ ਦੇ ਪਹਿਲੇ ਹਿੱਸੇ ਵਿੱਚ ਪੌਲੁਸ ਨੇ ਲਿਖਿਆ, "ਸ਼ਾਂਤੀ ਦਾਤਾ ਪਰਮੇਸ਼ਰ ਆਪੇ ਤੁਹਾਨੂੰ ਪੂਰੀ ਤਰਾਂ ਪਵਿੱਤਰ ਕਰੇ" (ਆਇਤ 23)। "ਪਵਿੱਤਰ ਕਰੇ" ਦਾ ਅਰਥ ਹੈ "ਜੀਵ ਦੇ ਨਵੀਕਰਨ ਦੁਆਰਾ ਅੰਦਰੋਂ ਸ਼ੁੱਧ ਕਰਨਾ।"[59]

ਮਸੀਹੀ ਲੋਕ ਬਪਤਿਸਮੇ ਵੇਲੇ ਅੰਦਰੋਂ ਪਵਿੱਤਰ ਹੋ ਜਾਂਦੇ ਹਨ (1 ਕੁਰਿੰਥੀਆਂ 6:11)। ਪ੍ਰਭੂ ਨੂੰ ਕਬੂਲ ਕਰਨ ਤੋਂ ਬਾਅਦ, ਲਾਜ਼ਮੀ ਹੈ ਕਿ ਪਰਿਪੱਕਤਾ ਵਿੱਚ ਵਧਦੇ ਹੋਏ ਉਹ ਆਪਣੀ ਪਵਿੱਤਰਤਾਈ ਵਿੱਚ ਅਗਾਂਹ ਵਧਦੇ ਜਾਣ (ਨਿਰਤੰਰ ਸੁਧਾਰ ਹੁੰਦਾ ਜਾਵੇ) (ਵੇਖੋ 2 ਕੁਰਿੰਥੀਆਂ 3:18; 1 ਥੱਸਲੁਨੀਕੀਆਂ 4:3)। ਸਗੋਂ ਪੌਲੁਸ ਤਾਂ ਚਾਹੁੰਦਾ ਸੀ ਕਿ ਕਲੀਸਿਯਾ "ਪੂਰੀ ਤਰਾਂ" ਪਵਿੱਤਰ ਹੋ ਜਾਵੇ। ਅਰਥਾਤ, ਆਤਮਕ ਤੌਰ 'ਤੇ, ਉਹ ਚਾਹੁੰਦਾ ਸੀ ਕਿ ਉਹ ਲੋਕ ਅਤੇ ਉਹ ਚਾਹੁੰਦਾ ਹੈ ਕਿ ਅਸੀਂ ਵੀ ਪਾਪ ਤੋਂ ਦੂਰ ਰਹੀਏ ਅਤੇ ਪਵਿੱਤਰ ਰਹੀਏ, ਤਾਂ ਜੋ ਅਸੀਂ ਪਰਮੇਸ਼ਰ ਦੀ ਆਤਮਕ ਸੇਵਾ ਲਈ ਵੱਖਰੇ ਕੀਤੇ ਜਾਈਏ। ਅਸੀਂ ਆਪਣੇ ਆਪ ਨੂੰ ਪੁੱਛੀਏ, "ਅਸੀਂ ਆਪਣੇ ਜੀਵਨ ਵਿੱਚ ਕਿਸ ਆਤਮਕ ਮਕਸਦ ਦੀ ਪੂਰਤੀ ਕਰ ਰਹੇ ਹਾਂ?"

ਪੌਲੁਸ ਨੇ ਇਹ ਵੀ ਪ੍ਰਾਰਥਨਾ ਕੀਤੀ ਪਰਮੇਸ਼ਰ ਇਨ੍ਹਾਂ ਭਾਈਆਂ ਨੂੰ "ਬਚਾਏ ਰੱਖੇ" (ਆਇਤ 23)। ਕਹਿਣ ਦਾ ਭਾਵ ਇਹ ਹੈ, ਪੌਲੁਸ ਚਾਹੁੰਦਾ ਸੀ ਕਿ ਉਹ ਮਸੀਹ ਵਿੱਚ ਆਪਣੇ ਵਿਸ਼ਵਾਸ ਨੂੰ ਤਕੜਾਈ ਨਾਲ ਫੜੀ ਰੱਖਣ। ਦਰਅਸਲ, ਉਹ ਚਾਹੁੰਦਾ ਸੀ ਕਿ ਪਰਮੇਸ਼ਰ ਉਨ੍ਹਾਂ ਦੇ "ਆਤਮਾ," "ਜੀਵ" ਅਤੇ "ਸਰੀਰ" ਨੂੰ ਸੁਰੱਖਿਅਤ ਰੱਖੇ।

ਯੂਨਾਨੀ ਲੋਕਾਂ ਦੀ ਮਾਨਤਾ ਸੀ ਮਨੁੱਖ ਤਿੰਨ ਹਿੱਸਿਆ ਤੋਂ ਮਿਲ ਕੇ ਬਣਿਆ ਹੈ: ਆਤਮਾ, ਜੀਵ ਅਤੇ ਸਰੀਰ। ਜੀਵ ਨੂੰ ਉਹ ਆਤਮਾ ਤੋਂ ਹੇਠਲਾ ਪਸ਼ੂਆਂ ਵਾਲਾ ਸੁਭਾਓ ਮੰਨਦੇ ਸਨ, ਜਿਸ ਨੂੰ ਉਹ ਮਨੁੱਖ ਦਾ ਅਵਿਨਾਸ਼ੀ ਹਿੱਸਾ ਮੰਨਦੇ ਸਨ। ਹਾਲਾਂਕਿ ਪੌਲੁਸ ਇਸ ਧਾਰਨਾ ਤੋਂ ਵਾਕਫ ਸੀ, ਫਿਰ ਵੀ ਇਸ ਆਇਤ ਵਿੱਚ ਉਹ ਇਸ ਧਾਰਨਾ ਦਾ ਹਵਾਲਾ ਨਹੀਂ ਦੇ ਰਿਹਾ ਸੀ। ਪੌਲੁਸ ਲਈ, ਜੀਵ ਅਤੇ ਆਤਮਾ, ਇੱਕ ਦੂਜੇ ਦੀ ਥਾਂ ਵਰਤੇ ਜਾਣ ਵਾਲੇ

ਸ਼ਬਦ ਸਨ, ਜੋ ਕਿ ਦਰਅਸਲ "ਅੰਦਰਲੀ ਇਨਸਾਨੀਅਤ" (2 ਕੁਰਿੰਥੀਆਂ 4:16) ਦਾ ਵਰਣਨ ਕਰਦੇ ਹਨ। ਉਹ ਸ਼ਾਇਦ ਇਨ੍ਹਾਂ ਸ਼ਬਦਾਂ ਦੀ ਵਰਤੋਂ ਕੇਵਲ ਇਸ ਕਰਕੇ ਕਰ ਰਿਹਾ ਸੀ ਕਿ ਉਹ ਚਾਹੁੰਦਾ ਸੀ ਭਈ ਮਸੀਹੀ ਸੰਪੂਰਨ ਰੂਪ ਵਿੱਚ ਬਚਾਏ ਜਾਣ ਅਰਥਾਤ ਮਸੀਹ ਦੇ ਨਾਲ ਸਹੀ ਸੰਬੰਧ ਵਿੱਚ ਬਣੇ ਰਹਿਣ।

ਪੌਲੁਸ ਨੇ ਪ੍ਰਾਰਥਨਾ ਕੀਤੀ ਕਿ ਹਰੇਕ ਮਸੀਹੀ "ਸਾਡੇ ਪ੍ਰਭੂ ਯਿਸੂ ਮਸੀਹ ਦੇ ਆਉਣ ਦੇ ਵੇਲੇ ਦੋਸ਼ ਰਹਿਤ ਸੰਪੂਰਨ ਬਚਿਆ ਰਹੇ" (ਆਇਤ 23)। ਇਹ ਤਾਂ ਨਿਸ਼ਚਿਤ ਹੀ ਹੈ ਕਿ ਸ਼ਤਾਨ ਹਮੇਸ਼ਾ ਦੋਸ਼ ਲਗਾਵੇਗਾ, ਮਸੀਹੀ ਲੋਕ ਬਰੀ ਠਹਿਰਣਗੇ ਅਤੇ ਪਰਮੇਸ਼ਰ ਵੱਲੋਂ ਧਰਮੀ ਠਹਿਰਾਏ ਜਾਣਗੇ। ਨਿਰਦੋਸ਼ਤਾ ਦੀ ਘੋਸ਼ਣਾ ਮਸੀਹ ਦੀ ਦੂਜੀ ਆਮਦ ਵੇਲੇ ਹੋਵੇਗੀ। ਪੌਲੁਸ ਨੇ ਇਸ ਆਮਦ ਬਾਰੇ ਵਿਸਥਾਰ ਨਾਲ ਗੱਲ ਕੀਤੀ ਹੈ (4:13—5:11)। ਉਹ ਆਪਣੇ ਮਨ ਦੀਆਂ ਅੱਖਾਂ ਨਾਲ ਇਸ ਨੂੰ ਵੇਖ ਸਕਿਆ (ਯੂਹੰਨਾ 5:28, 29; ਮੱਤੀ 25:31–33 ਨਾਲ ਤੁਲਨਾ ਕਰੋ)। ਜਦ ਮਸੀਹ ਵਾਪਿਸ ਆਵੇਗਾ, ਤਦ ਵਿਸ਼ਵਾਸਯੋਗ ਲੋਕ ਸਵੀਕਾਰ ਕੀਤੇ ਜਾਣਗੇ ਅਤੇ ਵਿਦ੍ਰੋਹੀ ਠੁਕਰਾਏ ਜਾਣਗੇ। ਪੌਲੁਸ ਪ੍ਰਾਰਥਨਾ ਕਰ ਰਿਹਾ ਸੀ ਕਿ ਉਸ ਵੇਲੇ ਥੱਸਲੁਨੀਕੀ ਨਿਰਦੋਸ਼ ਠਹਿਰਣ ਅਤੇ ਸਵੀਕਾਰ ਕੀਤੇ ਜਾਣ।

ਆਇਤ 24 ਵਿੱਚ ਪੌਲੁਸ ਨੇ ਪ੍ਰਾਰਥਨਾ ਕੀਤੀ ਕਿ ਪਰਮੇਸ਼ਰ ਉਨ੍ਹਾਂ ਦੀ ਨਿਰਦੋਸ਼ਤਾ ਦੇ ਸੰਬੰਧ ਵਿੱਚ "ਅਜਿਹਾ ਹੀ ਕਰੇਗਾ।" ਇੱਥੇ ਉਸ ਨੇ ਪਰਮੇਸ਼ਰ ਨੂੰ "ਸ਼ਾਂਤੀ ਦਾਤਾ ਪਰਮੇਸ਼ਰ" (ਆਇਤ 23) ਆਖਿਆ। ਪੌਲੁਸ ਪਰਮੇਸ਼ਰ ਨੂੰ ਅਕਸਰ "ਸ਼ਾਂਤੀ ਦਾਤਾ ਪਰਮੇਸ਼ਰ" ਸਦਾਉਂਦਾ ਸੀ (ਵੇਖੋ ਰੋਮੀਆਂ 15:33; 2 ਕੁਰਿੰਥੀਆਂ 13:11)। ਪਰਮੇਸ਼ਰ ਸੱਚਮੁੱਚ "ਸ਼ਾਂਤੀ ਦਾਤਾ ਪਰਮੇਸ਼ਰ" ਹੈ, ਜਿਸ ਦਾ ਅਰਥ ਹੈ ਕਿ ਉਸ ਦਾ ਚਰਿੱਤਰ ਇੱਕ ਸ਼ਾਂਤ ਵਿਹਾਰ ਵਾਲਾ ਹੈ। ਜਦ ਮਨੁੱਖਜਾਤੀ ਉਸ ਦੇ ਪ੍ਰਤੀ ਵਿਦ੍ਰੋਹ ਵਿੱਚ ਸੀ, ਤਦ ਉਸ ਨੇ ਇੱਕ ਮੇਲ ਬਲੀ, ਅਰਥਾਤ ਆਪਣੇ ਪੁੱਤਰ ਯਿਸੂ ਨੂੰ ਘੱਲਿਆ (ਵੇਖੋ ਰੋਮੀਆਂ 5:8)। ਮਨੁੱਖਜਾਤੀ ਦੇ ਨਾਲ ਆਪਣਾ ਮੇਲ ਕਰਾਉਣ ਲਈ ਉਸ ਨੇ ਆਪਣੇ ਪੁੱਤਰ ਨੂੰ ਕੁਰਬਾਨ ਕਰ ਦਿੱਤਾ (2 ਕੁਰਿੰਥੀਆਂ 5:19)। ਸੱਚਮੁੱਚ ਉਹ "ਸ਼ਾਂਤੀ ਦਾਤਾ ਪਰਮੇਸ਼ਰ" ਹੈ, ਜੋ ਦੂਰੀਆਂ ਨੂੰ ਖਤਮ ਕਰਦਾ ਹੈ।

"ਅਜਿਹਾ ਹੀ ਕਰੇਗਾ" ਵਿਸ਼ਵਾਸ ਦਾ ਇੱਕ ਭਾਵ ਹੈ ਕਿ ਪਰਮੇਸ਼ਰ ਥੱਸਲੁਨੀਕੀਆਂ ਦੇ ਨਾਲ ਆਪਣੇ ਸੰਬੰਧ ਵਿੱਚ ਆਪਣੀ ਭੂਮਿਕਾ ਨੂੰ ਪੂਰਾ ਕਰੇਗਾ ਕਿਉਂਕਿ ਉਹ "ਵਫ਼ਾਦਾਰ" ਹੈ (ਆਇਤ 24)। ਪਰਮੇਸ਼ਰ ਹਮੇਸ਼ਾ ਆਪਣੇ ਵਾਇਦੇ ਪੂਰੇ ਕਰਦਾ ਹੈ। ਉਹ ਆਪਣੀ ਭੂਮਿਕਾ ਪੂਰੀ ਕਰੇਗਾ, ਤਾਂ ਜੋ ਉਸ ਦੀ ਸੰਤਾਨ ਪਵਿੱਤਰ ਹੋਣ ਅਤੇ ਮਸੀਹ ਦੀ ਦੂਜੀ ਆਮਦ ਤੱਕ ਨਿਰਦੋਸ਼ ਸੁਰੱਖਿਅਤ ਰਹਿਣ।

ਦੂਜੇ ਪਾਸੇ, ਮਸੀਹੀਆਂ ਨੂੰ ਵੀ ਆਪਣੀ ਭੂਮਿਕਾ ਪੂਰਾ ਕਰਨੀ ਹੈ। ਸਾਨੂੰ ਉਵੇਂ ਕਰਨਾ ਹੈ ਜਿਵੇਂ ਯਹੂਦਾਹ ਨੇ ਆਖਿਆ, "ਪਰਮੇਸ਼ਰ ਦੇ ਪ੍ਰੇਮ ਵਿੱਚ ਆਪਣੇ ਆਪ ਨੂੰ ਕਾਇਮ ਰੱਖੋ" (ਆਇਤ 21)। ਲਾਜ਼ਮੀ ਹੈ ਕਿ ਅਸੀਂ ਪਰਮੇਸ਼ਰ ਦੀ ਆਗਿਆਕਾਰੀ ਕਰੀਏ (ਯੂਹੰਨਾ 14:23)। ਜੇਕਰ ਅਸੀਂ ਅਜਿਹਾ ਕਰੀਏ ਤਾਂ ਉਹ ਅੰਤਮ ਦਿਨ ਸਾਡੀ ਪਵਿੱਤਰਤਾ ਦੇ ਸੰਬੰਧ ਵਿੱਚ "ਅਜਿਹਾ ਹੀ ਕਰੇਗਾ।"

ਆਇਤ 28 ਵਿੱਚ ਪੌਲੁਸ ਨੇ ਪ੍ਰਾਰਥਨਾ ਕੀਤੀ, "ਸਾਡੇ ਪ੍ਰਭੂ ਯਿਸੂ ਮਸੀਹ ਦੀ ਕਿਰਪਾ ਤੁਹਾਡੇ ਉੱਤੇ ਹੁੰਦੀ ਰਹੇ।" ਆਮਤੌਰ 'ਤੇ ਉਹ ਅਜਿਹੀ ਪ੍ਰਾਰਥਨਾ ਦੇ ਨਾਲ ਹੀ ਆਪਣੇ ਪੱਤਰ ਦਾ ਸਮਾਪਨ ਕਰਦਾ ਸੀ (ਵੇਖੋ 2 ਕੁਰਿੰਥੀਆਂ 13:14)। "ਕਿਰਪਾ" ਦੇ ਲਈ ਯੂਨਾਨੀ ਸ਼ਬਦ

χάρις (*ਖਾਰੀਸ*) ਹੈ ਅਤੇ ਇਸ ਦਾ ਅਰਥ ਹੈ ਕਿਸੇ ਦੀ ਮਿਹਰ ਨੂੰ ਪ੍ਰਾਪਤ ਕਰਨਾ।[60] ਉਸ ਨੇ ਪ੍ਰਾਰਥਨਾ ਕੀਤੀ ਕਿ ਥੱਸਲੁਨੀਕੀ ਭਰਾਵਾਂ ਉੱਤੇ ਮਸੀਹ ਦੀ ਕਿਰਪਾ ਹੋਵੇ ਅਤੇ ਉਸ ਦੇ ਨਾਲ ਉਨ੍ਹਾਂ ਦਾ ਸੰਬੰਧ ਚੰਗਾ ਬਣਿਆ ਰਹੇ।

ਜਿਵੇਂ ਪੌਲੁਸ ਨੇ ਥੱਸਲੁਨੀਕੀ ਕਲੀਸਿਯਾ ਦੀ ਪਵਿੱਤਰਤਾਈ ਅਤੇ ਸੁਰੱਖਿਆ ਦੇ ਲਈ ਪ੍ਰਾਰਥਨਾ ਕੀਤੀ, ਉਵੇਂ ਅਸੀਂ ਵੀ ਕਲੀਸਿਯਾ ਦੀ ਅਜਿਹੀ ਅਵਸਥਾ ਦੇ ਲਈ ਪ੍ਰਾਰਥਨਾ ਕਰਨਾ ਚੇਤੇ ਰੱਖੀਏ। ਜੇਕਰ ਅਸੀਂ ਵਿਸ਼ਵਾਸਯੋਗ ਰਹਿਣ ਦੀ ਆਪਣੀ ਭੂਮਿਕਾ ਨੂੰ ਪੂਰਾ ਕਰਦੇ ਰਹੀਏ, ਤਾਂ ਪਰਮੇਸ਼ਰ ਵੀ ਆਪਣੀ ਭੂਮਿਕਾ ਨੂੰ ਪੂਰਾ ਕਰਦਾ ਰਹੇਗਾ। ਇਸ ਤਰ੍ਹਾਂ ਕਲੀਸਿਯਾ ਨਿਆਂ ਦੇ ਉਸ ਵੱਡੇ ਦਿਹਾੜੇ ਵੇਲੇ ਉਸ ਦੇ ਸਿੰਘਾਸਣ ਦੇ ਸਾਹਮਣੇ "ਨਿਰਦੋਸ਼" ਰਹੇਗੀ।

*ਉਸ ਨੇ ਭਰਾਵਾਂ ਨੂੰ ਉਸ ਦੇ ਲਈ ਪ੍ਰਾਰਥਨਾ ਕਰਨ ਲਈ ਆਖਿਆ* (ਆਇਤ 25)। ਪੌਲੁਸ ਪ੍ਰਾਰਥਨਾ ਵਿੱਚ ਵਿਸ਼ਵਾਸ ਕਰਦਾ ਸੀ। ਉਹ ਅਕਸਰ ਦੂਜਿਆਂ ਨੂੰ ਉਸ ਦੇ ਲਈ ਪ੍ਰਾਰਥਨਾ ਕਰਨ ਲਈ ਆਖਦਾ ਹੁੰਦਾ ਸੀ (ਵੇਖੋ 2 ਥੱਸਲੁਨੀਕੀਆਂ 3:1; ਕੁਲੁੱਸੀਆਂ 4:3; ਅਫ਼ਸੀਆਂ 6:18; ਰੋਮੀਆਂ 15:30)। ਯਾਕੂਬ ਨੇ ਆਖਿਆ, "ਧਰਮੀ ਪੁਰਖ ਦੀ ਬੇਨਤੀ ਤੋਂ ਬਹੁਤ ਅਸਰ ਹੁੰਦਾ ਹੈ।" ਐਲਾਈਜਾਹ ਐੱਮ. ਹਿਕੌਕ ਨੇ ਲਿਖਿਆ,

> ਮੈਂ ਨਹੀਂ ਜਾਣਦਾ ਇਹ ਕਿਵੇਂ ਹੁੰਦਾ ਹੈ,
> ਪਰ ਇਹ ਮੈਂ ਜਾਣਦਾ ਹਾਂ ਕਿ ਪਰਮੇਸ਼ਰ ਪ੍ਰਾਰਥਨਾ ਸੁਣਦਾ ਹੈ
> ਮੈਂ ਜਾਣਦਾ ਹਾਂ ਕਿ ਉਸ ਨੇ ਆਪਣਾ ਬਚਨ ਦਿੱਤਾ ਹੈ
> ਜੋ ਮੈਨੂੰ ਦੱਸਦਾ ਹੈ ਕਿ ਉਹ ਹਮੇਸ਼ਾ ਪ੍ਰਾਰਥਨਾ ਸੁਣਦਾ ਹੈ।
> ਅਤੇ ਛੇਤੀ ਹੀ ਉਹ ਜਵਾਬ ਘੱਲੇਗਾ
> ਅਤੇ ਮੈਂ ਪ੍ਰਾਰਥਨਾ ਕਰਕੇ ਸ਼ਾਂਤੀ ਨਾਲ ਉਡੀਕਾਂਗਾ।[61]

ਅੱਜ ਵੀ ਆਗੂ ਪ੍ਰਾਰਥਨਾਵਾਂ ਦੀ ਮੰਗ ਕਰਦੇ ਹਨ। ਕਦੇ-ਕਦੇ ਨੇਤਾ ਵੀ ਆਪਣੇ ਦੇਸ ਦੀ ਜਨਤਾ ਤੋਂ ਪ੍ਰਾਰਥਨਾਵਾਂ ਦੀ ਮੰਗ ਕਰਦੇ ਹਨ। ਪੌਲੁਸ ਨੇ ਆਖਿਆ ਕਿ ਸਾਨੂੰ ਅਜਿਹਾ ਕਰਨਾ ਚਾਹੀਦਾ ਹੈ: "ਸੋ ਮੈਂ ਸਭ ਤੋਂ ਪਹਿਲਾਂ ਇਹ ਤਗੀਦ ਕਰਦਾ ਹਾਂ ਜੋ ਬੇਨਤੀਆਂ, ਪ੍ਰਾਰਥਨਾਂ, ਅਰਦਾਸਾਂ ਅਤੇ ਧੰਨਵਾਦ ਸਭਨਾਂ ਮਨੁੱਖਾਂ ਲਈ ਕੀਤੇ ਜਾਣ। ਪਾਤਸ਼ਾਹਾਂ ਅਤੇ ਸਭਨਾਂ ਮਰਾਤਬੇ ਵਾਲਿਆਂ ਦੇ ਲਈ . . ." (1 ਤਿਮੋਥਿਉਸ 2:1, 2)। ਐਲਡਰ ਵੀ ਕਲੀਸਿਯਾ ਤੋਂ ਪ੍ਰਾਰਥਨਾਵਾਂ ਦੀ ਮੰਗ ਕਰਦੇ ਹਨ। ਜਦ ਅਜਿਹੇ ਲੋਕ ਪਰਮੇਸ਼ਰ ਤੋਂ ਮਦਦ ਦੀ ਆਪਣੀ ਜ਼ਰੂਰਤ ਨੂੰ ਸਿਆਣਦੇ ਹਨ, ਤਾਂ ਸਾਨੂੰ ਉਨ੍ਹਾਂ ਦੇ ਲਈ ਗੰਭੀਰਤਾ ਨਾਲ ਪ੍ਰਾਰਥਨਾ ਕਰਨੀ ਚਾਹੀਦੀ ਹੈ।

*ਉਸ ਨੇ ਦੋ ਹੁਕਮ ਦਿੱਤੇ* (ਆਇਤਾਂ 26, 27)। ਪਹਿਲਾ, ਪੌਲੁਸ ਨੇ ਥੱਸਲੁਨੀਕੀਆਂ ਨੂੰ ਆਖਿਆ ਕਿ ਉਹ "ਪਵਿੱਤਰ ਚੁੰਮੇ" ਨਾਲ ਇੱਕ-ਦੂਜੇ ਦੀ ਸੁਖ ਸਾਂਦ ਪੁੱਛਣ (ਆਇਤ 26)। "ਪਵਿੱਤਰ ਚੁੰਮੇ" ਦਾ ਜ਼ਿਕਰ ਨਵੇਂ ਨੇਮ ਵਿੱਚ ਕਈ ਵਾਰੀ ਹੋਇਆ ਹੈ (ਰੋਮੀਆਂ 16:16; 1 ਕੁਰਿੰਥੀਆਂ 16:20; 1 ਪਤਰਸ 5:14)। ਉਸ ਸੱਭਿਆਚਾਰ ਵਿੱਚ ਇਸ ਤਰ੍ਹਾਂ ਇੱਕ-ਦੂਜੇ ਨੂੰ ਸਲਾਮ ਆਖਣਾ ਇੱਕ ਆਮ ਗੱਲ ਸੀ। ਇਹ ਪ੍ਰਥਾ ਮਸੀਹਤ ਦੇ ਆਉਣ ਤੋਂ ਪਹਿਲਾਂ ਤੋਂ ਚੱਲੀ ਆ ਰਹੀ ਸੀ ਅਤੇ ਅੱਜ ਵੀ ਕਈ ਸੱਭਿਆਚਾਰਾਂ ਵਿੱਚ ਚੱਲ ਰਹੀ ਹੈ।

ਮਸੀਹਤ ਨੇ ਇਸ ਤਰ੍ਹਾਂ ਦੇ ਸਲਾਮ ਵਿੱਚ ਇਹ ਯੋਗਦਾਨ ਦਿੱਤਾ ਹੈ ਕਿ ਇਸ ਨੂੰ

"ਪਵਿੱਤਰ" ਅਰਥਾਤ "ਪ੍ਰੇਮ ਦਾ ਚੁੰਮਾ" ਬਣਾ ਦਿੱਤਾ ਹੈ। ਫਰਕ ਇਹ ਹੈ ਕਿ ਉਨ੍ਹਾਂ ਦਾ ਇਹ ਸੁਖ ਸਾਂਦ ਪੁੱਛਣਾ ਕੇਵਲ ਇੱਕ ਪ੍ਰਥਾ ਨਹੀਂ ਹੋਣਾ ਚਾਹੀਦਾ ਸੀ, ਸਗੋਂ ਗੰਭੀਰ ਹੋਣਾ ਚਾਹੀਦਾ ਸੀ। ਜੇਕਰ ਅੱਜ ਪੌਲੁਸ ਇੱਥੇ ਹੁੰਦਾ, ਤਾਂ ਉਹ ਆਖਦਾ, "ਆਪਣੇ ਭੈਣ-ਭਰਾਵਾਂ ਨਾਲ ਹੱਥ ਮਿਲਾਓ। ਤੁਸੀਂ ਹੱਥ ਅੱਗੇ ਵਧਾਓ—ਮਿੱਤਰਤਾ ਨੂੰ ਮਹੱਤਵ ਦਿਓ! ਨਿਸ਼ਚਿਤ ਕਰੋ ਕਿ ਤੁਸੀਂ ਗੰਭੀਰਤਾ ਨਾਲ ਹੱਥ ਮਿਲਾਓ।" ਅਸੀਂ ਇੱਕ-ਦੂਜੇ ਨੂੰ ਸਲਾਮ ਆਖਣ ਲਈ, ਮਿਲਣ ਲਈ ਅਤੇ ਸੰਗਤੀ ਕਰਨ ਲਈ ਸਮਾਂ ਕੱਢਣਾ ਹੈ।

ਦੂਜਾ, ਪੌਲੁਸ ਨੇ ਕਲੀਸਿਯਾ ਨੂੰ ਆਖਿਆ ਕਿ ਉਸ ਦੀ "ਇਹ ਪੱਤ੍ਰੀ ਸਭਨਾਂ ਭਰਾਵਾਂ ਨੂੰ ਪੜ੍ਹ ਕੇ ਸੁਣਾਉਣੀ।" (ਆਇਤ 27)। ਪੌਲੁਸ ਨੇ ਇਸ ਹੁਕਮ ਨੂੰ ਬਹੁਤ ਗੰਭੀਰਤਾ ਨਾਲ ਲਿਆ ਅਤੇ "ਪ੍ਰਭੂ" ਨੂੰ ਆਪਣਾ ਗਵਾਹ ਬਣਾਇਆ। ਕਹਿਣ ਦਾ ਭਾਵ ਹੈ ਕਿ ਉਸ ਦਿਆਂ ਸ਼ਬਦਾਂ ਵਿੱਚ ਰੱਬੀ ਇਖਤਿਆਰ ਸੀ। ਉਸ ਨੇ ਆਖਿਆ, "ਮੈਂ ਤੁਹਾਨੂੰ . . . ਸੌਂਹ ਦਿੰਦਾ ਹਾਂ" "ਸੌਂਹ" ਸ਼ਬਦ ਯੂਨਾਨੀ ਦੇ ἐνορκίζω (*ਏਨੋਰਕੀਜ਼ੋ*) ਤੋਂ ਹੈ। ਰੋਬਰਟਸਨ ਦੇ ਅਨੁਸਾਰ, ਇਸ ਦਾ ਅਰਥ ਇੱਕ ਪੁਰਾਣੇ ਮੂਲ ਸ਼ਬਦ ਵਿੱਚ ਹੈ ਜਿਸ ਦਾ ਅਰਥ ਕਿਸੇ ਨੂੰ ਸੌਂਹ ਹੇਠ ਲਿਆਉਣਾ ਹੈ।[62] ਇਸ ਸੌਂਹ ਨੂੰ ਉਸ ਨੇ ਪ੍ਰਭੂ ਨੂੰ ਆਪਣਾ ਗਵਾਹ ਬਣਾਉਣ ਦੁਆਰਾ ਪਵਿੱਤਰ ਬਣਾ ਲਿਆ ਕਿ ਹੁਣ ਥੱਸਲੁਨੀਕੀ ਵਿਸ਼ਵਾਸੀ ਇਸ ਦੀ ਪਾਲਣਾ ਕਰਨ। ਪੌਲੁਸ ਚਾਹੁੰਦਾ ਸੀ ਕਿ ਉਸ ਦੇ ਨਿਰਦੇਸ਼ ਜਨਤਕ ਤੌਰ 'ਤੇ ਕਲੀਸਿਯਾ ਦੇ ਸਭਨਾਂ ਮੈਂਬਰਾਂ ਦੇ ਸਾਹਮਣੇ ਪੜ੍ਹੇ ਜਾਣ। ਇਸ ਤਰ੍ਹਾਂ ਪੜ੍ਹੇ ਜਾਣ ਦੀ ਤੁਲਨਾ ਸਾਡੇ ਬਾਈਬਲ ਅਧਿਐਨ ਨਾਲ ਕੀਤੀ ਜਾ ਸਕਦੀ ਹੈ।

ਕੋਈ ਇਹ ਵੀ ਆਖ ਸਕਦਾ ਹੈ ਕਿ ਪੌਲੁਸ ਦਰਅਸਲ ਇਹ ਅਰਜੋਈ ਕਰ ਰਿਹਾ ਸੀ ਕਿ ਥੱਸਲੁਨੀਕੀ ਵਿਸ਼ਵਾਸੀ ਰਲ ਕੇ ਪਰਮੇਸ਼ਰ ਦੇ ਵਚਨ ਦਾ ਅਧਿਐਨ ਕਰਨ। ਜੇਕਰ ਅਜਿਹਾ ਹੈ ਤਾਂ ਪੌਲੁਸ ਦਾ ਹੁਕਮ ਅੱਜ ਦੇ ਮਸੀਹੀਆਂ ਦੇ ਲਈ ਵੀ ਹੈ। ਸਾਨੂੰ ਪਰਮੇਸ਼ਰ ਦੇ ਵਚਨ ਨੂੰ ਸੁਣਨ ਅਤੇ ਇਸ ਦਾ ਅਧਿਐਨ ਕਰਨ ਦੀ ਲੋੜ ਹੈ। ਸਾਨੂੰ ਪੂਰੀ ਕਲੀਸਿਯਾ ਦੇ ਤੌਰ 'ਤੇ ਇਸ ਦਾ ਅਧਿਐਨ ਕਰਨ ਦੀ ਲੋੜ ਹੈ।

ਪੌਲੁਸ ਨੂੰ ਥੱਸਲੁਨੀਕੇ ਦੀ ਇਸ ਨਵੀਂ ਕਲੀਸਿਯਾ ਦੀ ਬਹੁਤ ਚਿੰਤਾ ਸੀ ਕਿ ਉਹ ਆਪਣੇ ਵਿਸ਼ਵਾਸ ਵਿੱਚ ਵਧਣ। ਉਸ ਕਲੀਸਿਯਾ ਨੂੰ ਲਿਖੇ ਗਏ ਉਸ ਦੇ ਸੁਨੇਹੇ ਸਾਡੀਆਂ ਮੰਡਲੀਆਂ ਲਈ ਵੀ ਮਾਇਨੇ ਰੱਖਦੇ ਹਨ। ਉਸ ਨੇ ਫ਼ਿਲਿੱਪੀਆਂ ਦੀ ਕਲੀਸਿਯਾ ਨੂੰ ਲਿਖਿਆ, "ਜੋ ਕੁਝ ਤੁਸਾਂ ਸਿੱਖਿਆ ਅਤੇ ਮੰਨ ਲਿਆ ਅਤੇ ਸੁਣਿਆ ਅਤੇ ਮੇਰੇ ਵਿੱਚ ਡਿੱਠਾ ਓਹੀਓ ਕਰੋ ਤਾਂ ਸ਼ਾਂਤੀ ਦਾਤਾ ਪਰਮੇਸ਼ਰ ਤੁਹਾਡੇ ਅੰਗ ਸੰਗ ਹੋਵੇਗਾ" (ਫ਼ਿਲਿੱਪੀਆਂ 4:9)। ਸਾਨੂੰ ਪੌਲੁਸ ਦਿਆਂ ਉਪਦੇਸ਼ਾਂ ਨੂੰ ਸੁਣਨ, ਸਵੀਕਾਰ ਕਰਨ, ਸਿੱਖਣ ਅਤੇ ਲਾਗੂ ਕਰਨ ਦੀ ਲੋੜ ਹੈ। ਸਾਨੂੰ ਹੋਰਨਾਂ ਮਸੀਹੀਆਂ ਦੇ ਲਈ ਵੀ ਪ੍ਰਾਰਥਨਾ ਕਰਨੀ ਹੈ, ਦੂਜਿਆਂ ਨੂੰ ਕਹਿਣਾ ਹੈ ਕਿ ਉਹ ਸਾਡੇ ਲਈ ਪ੍ਰਾਰਥਨਾ ਕਰਨ, ਹੋਰਨਾਂ ਮਸੀਹੀਆਂ ਨੂੰ ਗੰਭੀਰਤਾ ਨਾਲ ਸੁਖ ਸਾਂਦ ਪੁੱਛਣੀ ਹੈ ਅਤੇ ਵਚਨ ਦਾ ਅਧਿਐਨ ਕਰਨਾ ਹੈ। ਅਜਿਹਾ ਕਰਨ ਨਾਲ ਸ਼ਾਂਤੀ ਦਾਤਾ ਪਰਮੇਸ਼ਰ ਸਾਡੇ ਨਾਲ ਰਹੇਗਾ।

EE

## ਵੇਖੋ, ਪ੍ਰੇਮ ਕਰੋ ਅਤੇ ਜੀਓ (5:1-25)

ਪਹਿਲਾ ਥੱਸਲੁਨੀਕੀਆਂ ਦਾ ਇਹ ਆਖ਼ਰੀ ਅਧਿਆਇ ਚਾਨਣ ਦੇ ਪੁੱਤ੍ਰਾਂ ਵਾਂਗ ਜੀਉਣ ਦੇ ਵਿਸ਼ੇ ਤੇ ਜ਼ੋਰ ਦਿੰਦਾ ਹੈ। ਮਸੀਹੀ ਵਿਅਕਤੀ ਸੱਚਾਈ ਦੇ ਚਮਕਦਾਰ ਸੂਰਜ ਦੇ ਚਾਨਣ ਦੀ

ਸੰਤਾਨ ਹੈ। ਉਸ ਨੂੰ ਭਰੋਸਾ ਦਿਵਾਇਆ ਗਿਆ ਹੈ ਅਤੇ ਉਹ ਭਵਿੱਖ ਦੇ ਵਿਖੇ ਭਰੋਸੇਮੰਦ ਹੈ। ਉਸ ਨੂੰ ਪਤਾ ਹੈ ਕਿ ਉਹ ਕਿੱਧਰ ਨੂੰ ਜਾ ਰਿਹਾ ਹੈ ਕਿਉਂਕਿ ਉਹ ਜਾਣਦਾ ਹੈ ਕਿ ਭਵਿੱਖ ਵਿੱਚ ਉਸ ਦੇ ਲਈ ਕੀ ਰੱਖਿਆ ਹੋਇਆ ਹੈ।

*ਵੇਖੋ! ਉਸ ਦਿਨ ਨੂੰ ਵੇਖੋ* (5:1–11)। ਚਾਨਣ ਦੇ ਪੁੱਤ੍ਰ ਮਸੀਹ ਦੇ ਦਿਨ ਨੂੰ ਵੇਖੋ। ਪੌਲੁਸ ਨੇ ਕਿਹਾ, "ਪਰ ਹੇ ਭਰਾਵੋ, ਤੁਹਾਨੂੰ ਕੋਈ ਲੋੜ ਨਹੀਂ ਜੋ ਤੁਹਾਡੀ ਵੱਲ ਸਮਿਆਂ ਅਤੇ ਵੇਲਿਆਂ ਲਈ ਕੁਝ ਲਿਖਿਆ ਜਾਵੇ" (ਆਇਤ 1)। "ਸਮਿਆਂ" ਅਤੇ "ਵੇਲਿਆਂ" ਸ਼ਬਦ ਉਹ ਸ਼ਬਦ ਹਨ ਜਿਨ੍ਹਾਂ ਦਾ ਸੰਬੰਧ ਆਖ਼ਰੀ ਗੱਲਾਂ ਨਾਲ ਹੈ, ਜਿਵੇਂ ਕਿ ਸਾਡੇ ਪ੍ਰਭੂ ਦਾ ਆਉਣਾ ਅਤੇ ਆਖ਼ਰੀ ਨਿਆਂ।

ਉਸ ਨੇ ਕਿਹਾ, "ਮੈਨੂੰ ਇਸ ਬਾਰੇ ਤੁਹਾਨੂੰ ਲਿਖਣ ਦੀ ਕੋਈ ਲੋੜ ਨਹੀਂ।" 4:9 ਵਿੱਚ, ਉਸ ਨੇ ਭਰੱਪਣ ਦੇ ਪ੍ਰੇਮ ਵਿਖੇ ਇਹੋ ਜਿਹੀ ਸ਼ਬਦਾਵਲੀ ਦੀ ਵਰਤੋਂ ਕੀਤੀ ਸੀ ਜਦੋਂ ਉਸ ਨੇ ਕਿਹਾ, "ਪਰ ਭਰੱਪਣ ਦੇ ਪ੍ਰੇਮ ਦੇ ਵਿਖੇ ਤੁਹਾਨੂੰ ਕੁਝ ਲਿਖਣ ਦੀ ਲੋੜ ਨਹੀਂ ਕਿਉਂ ਜੋ ਤੁਸੀਂ ਆਪ ਇੱਕ ਦੂਏ ਨਾਲ ਪ੍ਰੇਮ ਕਰਨ ਨੂੰ ਪਰਮੇਸ਼ੁਰ ਦੇ ਸਿਖਾਏ ਹੋਏ ਹੋ।" ਪੌਲੁਸ ਨੂੰ ਆਖ਼ਰੀ ਗੱਲਾਂ ਦੇ ਵਿਖੇ ਉਨ੍ਹਾਂ ਨੂੰ ਲਿਖਣ ਦੀ ਲੋੜ ਨਹੀਂ ਸੀ ਕਿਉਂਕਿ ਉਹ ਚੰਗੀ ਤਰ੍ਹਾਂ ਜਾਣਦੇ ਸਨ ਕਿ ਉਨ੍ਹਾਂ ਨੂੰ ਨਹੀਂ ਸੀ ਪਤਾ ਕਿ ਉਹ ਦਿਨ ਕਦੋਂ ਆਵੇਗਾ।

ਮੁਕਤੀਦਾਤਾ ਰਾਤ ਨੂੰ ਚੋਰ ਦੇ ਵਾਂਗ ਆਵੇਗਾ। ਚੋਰ ਕਿਵੇਂ ਆਉਂਦਾ ਹੈ? ਕੀ ਉਸ ਦੇ ਆਉਣ ਬਾਰੇ ਤੁਹਾਨੂੰ ਚਿੱਠੀ ਲਿਖ ਕੇ ਸੱਦਾ ਦਿੱਤਾ ਜਾਂਦਾ ਹੈ? ਨਹੀਂ, ਉਹ ਬਿਨ੍ਹਾਂ ਦੱਸੇ ਅਤੇ ਬਿਨ੍ਹਾਂ ਕੋਈ ਸੂਚਨਾ ਦਿੱਤੇ ਚੋਰੀ ਕਰਨ ਲਈ ਆਉਂਦਾ ਹੈ। ਦੂਜਾ ਪਤਰਸ 3:9, 10 ਕਹਿੰਦੀਆਂ ਹਨ, "ਪ੍ਰਭੂ ਆਪਣੇ ਵਾਇਦੇ ਦਾ ਮੱਠਾ ਨਹੀਂ ਜਿਵੇਂ ਕਿੰਨੇ ਹੀ ਮੱਠੇ ਦਾ ਭਰਮ ਕਰਦੇ ਹਨ ਪਰ ਉਹ ਤੁਹਾਡੇ ਨਾਲ ਧੀਰਜ ਕਰਦਾ ਹੈ ਕਿਉਂ ਜੋ ਉਹ ਨਹੀਂ ਚਾਹੁੰਦਾ ਹੈ ਭਈ ਕਿਸੇ ਦਾ ਨਾਸ ਹੋਵੇ ਸਗੋਂ ਸੱਭੇ ਤੋਬਾ ਵੱਲ ਮੁੜਨ ਪਰੰਤੂ ਪ੍ਰਭੂ ਦਾ ਦਿਨ ਚੋਰ ਵਾਂਙੁ ਆਵੇਗਾ . . . ।"

ਇੱਥੇ ਦੂਜੀ ਆਮਦ ਅਤੇ ਵਿਹਾਰਕ ਨੈਤਿਕਤਾ ਦੀ ਸਿੱਖਿਆ ਵਿਚਕਾਰ ਇੱਕ ਸੰਬੰਧ, ਆਪਸ ਵਿੱਚ ਇਕੱਠੇ ਹੋਣਾ ਹੈ। ਇਹ ਪ੍ਰਭੂ ਦੇ ਆਉਣ ਦੇ ਦਿਨ ਬਾਰੇ ਕਹੇ ਗਏ ਗਏ ਪਤਰਸ ਦੇ ਸ਼ਬਦਾਂ ਵਿੱਚ ਵੇਖਿਆ ਗਿਆ ਹੈ, ". . . ਅਕਾਸ਼ ਸਰਨਾਟੇ ਨਾਲ ਜਾਂਦੇ ਰਹਿਣਗੇ ਅਤੇ ਮੂਲ ਵਸਤਾਂ ਵੱਡੇ ਤਾਉ ਨਾਲ ਤਪ ਨੇ ਢਲ ਜਾਣਗੀਆਂ ਅਤੇ ਧਰਤੀ ਉਨ੍ਹਾਂ ਕਾਰਾਗਰੀਆਂ ਸਣੇ ਜੋ ਉਸ ਵਿੱਚ ਹਨ ਜਲ ਬਲ ਜਾਵੇਗੀ। ਜਦੋਂ ਏਹ ਸੱਭੇ ਵਸਤਾਂ ਇਉਂ ਢਲ ਜਾਣ ਵਾਲੀਆਂ ਹਨ ਤਾਂ *ਤੁਹਾਨੂੰ ਹਰ ਪਰਕਾਰ ਦੇ ਪਵਿੱਤਰ ਚਲਣ ਅਤੇ ਭਗਤੀ ਵਿੱਚ ਕੇਹੋ ਜੇਹੇ ਹੋਣਾ ਚਾਹੀਦਾ ਹੈ?*" (2 ਪਤਰਸ 3:10, 11; ਜ਼ੋਰ ਦਿੱਤਾ ਗਿਆ ਹੈ)।

ਇਸ ਸੱਚਾਈ ਦਾ ਕਿ ਉਹ ਵਾਪਸ ਆ ਰਿਹਾ ਹੈ ਸਾਡੇ ਜੀਉਣ ਦੇ ਢੰਗ ਤੇ ਪ੍ਰਭਾਵ ਹੋਣਾ ਚਾਹੀਦਾ ਹੈ। ਜੇਕਰ ਉਸ ਦੀ ਦੂਜੀ ਆਮਦ ਦੀ ਸੱਚਾਈ ਸਾਡੇ ਅੱਜ ਦੇ ਜੀਉਣ ਦੇ ਢੰਗ ਨੂੰ ਪ੍ਰਭਾਵਿਤ ਨਹੀਂ ਕਰਦੀ, ਤਾਂ ਅਸੀਂ ਸੱਚਮੁੱਚ ਇਸ ਭਾਗ ਦੇ ਸਬਕ ਤੋਂ ਪ੍ਰਭਾਵਿਤ ਨਹੀਂ ਹੋਏ ਹਾਂ।

*ਪ੍ਰੇਮ ਕਰੋ! ਉਨ੍ਹਾਂ ਨੂੰ ਪ੍ਰੇਮ ਕਰੋ ਜਿਹੜੇ ਤੁਹਾਡੇ ਲਈ ਮਿਹਨਤ ਕਰਦੇ ਹਨ* (5:12, 13)। ਚਾਨਣ ਦੇ ਪੁੱਤ੍ਰਾਂ ਨੇ ਉਨ੍ਹਾਂ ਨੂੰ ਪ੍ਰੇਮ ਕਰਨਾ ਹੈ ਜਿਹੜੇ ਉਨ੍ਹਾਂ ਵਿੱਚ ਮਿਹਨਤ ਕਰਦੇ ਹਨ। ਪੌਲੁਸ ਨੇ ਆਖਿਆ, "ਹੁਣ ਦੇ ਭਰਾਵੋ, ਅਸੀਂ ਤੁਹਾਡੇ ਅੱਗੇ ਬੇਨਤੀ ਕਰਦੇ ਹਾਂ ਭਈ ਜਿਹੜੇ ਤੁਹਾਡੇ ਵਿੱਚ ਮਿਹਨਤ ਕਰਦੇ ਅਤੇ ਪ੍ਰਭੂ ਵਿੱਚ ਤੁਹਾਡੇ ਆਗੂ ਹਨ ਅਤੇ ਤੁਹਾਨੂੰ

ਚਿਤਾਰਦੇ ਹਨ ਤੁਸੀਂ ਓਹਨਾਂ ਨੂੰ ਮੰਨੋ ਅਤੇ ਓਹਨਾਂ ਦੇ ਕੰਮ ਦੀ ਖਾਤਰ ਪ੍ਰੇਮ ਨਾਲ ਓਹਨਾਂ ਦਾ ਬਹੁਤਾ ਹੀ ਆਦਰ ਕਰੋ। ਆਪੋ ਵਿੱਚ ਮੇਲ ਰੱਖੋ" (ਆਇਤਾਂ 12, 13)। ਤਿੰਨ ਕਿਰਦੰਤਾਂ ਨਾਲ ਸਿਰਫ ਇੱਕੋ ਅਨੁਛੇਦ ਇਹ ਇਸ਼ਾਰਾ ਕਰਦਾ ਹੈ ਕਿ ਉਹ ਇੱਕੋ ਜਿਹੇ ਮਨੁੱਖਾਂ ਦੀ ਗੱਲ ਕਰ ਰਿਹਾ ਸੀ। ਜਦੋਂ ਉਸ ਨੇ ਉਨ੍ਹਾਂ ਦੀ ਗੱਲ ਕੀਤੀ ਜਿਹੜੇ "ਤੁਹਾਡੇ ਵਿੱਚ ਮਿਹਨਤ ਕਰਦੇ ਹਨ ਪ੍ਰਭੂ ਵਿੱਚ ਤੁਹਾਡੇ ਆਗੂ ਹਨ ਅਤੇ ਤੁਹਾਨੂੰ ਚਿਤਾਰਦੇ ਹਨ," ਉਹ ਉਨ੍ਹਾਂ ਦੇ ਤਿੰਨ ਪ੍ਰਕਾਰ ਦੇ ਕੰਮਾਂ ਨੂੰ ਵਿਖਾ ਰਿਹਾ ਸੀ। ਉਹ "ਤੁਹਾਡੇ ਵਿੱਚ ਮਿਹਨਤ ਕਰਦੇ ਹਨ," "ਉਹ ਪ੍ਰਭੂ ਵਿੱਚ ਤੁਹਾਡੇ ਆਗੂ ਹਨ" ਅਤੇ ਉਹ ਪ੍ਰਭੂ ਦੇ ਵਚਨ ਵਿੱਚ "ਤੁਹਾਨੂੰ ਚਿਤਾਰਦੇ ਹਨ।"

ਉਸ ਨੇ ਕਿਹਾ, "ਉਨ੍ਹਾਂ ਦੀ ਪ੍ਰਸ਼ੰਸਾ ਕਰੋ ਜਿਹੜੇ ਉੱਦਮ ਨਾਲ ਤੁਹਾਡੇ ਵਿੱਚ ਮਿਹਨਤ ਕਰਦੇ ਹਨ।" "ਮਿਹਨਤ" ਉਸ ਸ਼ਬਦ ਦਾ ਰੂਪ ਹੈ ਜਿਹੜਾ 1:3 ਵਿੱਚ ਆਇਆ ਸੀ ਜਿਸ ਦਾ ਅਨੁਵਾਦ "ਪ੍ਰੇਮ ਦੀ ਮਿਹਨਤ" ਕਰਕੇ ਕੀਤਾ ਗਿਆ ਹੈ। ਇਹ *ਕੋਪੋਸ* ਸ਼ਬਦ ਦਾ ਰੂਪ ਹੈ ਅਤੇ ਜਿਵੇਂ ਕਿ ਤੁਸੀਂ ਵੇਖ ਸਕਦੇ ਹੋ, *ਕੋਪੋਸ* ਸ਼ਬਦ "ਕੋਪਾਊਟ" ਤੋਂ ਕਿਤੇ ਦੂਰ ਹੈ। ਇਹ ਮਿਹਨਤ ਹੀ ਹੈ ਜਿਹੜੀ ਥਕਾਵਟ ਪੈਦਾ ਕਰਦੀ ਹੈ। ਇਹ ਥਕਾਉਣ ਵਾਲੀ ਮਿਹਨਤ ਹੈ। ਪੌਲੁਸ ਨੇ ਅਕਸਰ ਇਸ ਸ਼ਬਦ ਦੀ ਵਰਤੋਂ ਕੀਤੀ ਜਦੋਂ ਉਸ ਨੇ ਆਪਣੇ ਖੁਦ ਦੇ ਬਾਰੇ ਤੰਬੂ ਬਣਾਉਣ ਦੀ ਗੱਲ ਕੀਤੀ। ਇੱਥੇ ਇਹ ਉਨ੍ਹਾਂ ਦੀ ਗੱਲ ਕਰਦਾ ਹੈ ਜਿਹੜੇ ਰੂਹਾਂ ਦੀ ਚਰਵਾਹੀ ਕਰ ਰਹੇ ਹਨ। ਇਹ ਕਿੰਨੀ ਸ਼ਾਨਦਾਰ ਮਿਹਨਤ ਹੈ !ਇਸੇ ਨਾਲ ਸੰਬੰਧਤ ਇੱਕ ਬੰਦ, ਇਬਰਾਨੀਆਂ 13:17 ਵਿੱਚ, ਅਸੀਂ ਪੜ੍ਹਦੇ ਹਾਂ, "ਤੁਸੀਂ ਆਪਣੇ ਆਗੂਆਂ ਦੀ ਆਗਿਆਕਾਰੀ ਕਰੋ ਅਤੇ ਓਹਨਾਂ ਦੇ ਅਧੀਨ ਰਹੋ ਕਿਉਂ ਜੋ ਓਹ ਉਨ੍ਹਾਂ ਵਾਂਙੁ ਜਿਨ੍ਹਾਂ ਲੇਖਾ ਦੇਣਾ ਹੈ ਤੁਹਾਡੀਆਂ ਜਾਨਾਂ ਦੇ ਨਮਿੱਤ ਜਾਗਦੇ ਰਹਿੰਦੇ ਹਨ ਭਈ ਓਹ ਇਹ ਕੰਮ ਅਨੰਦ ਨਾਲ ਕਰਨ, ਨਾ ਹਾਉਕੇ ਭਰ ਭਰ ਕੇ ਕਿਉਂ ਹੋ ਇਹ ਤੁਹਾਡੇ ਲਈ ਲਾਭਵੰਤ ਹੈ।"

ਅਸੀਂ "ਓਹਨਾਂ ਦੇ ਕੰਮ ਦੀ ਖਾਤਰ ਪ੍ਰੇਮ ਨਾਲ ਓਹਨਾਂ ਦਾ ਬਹੁਤਾ ਹੀ ਆਦਰ" ਵੀ ਕਰਨਾ ਹੈ (ਆਇਤ 13)। ਧਿਆਨ ਦਿਓ ਕਿ ਪੌਲੁਸ ਨੇ ਇਹ ਨਹੀਂ ਸੀ ਕਿਹਾ ਕਿ ਅਸੀਂ ਉਨ੍ਹਾਂ ਦਾ ਇਸ ਲਈ ਆਦਰ ਕਰਨਾ ਹੈ ਕਿਉਂਕਿ ਉਹ ਬਹੁਤ ਹੀ ਅਸਾਨੀ ਨਾਲ ਪਸੰਦ ਆਉਣ ਵਾਲੇ ਲੋਕ ਹਨ। ਅਸੀਂ ਉਨ੍ਹਾਂ ਦੇ ਕੰਮ ਦੀ ਖਾਤਰ ਉਨ੍ਹਾਂ ਦਾ ਆਦਰ ਕਰਨਾ ਹੈ। ਆਗੂਆਂ ਦੀ ਜ਼ਿੰਮੇਵਾਰੀ ਦਾ ਸਾਰ ਤਿੰਨ ਹੁਕਮਾਂ ਵਿੱਚ ਦਿੱਤਾ ਗਿਆ ਹੈ: "ਪ੍ਰਸ਼ੰਸਾ ਕਰੋ," "ਆਦਰ ਕਰੋ" ਅਤੇ "ਮੇਲ ਰੱਖੋ।"

*ਜੀਓ! ਅਨੰਦ ਨਾਲ ਜੀਓ* (5:14–25)। ਇਸ ਅਧਿਆਇ ਦਾ ਅਖੀਰਲਾ ਭਾਗ ਥੱਸਲੁਨੀਕੇ ਦੀ ਕਲੀਸੀਆ ਨੂੰ ਉਸ ਕਿਸਮ ਦੀ ਕਲੀਸੀਆ ਬਣਾਉਣ ਦੇ ਲਈ ਜੋ ਆਤਮਾ ਉਨ੍ਹਾਂ ਨੂੰ ਬਣਾਉਣਾ ਚਾਹੁੰਦੇ ਹੋਵੇਗਾ, ਕਈ ਛੋਟੀਆਂ-ਛੋਟੀਆਂ ਥਾਪੜੀਆਂ ਦਾ ਵਰਣਨ ਕਰਦਾ ਹੈ। ਇਸ ਨੇ ਪ੍ਰਾਰਥਨਾ ਕਰਨ ਵਾਲੀ ਕਲੀਸੀਆ, ਅਨੰਦ ਕਰਨ ਵਾਲੀ ਕਲੀਸੀਆ ਅਤੇ ਇੱਕ ਅਜਿਹੀ ਕਲੀਸੀਆ ਬਣਨਾ ਸੀ ਜਿਸ ਦੀ ਵਿਸ਼ੇਸ਼ਤਾ ਦਾ ਵਰਣਨ ਪ੍ਰੇਮ ਦੇ ਆਤਮਾ ਦੁਆਰਾ ਹੁੰਦਾ ਸੀ। ਚਾਨਣ ਦੇ ਪੁੱਤ੍ਰਾਂ ਨੇ ਅਨੰਦ ਨਾਲ ਜੀਉਣਾ ਸੀ।

ਪੌਲੁਸ ਨੇ ਕਿਹਾ, "ਕਮਦਿਲਿਆਂ ਨੂੰ ਦਿਲਾਸਾ ਦਿਓ, ਨਿਤਾਣਿਆਂ ਨੂੰ ਸਮ੍ਹਾਲੋ।" KJV ਵਿੱਚ "ਕਮਦਿਲਿਆਂ" ਦੇ ਲਈ ਜਿਹੜਾ ਸ਼ਬਦ ਵਰਤਿਆ ਗਿਆ ਹੈ ਉਹ ਹੈ "ਕਮਜ਼ੋਰ-ਮਨ।" ਸ਼ਾਇਦ ਉਹ ਇੱਕ ਚੰਗਾ ਅਨੁਵਾਦ ਨਹੀਂ ਹੋ ਸਕਦਾ। "ਕਮਦਿਲਿਆਂ" ਦਾ ਜਥਾਰਥ ਰੂਪ ਵਿੱਚ ਅਰਥ ਹੈ "ਆਤਮਾ ਵਿੱਚ ਥੋੜ੍ਹਾ" ਜਾਂ "ਦਿਲ ਦਾ ਥੋੜ੍ਹਾ।" ਇਸ ਤਰ੍ਹਾਂ ਪ੍ਰਤੀਤ ਹੁੰਦਾ ਹੈ ਕਿ ਪੌਲੁਸ ਉਨ੍ਹਾਂ ਦੀ ਗੱਲ ਕਰ ਰਿਹਾ ਸੀ ਜਿਹੜੇ "ਡਰਪੋਕ" ਸਨ। ਸ਼ਾਇਦ ਜਿਹੜੇ ਮਰੇ

ਹੋਇਆਂ ਤੋਂ ਡਰਦੇ ਹੋਣਗੇ, ਜਿਹੜੇ ਉਨ੍ਹਾਂ ਦੀ ਆਪਣੀ ਮੁਕਤੀ ਦੇ ਸੰਬੰਧ ਵਿੱਚ ਡਰਦੇ ਹੋਣਗੇ ਉਹੋ ਹੋਣਗੇ ਜਿਹੜੇ ਵਿਚਾਰ ਅਧੀਨ ਸਨ। ਉਸ ਨੇ ਕਿਹਾ, "ਨਿਤਾਣਿਆਂ ਨੂੰ ਸਮ੍ਹਾਲੋ।" ਸ਼ਾਇਦ "ਨਿਤਾਣਿਆਂ" ਸ਼ਬਦ ਬਹੁਤ ਹੀ ਮੋਟੇ ਤੌਰ ਤੇ ਵਰਤਿਆ ਗਿਆ ਸੀ। ਕੁਝ ਲੋਕਾਂ ਦਾ ਮੰਨਣਾ ਸੀ ਕਿ ਨਿਤਾਣੇ ਉਹ ਹਨ ਜਿਨ੍ਹਾਂ ਨੇ ਹਾਲੇ ਤੱਕ ਖੁਸ਼ਖ਼ਬਰੀ ਅਤੇ ਨੈਤਿਕਤਾ ਵਿਚਕਾਰ ਸੰਬੰਧ ਨੂੰ ਨਹੀਂ ਵੇਖਿਆ। ਉਨ੍ਹਾਂ ਨੂੰ ਸੰਭਾਲਣ, ਉਨ੍ਹਾਂ ਦੀ ਸਹਾਇਤਾ ਕਰਨ, ਉਨ੍ਹਾਂ ਨੂੰ ਸਿਖਾਉਣ ਅਤੇ ਉਨ੍ਹਾਂ ਨੂੰ ਸਿਆਣਪ ਵਿੱਚ ਲਿਆਉਣ ਦੀ ਲੋੜ ਹੈ।

*ਸਿੱਟਾ।* ਪੌਲੁਸ ਨੇ ਕੀ ਕਿਹਾ ਹੈ? ਉਸ ਦਾ ਸੰਦੇਸ਼ ਕੀ ਸੀ? ਉਸ ਨੇ ਕਿਹਾ, "ਵੇਖੋ"—"ਉਸ ਦਿਨ ਨੂੰ ਨੈਤਿਕਤਾ, ਸ਼ੁੱਧਤਾ ਅਤੇ ਚੌਕਸੀ ਲਈ ਇੱਕ ਪ੍ਰੇਰਣਾ ਵਜੋਂ ਵੇਖੋ।" ਉਸ ਨੇ ਕਿਹਾ, "ਪ੍ਰੇਮ ਕਰੋ"—"ਉਨ੍ਹਾਂ ਨਾਲ ਪ੍ਰੇਮ ਕਰੋ ਜਿਹੜੇ ਤੁਹਾਡੇ ਵਿੱਚ ਮਿਹਨਤ ਕਰਦੇ ਹਨ ਅਤੇ ਉਨ੍ਹਾਂ ਦਾ ਬਹੁਤਾ ਆਦਰ ਕਰੋ।" ਉਸ ਨੇ ਕਿਹਾ, "ਜੀਓ"—"ਅਨੰਦ ਨਾਲ ਜੀਓ।"

ਕੀ ਤੁਸੀਂ ਕੰਮ ਕਰ ਰਹੇ ਹੋ? ਕੀ ਤੁਸੀਂ ਵੇਖ ਰਹੇ ਹੋ? ਕੀ ਤੁਸੀਂ ਅਨੰਦ ਨਾਲ ਜੀ ਰਹੇ ਹੋ? ਉਮੀਦ ਦਾ ਇੱਕ ਵੱਡਾ ਭਾਵ ਸਾਡੀ ਵਿਸ਼ੇਸ਼ਤਾ ਹੋਣਾ ਚਾਹੀਦਾ ਹੈ। ਆਰੰਭਕ ਕਲੀਸੀਆ ਦੀ ਇਹੋ ਭਾਵਨਾ ਸੀ। ਇਹ ਥੱਸਲੁਨੀਕੇ ਦੀ ਕਲੀਸੀਆ ਵਿੱਚ ਵੇਖੀ ਗਈ ਸੀ। ਕੀ ਤੁਸੀਂ ਉਸ ਦਿਨ ਦੇ ਲਈ ਤਿਆਰ ਹੋ? ਮੰਨ ਲਓ ਕਿ ਪ੍ਰਭੂ ਇਸੇ ਪਲ ਲਲਕਾਰੇ ਦੀ ਅਵਾਜ਼ ਨਾਲ ਸੁਰਗ ਤੋਂ ਉੱਤਰ ਆਵੇ। ਕੀ ਤੁਸੀਂ ਤਿਆਰ ਹੋਵੋਗੇ? ਕੀ ਤੁਸੀਂ ਉਸ ਦੀ ਉਡੀਕ ਕਰ ਰਹੇ ਹੋਵੋਗੇ?

AM

---

ਟਿੱਪਣੀਆਂ

[1]ਵੇਖੋ ਲੀਓਨ ਮੌਰਿਸ ਦੀ ਲਿਖੀ ਪੁਸਤਕ *ਦ ਫਸਟ ਐਂਡ ਸੈਕੰਡ ਥੈਸਾਲੋਨੀਅਨਜ਼*, ਦ ਨਿਊ ਇੰਟਰਨੈਸ਼ਨਲ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1959), 149. [2]ਏ. ਟੀ. ਰੌਬਰਟਸਨ, *ਦਿ ਏਪਿਸਲ ਆਫ਼ ਪੌਲ*, ਜਿਲਦ 4, *ਵਰਡ ਪਿਚਰਸ ਇਨ ਦ ਨਿਊ ਟੈਸਟਾਮੈਂਟ* (ਨੈਸ਼ਵਿਲੇ: ਬਰੋਡਮੈਨ ਪ੍ਰੈਸ, 1931), 34. [3]ਵੇਖੋ ਮੌਰਿਸ, 151. [4]ਰੌਬਰਟ ਜੀਵੈੱਟ, *ਦ ਥੈਸਾਲੋਨੀਅਨਜ਼ ਕੌਰਸਪੌਂਡੈਂਸ* (ਫਿਲਾਡੈਲਫੀਆ: ਫੋਰਟਰੈਸ ਪ੍ਰੈਸ, 1966), 96-97. [5]ਆਈ. ਹੋਵਾਰਡ ਮਾਰਸ਼ਲ, *1 ਅਤੇ 2 ਥੱਸਲੁਨੀਕੀਆਂ*, ਨਿਊ ਸੈਂਚੁਰੀ ਬਾਈਬਲ ਕਮੈਂਟਰੀ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1983), 132. [6]ਵਧੇਰੇ ਅਧਿਐਨ ਲਈ, ਜੇ ਸਨੇਡਰ ਦੁਆਰਾ ਲਿਖੀ ਕਿਤਾਬ *ਥੀਓਲੋਜੀਕਲ ਡਿਕਸ਼ਨਰੀ ਆਫ਼ ਦ ਨਿਊ ਟੈਸਟਾਮੈਂਟ* ਵਿੱਚ "ὄλεθρος" ਵੇਖੋ, ਸੋਧ, ਗੇਰਹਾਰਡ ਫਰੈਡਰਿਚ, ਅਨੁਵਾਦ ਅਤੇ ਸੋਧ, ਜੀਓਫਰੀ ਡਬਲਿਯੂ. ਬਰੋਮਿਲੀ (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1967), 5:169. [7]ਡੇਵਿਡ ਜੇ. ਵਿਲੀਅਮਸ, *1 ਅਤੇ 2 ਥੱਸਲੁਨੀਕੀਆਂ*, ਨਿਊ ਇੰਟਰਨੈਸ਼ਨਲ ਬਿਬਲੀਕਲ ਕਮੈਂਟਰੀ: ਨਿਊ ਟੈਸਟਾਮੈਂਟ ਸੀਰੀਜ਼, ਜਿਲਦ 12 (ਪੀਬੌਡੀ, ਮਾਸਾਚੂਸੈਟਸ: ਹੈਂਡਰਿਕਸਨ ਪਬਲਿਸ਼ਰਜ਼, 1992), 87. [8]ਸੀ. ਐਫ. ਹੌਗ ਅਤੇ ਡਬਲਿਯੂ. ਈ. ਵਾਈਨ, *ਦਿ ਏਪਿਸਲ ਆਫ਼ ਪੌਲ ਦਿ ਅਪੋਸਲ ਟੂ ਦ ਥੈਸਾਲੋਨੀਅਨਜ਼* (ਸ਼ਰੇਵੇਪੋਰਟ, ਲਾਸ ਏਂਜਲਸ: ਲਾਮਬਰਟ ਪਬਲਿਸ਼ਿੰਗ ਕੰਪਨੀ, 1977), 157. [9]ਜੇ. ਈ. ਫਰੇਮ, *ਏ ਕਰਿਟੀਕਲ ਐਂਡ ਐਕਸੇਜੈਟੀਕਲ ਕਮੈਂਟਰੀ ਆਨ ਦਿ ਏਪਿਸਲਸ ਆਫ਼ ਸੇਂਟ ਪੌਲ ਟੂ ਦ ਥੈਸਾਲੋਨੀਅਨਜ਼*, ਦਿ ਇੰਟਰਨੈਸ਼ਨਲ ਕਰਿਟੀਕਲ ਕਮੈਂਟਰੀ (ਨਿਊ ਯਾਰਕ: ਚਾਰਲਸ ਸਕਰਿਬਨਰਜ਼ ਸੰਨਜ਼, 1912; ਦੁਬਾਰਾ ਛਪਾਈ, ਐਡਿਨਬਰਗ: ਟੀ. ਐਂਡ ਟੀ. ਕਲਾਰਕ, 1988), 184. [10]ਮੌਰਿਸ, 156.

[11]"ਜਾਗਦੇ ਰਹੀਏ ਅਤੇ ਸੁਚੇਤ ਰਹੀਏ" ਸੰਬੰਧੀ, "ਰੌਬਰਟਸਨ ਨੇ ਕਿਹਾ ਹੈ, *"ਆਓ ਅਸੀਂ ਚੌਕਸ ਰਹੀਏ* (*ਗਰੀਗੋਰੋਮੈਨ*)। ਵਰਤਮਾਨ ਕਰਮ ਕਲਪਨਾਵਾਚਕ ਵਿਸ਼ੇਸ਼ ਕਿਰਿਆ ਰੂਪ। ਫੇਰ (ਇੱਛਾ ਸੰਬੰਧੀ), ਆਓ ਅਸੀਂ ਜਾਗਦੇ ਰਹੀਏ (ਪੂਰਨ ਕਾਲ *ਇਗਰੀਗੋਰਾ* ਤੋਂ ਪੁਰਾਣੇ ਜ਼ਮਾਨੇ ਦੀ ਕਿਰਿਆ *ਗਰੀਗੋਰੀਓ* ਹੈ।) *ਸੁਚੇਤ ਰਹੀਏ*

(*ਨੈਫੋਮੈਨ*)। ਵਰਤਮਾਨ ਕਰਮ ਕਲਪਨਾਵਾਚਕ ਵਿਸ਼ੇਸ਼ ਕਿਰਿਆ ਰੂਪ (ਇੱਛਾ ਸੰਬੰਧੀ।) ਪੁਰਾਣੀ ਕਿਰਿਆ ਸ਼ਰਾਬ ਨਾ ਪੀਈਏ। ਪੁਰਾਣੇ ਨੇਮ ਵਿੱਚ ਸ਼ਾਂਤ ਹੋਣਾ, ਸੁਚੇਤ ਮਨ ਹੋਣਾ ਸਿਰਫ ਅਲੰਕਾਰ ਭਾਵ ਹੈ। ਆਇਤ 8 ਵਿੱਚ ਵੀ ਤੁਲਨਾ ਵਿੱਚ ਮਤਵਾਲੇ ਦੇ ਅਲੰਕਾਰ ਨਾਲ" (ਰੌਬਰਟਸਨ, 35)। ਵਾਲਟਰ ਬਾਉਰ ਦੀ ਕਿਤਾਬ *ਏ ਗਰੀਕ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ ਐਂਡ ਅਦਰ ਅਰਲੀ ਕ੍ਰਿਸਚਨ ਲਿਟਰੇਚਰ*, ਤੀਜਾ ਸੋਧ, ਸੋਧ ਅਤੇ ਸੰਪਾਦ-ਫਰੈਡਰਿਕ ਵਿਲੀਅਮ ਡੈਂਕਰ (ਸ਼ਿਕਾਗੋ: ਯੂਨੀਵਰਸਿਟੀ ਆਫ਼ ਸ਼ਿਕਾਗੋ ਪ੍ਰੈਸ, 2000), ਸਫ਼ਾ 672 ਵੀ ਵੇਖੋ। [12]ਰੌਬਰਟਸਨ, 35. [13]ਐਫ. ਐਫ. ਬਰੂਸ, *1 ਅਤੇ 2 ਥੱਸਲੁਨੀਕੀਆਂ*, ਵਰਡ ਬਿਬਲੀਕਲ ਕਮੈਂਟਰੀ, ਜਿਲਦ 45 (ਵਾਕੋ, ਟੈਕਸਾਸ: ਵਰਡ ਬੁਕਸ, 1982), 112. [14]ਰੇਮੰਡ ਸੀ. ਕੈਲਸੀ ਦੀ ਲਿਖੀ ਕਿਤਾਬ *ਦ ਲੈਟਰਸ ਆਫ਼ ਪੌਲ ਟੂ ਦ ਥੈਸਾਲੋਨੀਅਨਜ਼*, ਦ ਲਿਵਿੰਗ ਵਰਡ ਕਮੈਂਟਰੀ, ਜਿਲਦ 13 (ਔਸਟਿਨ, ਟੈਕਸਾਸ: ਆਰ. ਬੀ. ਸਵੀਟ ਕੰਪਨੀ, 1968), ਦਾ ਸਫ਼ਾ ਨੰਬਰ 112 ਵੇਖੋ। [15]ਬਰੂਸ, 113-14. [16]ਮੌਰਿਸ, 163. ਜੇਮਸ ਹੋਪ ਮੋਲਟਨ ਅਤੇ ਜੌਰਜ ਮਿਲੀਗਨ ਨੇ ਆਪਣੀ ਕਿਤਾਬ *ਦ ਵੋਕੈਬਲਰੀ ਆਫ਼ ਦ ਗਰੀਕ ਟੈਸਟਾਮੈਂਟ: ਇਲਸਟਰੇਟਡ ਫਰਾਮ ਦ ਪੈਪਰੀ ਐਂਡ ਅਦਰ ਨਾੱਨ-ਲਿਟਰੇਰੀ ਸੋਰਸਸ* (ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1952), ਦੇ ਸਫ਼ਾ ਨੰਬਰ 441 ਤੇ ਇਸ ਵਰਤੋਂ ਦੀ ਪੁਸ਼ਟੀ ਕੀਤੀ ਹੈ। [17]ਬਾਉਰ, 870. [18]ਮੌਰਿਸ, 165. [19]ਕੈਲਸੀ, 114. [20]ਜੇ. ਡਬਲਿਯੂ. ਮੈਕਗਾਰਵੇ ਅਤੇ ਫਿਲਿੱਪ ਵਾਏ. ਪੇਂਡਲੀਟਨ, *ਥੱਸਲੁਨੀਕੀਆਂ, ਕੁਰਿੰਥੀਆਂ, ਗਲਾਤੀਆਂ ਅਤੇ ਰੋਮੀਆਂ*, ਦ ਸਟੈਂਡਰਡ ਬਾਈਬਲ ਕਮੈਂਟਰੀ (ਸਿਨਸਿਨਾਟੀ, ਓਹਾਇਓ: ਸਟੈਂਡਰਡ ਪਬਲਿਸ਼ਿੰਗ ਫਾਉਂਡੇਸ਼ਨ, 1916), 24; ਅਤੇ ਰੌਬਰਟਸਨ, 36.

[21]ਮੌਰਿਸ, 167. [22]ਵਿਲੀਅਮਸ, 95. [23]ਬਾਉਰ, 679. [24]ਜੌਰਜ ਮਿਲੀਗਨ, *ਸੇਂਟ ਪੌਲਜ ਏਪਿਸਲਸ ਟੂ ਦ ਥੈਸਾਲੋਨੀਅਨਸ* (ਲੰਡਨ: ਮੈਕਮਿਲਨ ਐਂਡ ਕੰਪਨੀ, 1908; ਦੁਬਾਰਾ ਛਪਾਈ, ਗਰੈਂਡ ਰੈਪਿਡਸ, ਮਿਸ਼ੀਗਨ: ਵਿਲੀਅਮ ਬੀ. ਈਅਰਡਮੰਸ ਪਬਲਿਸ਼ਿੰਗ ਕੰਪਨੀ, 1952), 152. [25]ਮਾਰਸ਼ਲ, 151. [26]ਬਾਉਰ, 87. [27]ਫਰੇਮ, 200. [28]ਮੌਰਿਸ, 173. [29]ਉਸੇ ਸਥਾਨ ਤੇ, 174. [30]ਰੌਬਰਟਸਨ, 37.

[31]ਬਰੂਸ, 125. [32]ਮੌਰਿਸ, 177. [33]ਬਰੂਸ, 125. [34]ਮੌਰਿਸ, 177. [35]ਹੈਨਰੀ ਐਲਫੋਰਡ, *ਦ ਗਰੀਕ ਟੈਸਟਾਮੈਂਟ*, ਸੋਧ ਐਵਰੈਟ ਐਫ. ਹੈਰੀਸਨ (ਸ਼ਿਕਾਗੋ: ਮੂਡੀ ਪ੍ਰੈਸ, 1958), 3:281. [36]ਰੌਬਰਟਸਨ, 38. [37]ਬਾਉਰ, 9-10. [38]ਮੌਰਿਸ, 181. [39]ਵੇਖੋ 1 ਕੁਰਿੰਥੀਆਂ 1:8, 9; 10:13; 2 ਥੱਸਲੁਨੀਕੀਆਂ 3:3; ਇਬਰਾਨੀਆਂ 10:23; 1 ਯੂਹੰਨਾ 1:9. [40]ਰੌਬਰਟਸਨ, 39.

[41]ਮੌਰਿਸ, 183. [42]ਵਿਲੀਅਮ ਬਾਰਕਲੇਅ, *ਦ ਲੈਟਰ ਟੂ ਦ ਫ਼ਿਲਿੱਪੀਅਨਜ਼, ਕੋਲੋਸੀਅਨਜ਼, ਐਂਡ ਥੈਸਾਲੋਨੀਅਨਜ਼*, ਦ ਡੇਲੀ ਸਟੱਡੀ ਬਾਈਬਲ ਸੀਰੀਜ਼ (ਫਿਲਾਡੈਲਫੀਆ: ਵੈਸਟਮਿੰਸਟਰ ਪ੍ਰੈਸ, 1975), 208. [43]ਰੌਬਰਟਸਨ, 39. [44]ਮੌਰਿਸ, 184. [45]ਰੌਬਰਟਸਨ, 39. [46]ਵਿਲੀਅਮਸ, 105. [47]ਮੌਰਿਸ ਦੀ ਕਿਤਾਬ ਵਿੱਚ ਹਵਾਲਾ ਦਿੱਤਾ ਗਿਆ ਹੈ, 187. [48]ਐਲਬਰਟ ਬੇਲੀ, "ਵਾੱਚ ਐਂਡ ਪਰੇਅ," *ਸੌਂਗਸ ਆਫ਼ ਦ ਚਰਚ*, ਰਚਨਾ ਅਤੇ ਸੋਧ ਐਲਟਨ ਐਚ. ਹੋਵਾਰਡ (ਵੈਸਟ ਮੋਨਰੇ, ਲਾਸ ਏਂਜਲਸ: ਹੋਵਾਰਡ ਪਬਲਿਸ਼ਿੰਗ ਕੰਪਨੀ, 1977)। [49]ਜੀਵੈਟ, 96-97. [50]ਐਡਮ ਕਲਾਰਕ, *ਦ ਹੋਲੀ ਬਾਈਬਲ ਵਿਦ ਏ ਕਮੈਂਟਰੀ ਐਂਡ ਕਰਿਟੀਕਲ ਨੋਟਸ*, ਜਿਲਦ 4, *ਆਈਜ਼ਾਹ ਟੂ ਮਲਾਕੀ* [ਨਿਊ ਯਾਰਕ: ਅਬਿੰਗਡਨ-ਕੋਕਸਬਰੀ ਪ੍ਰੈਸ, ਮਿਤੀ ਉਪਲਬਧ ਨਹੀਂ ਹੈ], 79.

[51]ਚਾਰਲਸ ਵੈਸਲੀ, "ਸੋਲਜ਼ਰਸ ਆਫ਼ ਕ੍ਰਾਈਸਟ, ਅਰਾਈਜ਼," *ਸੌਂਗਸ ਆਫ਼ ਫੇਥ ਐਂਡ ਪਰੇਸ*, ਰਚਨਾ ਅਤੇ ਸੋਧ ਐਲਟਨ ਐਚ. ਹੋਵਾਰਡ (ਵੈਸਟ ਮੋਨਰੇ, ਲਾਸ ਏਂਜਲਸ: ਹੋਵਾਰਡ ਪਬਲਿਸ਼ਿੰਗ ਕੰਪਨੀ, 1994)। [52]"ਵੇਅਰ ਇਜ ਲਾਈਫ਼?," *ਆਊਟ ਆਫ਼ ਮਾਈ ਟਰੈਜ਼ਰ* ਵਿੱਚ, ਸੋਧ ਵਿਲੀ ਡਬਲਿਯੂ. ਵਾਈਟ (ਜੋਪਲਿਨ, ਮਿਸੂਰੀ: ਕਾਲਜ ਪ੍ਰੈਸ, 1964), 1:13. [53]ਬਾਉਰ, 870. [54]ਏਬਰਾਹਾਮ ਮਲਹਰਬੇ, *ਪੌਲ ਐਂਡ ਦ ਥੈਸਾਲੋਨੀਅਨਜ਼* (ਫਿਲਾਡੈਲਫੀਆਸ: ਫੋਰਟਰੈਸ ਪ੍ਰੈਸ, 1987), 91. [55]ਮੈਕਗਾਰਵੇ ਅਤੇ ਪੇਂਡਲੀਟਨ, 26. [56]ਕੈਲਸੀ, 121. [57]ਡੇਵਿਡ ਲਿਪਸਕੌਂਬ, *ਏ ਕਮੈਂਟਰੀ ਆਨ ਦ ਨਿਊ ਟੈਸਟਾਮੈਂਟ ਏਪਿਸਲਸ: I, II ਥੈਸਾਲੋਨੀਅਨਜ਼, I, II ਤਿਮੋਥੀ, ਟਾਈਟਸ ਐਂਡ ਫਿਲੇਮੋਨ*, ਜੇ. ਡਬਲਿਯੂ. ਸ਼ੈਫਰਡ ਦੁਆਰਾ ਵਾਧੂ ਨੋਟਸ ਨਾਲ ਸੰਪਾਦਤ ਕੀਤਾ ਗਿਆ, ਨਿਊ ਟੈਸਟਾਮੈਂਟ ਸੀਰੀਜ਼, ਜਿਲਦ 5 (ਨੈਸ਼ਵਿਲੇ: ਗਾਸਪਲ ਐਡਵੋਕੇਟ ਕੰਪਨੀ, 1958), 75. [58]ਡਬਲਿਯੂ. ਈ. ਵਾਈਨ, *ਵਾਈਨਜ਼ ਇਕਸਪੋਜ਼ਿਟਰੀ ਡਿਕਸ਼ਨਰੀ ਆਫ਼ ਓਲਡ ਐਂਡ ਨਿਊ ਟੈਸਟਾਮੈਂਟ ਵਰਡਸ* (ਓਲਡ ਟੱਪਨ, ਨਿਊ ਜਰਸੀ: ਫਲੇਮਿੰਗ ਐਚ. ਰੀਵੈਲ ਕੰਪਨੀ, 1981), 296. [59]ਸੀ. ਜੀ. ਵਿਲਕੀ ਐਂਡ ਵਿਲੀਬਾਲਡ ਗਰਿਮ, *ਏ ਗਰੀਕ-ਇੰਗਲਿਸ਼ ਲੈਕਸੀਕਨ ਆਫ਼ ਦ ਨਿਊ ਟੈਸਟਾਮੈਂਟ*, ਅਨੁਵਾਦ ਅਤੇ ਸੋਧ ਜੋਜ਼ਫ ਐਚ. ਥੇਅਰ (ਐਡਿਨਬਰਗ: ਟੀ. ਐਂਡ ਟੀ. ਕਲਾਰਕ, 1901; ਦੁਬਾਰਾ ਛਪਾਈ, ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ ਬੁਕ

ਹਾਊਸ, 1977), 6. [60]ਉਸੇ ਸਥਾਨ ਤੇ, 1079.

[61]ਐਲੀਜਾਹ ਐਮ. ਹਿਕੋਕ, *12,000 ਰਿਲੀਜੀਅਸ ਕੋਟੇਸ਼ਨਜ਼*, ਸੋਧ ਫਰੈਂਕ ਮੀਡ (ਗਰੈਂਡ ਰੈਪਿਡਸ, ਮਿਸ਼ੀਗਨ: ਬੇਕਰ, 1989), 341. [62]ਰੌਬਰਟਸਨ, 39.